




A Voice of NRI's

ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.

Chief Editor: **Gurjatinder Singh Randhawa**

Punjab Mail USA








Vol. 17, Issue- 736, 09 to 15 Feb. 2023, Ph: 916-320-9444, E-mail: punjabmailusa@yahoo.com, Web: punjabmailusa.com


# ਤੁਰਕੀ ਤੇ ਸੀਰੀਆ 'ਚ ਆਏ ਵਿਨਾਸ਼ਕਾਰੀ ਭੂਚਾਲ ਕਾਰਨ ਮੌਤਾਂ ਦੀ ਗਿਣਤੀ 10 ਹਜ਼ਾਰ ਤੋਂ ਪਾਰ

## ■ ਤਿੰਨ ਮਹੀਨੇ ਲਈ ਐਮਰਜੈਂਸੀ ਦਾ ਐਲਾਨ
## ■ 7.8 ਤੀਬਰਤਾ ਭੂਚਾਲ ਦੇ ਕਈ ਝਟਕੇ ਲੱਗੇ

**ਅਦਨ (ਤੁਰਕੀ), (ਪੰਜਾਬ ਮੇਲ)-** ਤੁਰਕੀ ਅਤੇ ਸੀਰੀਆ ਵਿਚ ਸੋਮਵਾਰ ਆਏ 7.8 ਦੀ ਤੀਬਰਤਾ ਵਾਲੇ ਭੂਚਾਲ ਵਿੱਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 10 ਹਜ਼ਾਰ ਦੇ ਕਰੀਬ ਪਹੁੰਚ ਗਈ ਹੈ, ਜਦੋਂਕਿ 34,810 ਹੋਰ ਜ਼ਖ਼ਮੀ ਹੋਏ ਹਨ। ਢਹਿ-ਢੇਰੀ ਹੋਈਆਂ ਇਮਾਰਤਾਂ ਵਿਚੋਂ ਲਾਸ਼ਾਂ ਨੂੰ ਕੱਢਣ ਦਾ ਸਿਲਸਿਲਾ ਅਜੇ ਵੀ ਜਾਰੀ ਹੈ। ਤੁਰਕੀ ਦੇ ਉਪ ਰਾਸ਼ਟਰਪਤੀ ਫੁਆਤ ਓਕਤੇ ਨੇ ਕਿਹਾ ਕਿ ਇਸ ਵੇਲੇ ਕੁੱਲ 16,139 ਟੀਮਾਂ ਖੋਜ ਅਤੇ ਬਚਾਅ ਕਾਰਜ 'ਚ ਲੱਗੀਆਂ ਹੋਈਆਂ ਹਨ ਅਤੇ ਆਉਣ ਵਾਲੇ ਦਿਨਾਂ ਵਿਚ ਵਾਧੂ ਅੰਤਰਰਾਸ਼ਟਰੀ ਟੀਮਾਂ ਤਾਇਨਾਤ ਕੀਤੀਆਂ ਜਾਣਗੀਆਂ। ਸੋਮਵਾਰ ਨੂੰ ਸ਼ੁਰੂਆਤੀ ਭੂਚਾਲ ਤੋਂ ਬਾਅਦ ਇਸ ਖੇਤਰ ਵਿਚ 100 ਤੋਂ ਵੱਧ ਝਟਕੇ ਆ ਚੁੱਕੇ ਹਨ। 60 ਤੋਂ ਵੱਧ ਦੇਸ਼ਾਂ ਨੇ ਸਹਾਇਤਾ ਦਾ ਵਾਅਦਾ ਕੀਤਾ ਹੈ ਅਤੇ ਪ੍ਰਭਾਵਿਤ ਖੇਤਰਾਂ ਵਿਚ ਮਾਨਵਤਾਵਾਦੀ ਸਹਾਇਤਾ ਭੇਜੀ ਹੈ। ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਨੇ ਮੰਗਲਵਾਰ ਨੂੰ ਦੇਸ਼ ਦੇ 10 ਸਭ ਤੋਂ ਪ੍ਰਭਾਵਿਤ ਸੂਬਿਆਂ ਵਿਚ 3 ਮਹੀਨਿਆਂ ਲਈ ਐਮਰਜੈਂਸੀ ਦਾ ਐਲਾਨ ਕੀਤਾ ਹੈ।



ਤੁਰਕੀ ਦੇ ਅਦਾਨਾ ਸ਼ਹਿਰ 'ਚ ਭੂਚਾਲ ਕਾਰਨ ਢਹਿ-ਢੇਰੀ ਹੋਈਆਂ ਇਮਾਰਤਾਂ ਦੇ ਮਲਬੇ ਹੇਠਾਂ ਦੱਬੇ ਲੋਕਾਂ ਦੀ ਭਾਲ ਕਰਦੇ ਹੋਏ ਬਚਾਅ ਕਰਮੀ ਤੇ ਆਮ ਲੋਕ।

■ ਬਾਕੀ ਖਬਰ ਸਫਾ 4 'ਤੇ





# ਅਮਰੀਕੀ ਟੂਰਿਸਟ ਵੀਜ਼ਾ ਲੈਣ ਵਾਲਿਆਂ ਲਈ ਆਈ ਨਵੀਂ ਖੁਸ਼ਖਬਰੀ




**■ ਭਾਰਤੀਆਂ ਨੂੰ ਅਮਰੀਕਾ ਲਈ ਟੂਰਿਸਟ ਵੀਜ਼ਾ ਲੈਣ 'ਚ ਹੋਵੇਗੀ ਸੌਖ**

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤ ਤੋਂ ਟੂਰਿਸਟ ਵੀਜ਼ੇ 'ਤੇ ਅਮਰੀਕਾ ਜਾਣ ਵਾਲਿਆਂ ਲਈ ਅਮਰੀਕੀ ਦੂਤਘਰ ਨੇ ਇਕ ਨਵਾਂ ਸੰਦੇਸ਼ ਦਿੱਤਾ ਹੈ। ਕੋਵਿਡ ਕਾਰਨ ਪਿਛਲੇ ਕੁੱਝ ਸਮੇਂ ਤੋਂ ਭਾਰਤੀਆਂ ਨੂੰ ਅਮਰੀਕਾ ਦਾ ਟੂਰਿਸਟ ਵੀਜ਼ਾ ਲੈਣ ਲਈ ਲੰਮੀ ਉਡੀਕ ਕਰਨੀ ਪੈ ਰਹੀ ਹੈ।

ਭਾਰਤ ਤੋਂ ਅਮਰੀਕਾ ਜਾਣ ਦੇ ਚਾਹਵਾਨਾਂ ਲਈ ਅਮਰੀਕੀ ਦੂਤਘਰ ਨੇ ਹੁਣ ਇਕ ਖੁਸ਼ਖਬਰੀ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਭਾਰਤੀ ਵੀਜ਼ਾ ਬਿਨੈਕਾਰ ਬਾਹਰਲੇ ਮੁਲਕਾਂ ਵਿਚ ਜਾ ਕੇ, ਉਥੋਂ ਅਮਰੀਕਾ ਦਾ ਵੀਜ਼ਾ ਅਪਲਾਈ ਕਰ ਸਕਦੇ ਹਨ। ਇਕ ਅਧਿਕਾਰੀ ਨੇ ਉਦਾਹਰਣ ਦਿੰਦੇ ਹੋਏ ਦੱਸਿਆ ਕਿ ਥਾਈਲੈਂਡ ਤੋਂ ਅਮਰੀਕਾ ਲਈ ਬੀ1-ਬੀ2 ਵੀਜ਼ਾ ਦੀ ਅਪੁਆਇੰਟਮੈਂਟ ਲਈ ਸਮਾਂ ਹੱਦ ਬਹੁਤ ਘੱਟ ਹੈ। ਉਨ੍ਹਾਂ ਕਿਹਾ ਕਿ ਹੁਣ ਭਾਰਤੀ ਉਨ੍ਹਾਂ ਦੇਸ਼ਾਂ ਤੋਂ ਵੀ ਅਮਰੀਕਾ ਦਾ ਵੀਜ਼ਾ ਲੈ ਸਕਦੇ ਹਨ, ਜਿੱਥੇ ਉਡੀਕ ਸਮਾਂ ਘੱਟ ਹੈ। ਸਿੰਗਾਪੁਰ, ਥਾਈਲੈਂਡ, ਵੀਅਤਨਾਮ ਆਦਿ ਮੁਲਕਾਂ ਤੋਂ ਭਾਰਤੀਆਂ ਨੂੰ ਅਮਰੀਕਾ ਲਈ ਟੂਰਿਸਟ ਵੀਜ਼ਾ ਲੈਣ 'ਚ ਹੁਣ ਸੌਖ ਹੋ ਸਕਦੀ ਹੈ।

ਜ਼ਿਕਰਯੋਗ ਹੈ ਕਿ ਭਾਰਤ ਤੋਂ ਅਮਰੀਕਾ ਦਾ ਵੀਜ਼ਾ ਅਪੁਆਇੰਟਮੈਂਟ ਲੈਣ ਲਈ ਤਕਰੀਬਨ 600 ਦਿਨਾਂ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਇਸ ਨਵੀਂ ਵਿਧੀ ਨਾਲ ਭਾਰਤ ਵਿਚ ਅਮਰੀਕੀ ਅੰਬੈਸੀਆਂ 'ਤੇ ਭਾਰ ਘਟੇਗਾ। ਵੀਜ਼ਾ ਮਿਲਣ 'ਚ ਦੇਰੀ ਨੂੰ ਘੱਟ ਕਰਨ ਲਈ ਅਮਰੀਕਾ ਨੇ ਹਾਲ ਹੀ ਵਿਚ ਵਿਸ਼ੇਸ਼ ਇੰਟਰਵਿਊਜ਼ ਕਰਵਾਉਣੀਆਂ ਸ਼ੁਰੂ ਕੀਤੀਆਂ ਹਨ। ਇਸ ਦੇ ਲਈ ਦਿੱਲੀ ਸਥਿਤ ਅਮਰੀਕੀ ਦੂਤਘਰ ਤੋਂ ਇਲਾਵਾ ਮੁੰਬਈ, ਚੇਨੱਈ, ਕੋਲਕਾਤਾ ਅਤੇ ਹੈਦਰਾਬਾਦ ਵਿਚ ਕੌਂਸਲਰ ਸਟਾਫ ਵਧਾ ਦਿੱਤਾ ਗਿਆ ਹੈ। ਕਈ ਥਾਂਵਾਂ 'ਤੇ ਸ਼ਨੀਵਾਰ ਨੂੰ ਵੀ ਕੰਮ ਹੋਣਾ ਸ਼ੁਰੂ ਹੋ ਗਿਆ ਹੈ ਅਤੇ ਰੋਜ਼ਾਨਾ ਕੰਮ ਦੇ ਘੰਟੇ ਵੀ ਵਧਾ ਦਿੱਤੇ ਗਏ ਹਨ।

# ਬਾਇਡਨ ਵੱਲੋਂ ਦੂਜੇ ਕਾਰਜਕਾਲ ਲਈ ਚੋਣਾਂ ਲੜਨ ਦਾ ਸੰਕੇਤ

**■ ਬਾਇਡਨ ਨੇ 'ਡੈਮੋਕ੍ਰੇਟਿਕ ਨੈਸ਼ਨਲ ਕਮੇਟੀ' ਨੂੰ ਦਾਅਵਾ ਕੀਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਇੱਕ ਮਜ਼ਬੂਤ ਆਰਥਿਕਤਾ ਬਣਾਉਣ ਵਿਚ ਮਦਦ ਕੀਤੀ ਹੈ**



**ਫਿਲਾਡੇਲਫੀਆ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਡੈਮੋਕ੍ਰੇਟਿਕ ਪਾਰਟੀ ਦੀ ਮੀਟਿੰਗ ਦੌਰਾਨ ਦੂਜੇ ਕਾਰਜਕਾਲ ਲਈ ਉਮੀਦਵਾਰੀ ਪੇਸ਼ ਕਰਨ ਦਾ ਸੰਕੇਤ ਦਿੱਤਾ। ਹਾਲਾਂਕਿ ਇਸ ਸਬੰਧ 'ਚ ਅਜੇ ਤੱਕ ਕੋਈ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ ਹੈ। ਬਾਇਡਨ ਨੇ 'ਡੈਮੋਕ੍ਰੇਟਿਕ ਨੈਸ਼ਨਲ ਕਮੇਟੀ' ਨੂੰ ਦਾਅਵਾ ਕੀਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਇੱਕ ਮਜ਼ਬੂਤ ਆਰਥਿਕਤਾ ਬਣਾਉਣ ਵਿਚ ਮਦਦ ਕੀਤੀ ਹੈ।

ਬਾਇਡਨ ਵੱਲੋਂ ਚੋਣ ਲੜਨ ਦਾ ਸੰਕੇਤ ਦੇਣਾ ਖਾਸ ਤੌਰ 'ਤੇ ਅਜਿਹੇ ਸਮੇਂ ਵਿਚ ਮਹੱਤਵਪੂਰਨ ਹੈ, ਜਦੋਂ ਉਨ੍ਹਾਂ 'ਤੇ ਗੁਪਤ ਦਸਤਾਵੇਜ਼ਾਂ ਨਾਲ ਸਬੰਧਤ ਜਾਂਚ ਨੂੰ ਲੈ ਕੇ ਦਬਾਅ ਵਧ ਰਿਹਾ ਹੈ।

# ਸਾਬਕਾ ਪਾਕਿ ਰਾਸ਼ਟਰਪਤੀ ਮੁਸ਼ੱਰਫ਼ ਕਰਾਚੀ 'ਚ ਸਪੁਰਦ-ਏ-ਖ਼ਾਕ



**ਕਰਾਚੀ, (ਪੰਜਾਬ ਮੇਲ)-** ਪਾਕਿਸਤਾਨ ਦੇ ਸਾਬਕਾ ਫ਼ੌਜੀ ਸ਼ਾਸਕ ਜਨਰਲ ਪਰਵੇਜ਼ ਮੁਸ਼ੱਰਫ਼ ਦੀਆਂ ਆਖ਼ਰੀ ਰਸਮਾਂ ਕਰਾਚੀ ਵਿਚ ਕੀਤੀਆਂ ਗਈਆਂ। ਸਾਬਕਾ ਰਾਸ਼ਟਰਪਤੀ ਦੀ ਦੇਹ ਨੂੰ ਯੂ.ਏ.ਈ. ਵੱਲੋਂ ਮੁਹੱਈਆ ਕਰਵਾਏ ਗਏ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਇੱਥੇ ਲਿਆਂਦਾ ਗਿਆ। ਮੁਸ਼ੱਰਫ਼ ਦੀ ਪਤਨੀ ਸਬਾ, ਪੁੱਤਰ ਬਿਲਾਲ ਤੇ ਹੋਰ ਕਰੀਬੀ ਰਿਸ਼ਤੇਦਾਰ ਮ੍ਰਿਤਕ ਦੇਹ ਦੇ ਨਾਲ ਦੁਬਈ ਤੋਂ ਕਰਾਚੀ ਆਏ। ਦੇਹ ਨੂੰ ਬਾਅਦ ਦੁਪਹਿਰ ਮਲੀਰ ਕੈਂਟ ਦੀ ਗੁਲਮੋਹਰ ਪੋਲੋ ਗਰਾਊਂਡ ਵਿਚ ਰੱਖਿਆ ਗਿਆ, ਜਿੱਥੇ ਦੁਆ ਕੀਤੀ ਗਈ। ਸਾਬਕਾ ਫ਼ੌਜ ਮੁਖੀ ਤੇ ਰਾਸ਼ਟਰਪਤੀ ਦੀ ਦੇਹ ਨੂੰ ਫ਼ੌਜੀ ਕਬਰਿਸਤਾਨ 'ਚ ਦਫ਼ਨਾਇਆ ਗਿਆ। ਇਸ ਮੌਕੇ ਕਈ ਵਰਤਮਾਨ ਤੇ ਸੇਵਾਮੁਕਤ ਫ਼ੌਜੀ ਅਧਿਕਾਰੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਜਰਨਲ ਮੁਸ਼ੱਰਫ਼ ਦੀ ਐਤਵਾਰ ਨੂੰ ਦੁਬਈ 'ਚ ਲੰਮੀ ਬੀਮਾਰੀ ਮਗਰੋਂ ਮੌਤ ਹੋ ਗਈ ਸੀ। ਸਵੈ-ਜਲਾਵਤਨ ਹੋਣ ਤੋਂ ਬਾਅਦ ਮੁਸ਼ੱਰਫ਼ ਕਈ ਸਾਲਾਂ ਤੋਂ ਦੁਬਈ ਵਿਚ ਹੀ ਰਹਿ ਰਹੇ ਸਨ।

## ਦਿੱਲੀ 'ਚ ਜਨਮੇ ਮੁਸ਼ੱਰਫ਼, ਵੰਡ ਮਗਰੋਂ ਪਰਿਵਾਰ ਨਾਲ ਗਏ ਸਨ ਪਾਕਿਸਤਾਨ

ਜਰਨਲ ਪਰਵੇਜ਼ ਮੁਸ਼ੱਰਫ਼ ਦਾ ਜਨਮ ਸੰਨ 1943 'ਚ ਦਿੱਲੀ ਵਿਚ ਉਰਦੂ ਭਾਸ਼ਾਈ ਮੁਹਾਜਿਰ ਮਾਪਿਆਂ ਦੇ ਘਰ ਹੋਇਆ ਸੀ। 1947 ਵਿਚ ਵੰਡ ਤੋਂ ਬਾਅਦ ਉਹ ਪਰਿਵਾਰ ਨਾਲ ਪਾਕਿਸਤਾਨ ਆ ਗਏ। ਮੁਸ਼ੱਰਫ਼ ਦੇ ਪਿਤਾ ਤੁਰਕੀ ਦੀ ਰਾਜਧਾਨੀ ਅੰਕਾਰਾ ਵਿਚ ਵੀ ਕੰਮ ਕਰਦੇ ਰਹੇ। 'ਚਾਰ ਸਿਤਾਰਾ' ਜਰਨੈਲ ਨੇ ਪਾਕਿਸਤਾਨ ਦੇ 'ਚੀਫ਼ ਐਗਜ਼ੈਕਟਿਵ' ਵਜੋਂ ਮੁਲਕ 'ਤੇ ਰਾਜ ਕੀਤਾ। ਇਸ ਤੋਂ ਬਾਅਦ 9/11 ਦੇ ਹਮਲਿਆਂ ਮਗਰੋਂ ਉਨ੍ਹਾਂ ਅਮਰੀਕਾ ਨਾਲ ਵੀ ਗੱਠਜੋੜ ਕੀਤਾ। ਅਮਰੀਕਾ ਵੱਲੋਂ ਤਾਲਿਬਾਨ ਦੇ ਸ਼ਾਸਨ ਵਾਲੇ ਅਫ਼ਗਾਨਿਸਤਾਨ 'ਤੇ ਕੀਤੇ ਹਮਲੇ ਵਿਚ ਉਨ੍ਹਾਂ ਪਾਕਿਸਤਾਨ ਵੱਲੋਂ ਸਹਿਯੋਗ ਕੀਤਾ। ਜ਼ਿਕਰਯੋਗ ਹੈ ਕਿ ਮੁਸ਼ੱਰਫ਼ 1964 ਵਿਚ ਫ਼ੌਜੀ ਅਫ਼ਸਰ ਬਣੇ ਸਨ। ਸੰਨ 2001, 2005 ਤੇ 2009 ਵਿਚ ਭਾਰਤ ਦੇ ਦੌਰੇ 'ਤੇ ਵੀ ਆਏ।

# ਯੂ.ਐੱਸ.ਸੀ.ਆਈ.ਐੱਸ. ਨੇ ਗ੍ਰੀਨ ਕਾਰਡ ਦੀ ਵੈਧਤਾ 48 ਮਹੀਨਿਆਂ ਲਈ ਵਧਾਈ

**ਵਾਸ਼ਿੰਗਟਨ, (ਪੰਜਾਬ ਮੇਲ)-** ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਹਾਲ ਹੀ ਵਿਚ ਐਲਾਨ ਕੀਤਾ ਹੈ ਕਿ ਉਸਨੇ ਗ੍ਰੀਨ ਕਾਰਡਾਂ ਦੀ ਵੈਧਤਾ ਨੂੰ ਕਾਰਡ ਦੀ ਮਿਆਦ ਪੁੱਗਣ ਦੀ ਮਿਤੀ ਤੋਂ ਬਾਅਦ 48 ਮਹੀਨਿਆਂ ਲਈ ਵਧਾ ਦਿੱਤਾ ਹੈ। ਸ਼ਰਤੀਆ ਸਥਾਈ ਨਿਵਾਸੀਆਂ ਨੂੰ ਆਮ ਤੌਰ 'ਤੇ ਇੱਕ ਗ੍ਰੀਨ ਕਾਰਡ ਮਿਲਦਾ ਹੈ, ਜੋ ਦੋ ਸਾਲਾਂ ਲਈ ਵੈਧ ਹੁੰਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਕਾਰਡ ਦੀ ਮਿਆਦ ਪੁੱਗਣ ਤੋਂ ਪਹਿਲਾਂ ਉਨ੍ਹਾਂ ਦੀ ਸਥਿਤੀ ਦੀਆਂ ਸ਼ਰਤਾਂ ਨੂੰ ਹਟਾਉਣ ਲਈ ਇੱਕ ਪਟੀਸ਼ਨ ਦਾਇਰ ਕਰਨੀ ਚਾਹੀਦੀ ਹੈ।



ਯੂ.ਐੱਸ.ਸੀ.ਆਈ.ਐੱਸ. ਨੂੰ ਫਾਰਮ ਆਈ-751 ਅਤੇ ਫਾਰਮ ਆਈ-829 ਦੀ ਪ੍ਰਕਿਰਿਆ ਕਰਨ ਵਿਚ ਆਮ ਨਾਲੋਂ ਜ਼ਿਆਦਾ ਸਮਾਂ ਲੱਗ ਰਿਹਾ ਹੈ। ਨਤੀਜੇ ਵਜੋਂ, ਯੂ.ਐੱਸ.ਸੀ.ਆਈ.ਐੱਸ. ਨੇ ਇਨ੍ਹਾਂ ਸ਼ਰਤੀਆ ਗ੍ਰੀਨ ਕਾਰਡਾਂ ਦੀ ਵੈਧਤਾ ਨੂੰ ਲੰਬੇ ਸਮੇਂ ਤੱਕ ਪ੍ਰੋਸੈਸਿੰਗ ਸਮੇਂ ਲਈ ਵਧਾ ਦਿੱਤਾ ਹੈ।

ਸੰਭਾਵਤ ਤੌਰ 'ਤੇ ਵਿਸਤ੍ਰਿਤ ਵੈਧਤਾ ਸਮੇਂ ਦੇ ਨਾਲ ਰਸੀਦ ਨੋਟਿਸ ਦੁਬਾਰਾ ਜਾਰੀ ਕਰਨ ਵਿਚ ਯੂ.ਐੱਸ.ਸੀ.ਆਈ.ਐੱਸ. ਨੂੰ ਕਈ ਹਫ਼ਤੇ ਲੱਗ ਜਾਣਗੇ। ਤੁਹਾਨੂੰ ਕਾਨੂੰਨੀ ਪਰਮਾਨੈਂਟ ਰੈਜ਼ੀਡੈਂਟ (LPR) ਸਥਿਤੀ ਦੇ ਅਸਥਾਈ ਸਬੂਤ ਵਜੋਂ ਏਲੀਅਨ ਦਸਤਾਵੇਜ਼, ਪਛਾਣ ਅਤੇ ਦੂਰਸੰਚਾਰ (ADIT) ਸਟੈਂਪ ਪ੍ਰਾਪਤ ਕਰਨ ਲਈ ਮੁਲਾਕਾਤ ਦੀ ਬੇਨਤੀ ਕਰਨ ਲਈ ਯੂ.ਐੱਸ.ਸੀ.ਆਈ.ਐੱਸ. ਸੰਪਰਕ ਕੇਂਦਰ ਨੂੰ ਕਾਲ ਕਰਨ ਦੀ ਲੋੜ ਨਹੀਂ ਹੈ, ਜਦੋਂ ਤੱਕ ਤੁਹਾਡਾ ਗ੍ਰੀਨ ਕਾਰਡ ਤੁਹਾਡੇ ਕੋਲ ਨਹੀਂ ਹੈ।

ਜੇਕਰ ਤੁਹਾਡੇ ਕੋਲ ਹੁਣ ਤੁਹਾਡਾ ਗ੍ਰੀਨ ਕਾਰਡ ਨਹੀਂ ਹੈ, ਤਾਂ ਯੂ.ਐੱਸ.ਸੀ.ਆਈ.ਐੱਸ. ਤੁਹਾਡੀ ਐੱਲ.ਪੀ.ਆਰ. ਸਥਿਤੀ ਦੇ ਅਸਥਾਈ ਸਬੂਤ ਵਜੋਂ ਤੁਹਾਨੂੰ ADIT ਸਟੈਂਪ ਜਾਰੀ ਕਰ ਸਕਦਾ ਹੈ।

■ ਬਾਕੀ ਖਬਰ ਸਫਾ 11 'ਤੇ

# ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ







**ਫਰਿਜ਼ਨੋ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)**- ਕ੍ਰਾਂਤੀਕਾਰੀ ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਫਰਿਜ਼ਨੋ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਸ਼ਰਧਾ-ਭਾਵਨਾ ਨਾਲ ਮਨਾਇਆ ਗਿਆ। ਜਿੱਥੇ ਐਤਵਾਰ ਦੇ ਦੀਵਾਨ ਵਿਚ ਗੁਰੂ ਰਵਿਦਾਸ ਜੀ ਦੇ ਜੀਵਨ ਨੂੰ ਯਾਦ ਕਰਦਿਆਂ ਰੂਹਾਨੀ ਗੁਰਮਤਿ ਵਿਚਾਰਾਂ ਹੋਈਆਂ ਅਤੇ ਕੀਰਤਨ ਦੀਵਾਨ ਸਜੇ, ਉੱਥੇ ਇਨ੍ਹਾਂ ਦੀਵਾਨਾਂ ਵਿਚ ਗੁਰੂ ਘਰ ਦੇ ਕੀਰਤਨੀਏ ਡਾਕਟਰ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ। ਇਸ ਸਮਾਗਮ ਵਿਚ ਕਥਾਵਾਚਕ ਭਾਈ ਮਲਕੀਤ ਸਿੰਘ ਕਰਨਾਲ ਨੇ ਗੁਰੂ ਸ਼ਬਦ ਦੀ ਕਥਾ ਰਾਹੀਂ ਸਾਂਝ ਪਾਈ। ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਉੱਘੇ ਸਮਾਜ ਸੇਵੀ ਸੁਖਬੀਰ ਸਿੰਘ ਭੰਡਾਲ ਨੇ ਸਟੇਜ ਤੋਂ ਸੰਬੋਧਨ ਕਰਦਿਆਂ ਕਿਹਾ ਕਿ ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਨ ਲਈ ਦੁਨੀਆਂ ਵਿਚ ਸਮੇਂ-ਸਮੇਂ 'ਤੇ ਮਨੁੱਖਤਾ ਦੇ ਰਹਿਬਰਾਂ ਨੇ ਜਨਮ ਲਿਆ ਹੈ। ਇਨ੍ਹਾਂ ਵਿਚ ਸ੍ਰੀ ਗੁਰੂ ਰਵਿਦਾਸ ਜੀ ਦਾ ਨਾਮ ਵੀ ਸ਼ਾਮਲ ਹੈ, ਜਿਨ੍ਹਾਂ ਨੇ ਉਸ ਵੇਲੇ ਫੈਲੀ ਊਚ-ਨੀਚ, ਜਾਤ-ਪਾਤ, ਕਰਮਕਾਂਡ, ਪਖੰਡਵਾਦ, ਧਾਰਮਿਕ ਕੱਟੜਤਾ ਆਦਿ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਦਾ ਖੰਡਨ ਕਰਕੇ ਉੱਚ ਵਰਗ ਦੇ ਜਾਤੀ ਅਭਿਮਾਨ ਅਤੇ ਹੰਕਾਰ ਨੂੰ ਸੱਟ ਮਾਰੀ। ਆਪ ਸਮਾਜ ਵਿਚੋਂ ਸ਼ੋਸ਼ਣ, ਛੂਤ-ਛਾਤ, ਪਖੰਡਵਾਦ ਦਾ ਖਾਤਮਾਂ ਕਰਕੇ ਬਰਾਬਰਤਾ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਜੀ ਦਾ ਜਨਮ ਉਤਸਵ ਮਨਾਉਣ ਦਾ ਅਸਲੀ ਮੰਤਵ ਪੂਰਾ ਕਰਨ ਲਈ ਉਨ੍ਹਾਂ ਵੱਲੋਂ ਦਿੱਤੀਆਂ ਸਿੱਖਿਆਵਾਂ ਨੂੰ ਅਪਣਾ ਕੇ ਸਮਾਜ 'ਚੋਂ ਪਾਖੰਡਵਾਦ ਨੂੰ ਦੂਰ ਕਰਕੇ ਦੁਨੀਆਂ ਵਿਚ ਬਰਾਬਰਤਾ ਵਾਲਾ ਸਮਾਜ ਉਸਾਰਨਾ ਹੈ, ਤਾਂ ਜੋ ਉਨ੍ਹਾਂ ਵੱਲੋਂ ਦਰਸਾਇਆ ਬੇਗਮਪੁਰਾ ਦਾ ਸੁਪਨਾ ਪੂਰਾ ਹੋ ਸਕੇ। ਸਟੇਜ ਸੰਚਾਲਨ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਮਾਨ ਨੇ ਨਿਭਾਈ। ਗੁਰੂ ਦੀ ਮਹਿਮਾ ਦੇ ਨਾਲ-ਨਾਲ ਐਤਵਾਰ ਦੇ ਇਸ ਵਿਸ਼ੇਸ਼ ਦੀਵਾਨ ਵਿਚ ਪ੍ਰਮੋਧ ਲੋਈ ਅਤੇ ਪਰਿਵਾਰ ਵੱਲੋਂ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਲੰਗਰ ਬਣਾਉਣ ਦੀ ਸੇਵਾ ਭਾਈ ਇਕਬਾਲ ਸਿੰਘ ਅਤੇ ਸਾਥੀਆਂ ਵੱਲੋਂ ਬੜੀ ਸ਼ਰਧਾ-ਭਾਵਨਾ ਨਾਲ ਨਿਭਾਈ ਗਈ। ਇਸ ਮੌਕੇ ਪੰਜਾਬੀ ਕਲਚਰਲ ਐਸੋਸੀਏਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ ਪੀ.ਸੀ.ਏ. ਵੱਲੋਂ ਗੁਰੂਘਰ ਵਿਖੇ ਜੋੜੇ ਘਰ ਲਈ ਰੈਕ (**Shoe Rack**) ਬਣਵਾਕੇ ਦਿੱਤੇ ਗਏ ਹਨ ਅਤੇ ਸੰਸਥਾ ਨੇ ਗੁਰ ਮਿਲਾਪ ਸੰਸਥਾ ਨੂੰ ਰਾਜਸਥਾਨ ਦੇ ਅਲਵਰ ਵਿਚ ਲੋੜਵੰਦ ਬੱਚਿਆਂ ਦੀ ਮਦਦ ਕਰਦਿਆਂ, ਸਿੱਖੀ ਸਿੱਖਿਆ ਗੁਰ ਵਿਚਾਰ ਅਕੈਡਮੀ ਦੇ 30 ਵਿਦਿਆਰਥੀਆਂ ਨੂੰ ਗੋਦ ਲੈ ਕੇ ਉਨ੍ਹਾਂ ਦੀ ਪੜ੍ਹਾਈ ਦਾ ਖ਼ਰਚਾ ਵੀ ਚੁੱਕਿਆ ਹੈ।




# ਭਾਰਤੀ ਅਮਰੀਕੀ ਸਾਂਸਦ ਸਦਨ ਦੀ ਵਿਸ਼ੇਸ਼ ਅਧਿਕਾਰ ਕਮੇਟੀ ਦੇ ਮੈਂਬਰ ਨਿਯੁਕਤ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਭਾਰਤੀ ਮੂਲ ਦੇ ਅਮਰੀਕੀ ਸਾਂਸਦ ਰਾਜਾ ਕ੍ਰਿਸ਼ਨਾਮੂਰਤੀ ਨੂੰ ਅਮਰੀਕਾ ਤੇ ਚੀਨ ਦੀ ਕਮਿਊਨਿਸਟ ਪਾਰਟੀ ਵਿਚਾਲੇ ਰਣਨੀਤਿਕ ਮੁਕਾਬਲੇਬਾਜ਼ੀ ਬਾਰੇ ਸਦਨ ਦੀ ਵਿਸ਼ੇਸ਼ ਅਧਿਕਾਰੀ ਕਮੇਟੀ ਦਾ ਰੈਂਕਿੰਗ ਮੈਂਬਰ ਨਿਯੁਕਤ ਕੀਤਾ ਗਿਆ ਹੈ। ਰਾਜਾ ਕ੍ਰਿਸ਼ਨਾਮੂਰਤੀ ਨੇ ਖੁਦ ਇਹ ਜਾਣਕਾਰੀ ਦਿੰਦਿਆਂ ਇਕ ਬਿਆਨ ਵਿਚ ਕਿਹਾ ਹੈ ਕਿ ਮੈਂ ਸਦਨ ਦੇ ਆਗੂ ਜੈਫਰੀਜ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਵਿਸ਼ੇਸ਼ ਅਧਿਕਾਰ ਕਮੇਟੀ ਵਿਚ ਸੇਵਾ ਕਰਨ ਦਾ ਮਾਣ ਬਖਸ਼ਿਆ ਹੈ। ਇਸ ਕਮੇਟੀ ਦਾ ਗਠਨ 118ਵੀਂ ਕਾਂਗਰਸ ਵੱਲੋਂ ਚੀਨ ਦੀ ਕਮਿਊਨਿਸਟ ਪਾਰਟੀ ਨਾਲ ਆਰਥਿਕ, ਤਕਨੀਕੀ ਤੇ ਸੁਰੱਖਿਆ ਮੁਕਾਬਲੇਬਾਜ਼ੀ ਬਾਰੇ ਮੁੱਦਿਆਂ ਨੂੰ ਸੁਲਝਾਉਣ ਤੇ ਇਸ ਸਬੰਧੀ ਜਾਂਚ ਤੇ ਨੀਤੀ ਵਿਕਸਿਤ ਕਰਨ ਲਈ ਕੀਤਾ ਗਿਆ ਸੀ।



ਰਾਜਾ ਕ੍ਰਿਸ਼ਨਾਮੂਰਤੀ

# ਅਮਰੀਕਾ 'ਚ ਰੇਲ ਗੱਡੀ ਪੱਟੜੀ ਤੋਂ ਉਤਰੀ; ਲੱਗੀ ਭਿਆਨਕ ਅੱਗ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ ਪੰਜਾਬ ਮੇਲ)**- ਪੈਨਸਿਲਵੇਨੀਆ ਸਟੇਟ ਬਾਰਡਰ ਨੇੜੇ ਉਤਰ ਪੂਰਬੀ ਓਹਾਇਓ ਵਿਚ ਇਕ ਰੇਲਗੱਡੀ ਪੱਟੜੀ ਤੋਂ ਉਤਰ ਗਈ, ਜਿਸ ਉਪਰੰਤ ਉਸ ਨੂੰ ਭਿਆਨਕ ਅੱਗ ਲੱਗ ਗਈ। ਮੇਅਰ ਟਰੈਂਟ ਕੋਨਾਵੇਅ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਘਟਨਾ ਯੰਗਸਟਾਊਨ ਦੇ ਦੱਖਣ 'ਚ ਤਕਰੀਬਨ 15 ਮੀਲ ਦੂਰ ਵਾਪਰੀ ਪਰੰਤੂ ਚੰਗੀ ਗੱਲ ਇਹ ਰਹੀ ਕਿ ਅਚਾਨਕ ਵਾਪਰੀ ਇਸ ਘਟਨਾ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਤੇ ਨਾ ਹੀ ਕੋਈ ਜ਼ਖਮੀ ਹੋਇਆ ਹੈ। ਨੈਸ਼ਨਲ ਟਰਾਂਸਪੋਰਟ ਸੇਫਟੀ ਬੋਰਡ ਅਨੁਸਾਰ ਰੇਲਗੱਡੀ ਦੇ 100 ਤੋਂ ਵਧ ਡੱਬੇ ਸਨ, ਜਿਨ੍ਹਾਂ ਵਿਚੋਂ 50 ਡੱਬੇ ਪੱਟੜੀ ਤੋਂ ਉਤਰ ਗਏ। ਇਨ੍ਹਾਂ ਵਿਚੋਂ 20 ਡੱਬਿਆਂ ਵਿਚ ਖਤਰਨਾਕ ਸਮਗਰੀ ਭਰੀ ਹੋਈ ਸੀ। ਬੋਰਡ ਦੇ ਮੈਂਬਰ ਮਾਈਕਲ ਗ੍ਰਾਹਮ ਨੇ ਕਿਹਾ ਹੈ ਕਿ ਟੈਂਕ ਕਾਰਾਂ ਵਿਚ ਵਿਨਾਇਲ ਕਲੋਰਾਈਡ ਭਰੀ ਹੋਈ ਸੀ, ਜੋ ਅੱਗ ਲੱਗਣ ਦਾ ਕਾਰਨ ਬਣੀ। ਓਉਨ੍ਹਾਂ ਕਿਹਾ ਕਿ ਰੇਲ ਗੱਡੀ ਦੇ ਪੱਟੜੀ ਤੋਂ ਉਤਰਨ ਦੇ ਕਾਰਨ ਬਾਰੇ ਪਤਾ ਨਹੀਂ ਲੱਗ ਸਕਿਆ। ਇਸ ਹਾਦਸੇ ਸਬੰਧੀ ਮੁੱਢਲੀ ਰਿਪੋਰਟ ਆਉਣ 'ਚ 6 ਹਫਤਿਆ ਦਾ ਸਮਾਂ ਲੱਗ ਸਕਦਾ ਹੈ।



ਰੇਲ ਗੱਡੀ ਨੂੰ ਪੱਟੜੀ ਤੋਂ ਉਤਰਨ ਉਪਰੰਤ ਲੱਗੀ ਅੱਗ ਦਾ ਦ੍ਰਿਸ਼।




# ਐਲਕ ਗਰੋਵ ਮੇਅਰ ਬੌਬੀ ਸਿੰਘ ਐਲਨ ਵੱਲੋਂ 4 ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ

**ਸਾਕਾ ਨਕੋਦਰ ਦੇ 37ਵੇਂ ਸ਼ਹੀਦੀ ਦਿਹਾੜੇ ਮੌਕੇ ਜਾਰੀ ਕੀਤਾ ਘੋਸ਼ਣਾ ਪੱਤਰ**



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਕੈਲੀਫੋਰਨੀਆ ਸੂਬੇ ਦੇ ਸ਼ਹਿਰ ਐਲਕ ਗਰੋਵ ਦੀ ਮੇਅਰ ਬੌਬੀ ਸਿੰਘ-ਐਲਨ ਨੇ ਸਾਕਾ ਨਕੋਦਰ ਦੇ 37ਵੇਂ ਸ਼ਹੀਦੀ ਦਿਹਾੜੇ ਮੌਕੇ 4 ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ ਦਿੰਦਿਆਂ ਘੋਸ਼ਣਾ ਪੱਤਰ ਜਾਰੀ ਕੀਤਾ ਹੈ। ਘੋਸ਼ਣਾ ਪੱਤਰ ਵਿਚ ਲਿਖਿਆ ਹੈ ਕਿ 4 ਫ਼ਰਵਰੀ 1986 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਰੋਸ ਵਜੋਂ ਸ਼ਾਂਤਮਈ ਰੋਸ ਮਾਰਚ ਤੇ ਪੰਜਾਬ ਪੁਲਿਸ ਵਲੋਂ ਨਿਹੱਥੇ ਸਿੱਖ ਨੌਜਵਾਨਾਂ ਰਵਿੰਦਰ ਸਿੰਘ, ਬਲਧੀਰ ਸਿੰਘ, ਝਿਲਮਣ ਸਿੰਘ ਅਤੇ ਹਰਮਿੰਦਰ ਸਿੰਘ ਨੂੰ ਕਤਲ ਕਰ ਦਿੱਤਾ ਸੀ ਅਤੇ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੱਸ ਗੁਰੂ ਸਾਹਿਬਾਨ ਦੀ ਜਾਗਤ ਜੋਤ ਮੰਨਦੇ ਹਨ। ਇਸ ਦੁਖਦਾਈ ਘਟਨਾ ਨੂੰ ਵਾਪਰੇ 37 ਸਾਲਾਂ ਤੋਂ ਵੱਧ ਸਮੇਂ ਵਿਚ, ਪੀੜਤ ਪਰਿਵਾਰ ਸੱਚਾਈ, ਨਿਆਂ, ਜਵਾਬਦੇਹੀ ਅਤੇ ਨਿਬੇੜੇ ਲਈ ਲੜਨ ਦੇ ਆਪਣੇ ਯਤਨਾਂ ਵਿਚ ਅਡੋਲ ਰਹੇ, ਜਦੋਂ ਕਿ ਸਾਰੇ ਲੋਕਾਂ ਵਿਚ ਆਪਸੀ ਸਮਝ ਅਤੇ ਸਤਿਕਾਰ ਨੂੰ ਉਤਸ਼ਾਹਿਤ ਕਰਨ ਲਈ ਸਵੀਕਾਰਤਾ ਅਤੇ ਸ਼ਮੂਲੀਅਤ ਦੇ ਸਿਧਾਂਤਾਂ ਨੂੰ ਸਾਂਝਾ ਕਰਨਾ ਜਾਰੀ ਰੱਖਿਆ। ਹਰ ਸਾਲ, ਦੁਨੀਆਂ ਭਰ ਦੇ ਭਾਈਚਾਰੇ ਅਤੇ ਸੰਸਥਾਵਾਂ ਸਮੇਤ ਕੈਲੀਫੋਰਨੀਆ ਰਾਜ ਵਿਚ ਬਹੁਤ ਸਾਰੇ, ਸਾਕਾ ਨਕੋਦਰ ਦਿਵਸ ਨੂੰ ਦੁਖਾਂਤ ਬਾਰੇ ਜਾਗਰੂਕਤਾ ਪੈਦਾ ਕਰਨ, ਪੀੜਤਾਂ ਲਈ ਨਿਆਂ ਸੁਰੱਖਿਅਤ ਕਰਨ ਅਤੇ ਸਾਰਿਆਂ ਲਈ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਚੱਲ ਰਹੇ ਯਤਨਾਂ ਦਾ ਸਮਰਥਨ ਕਰਨ ਅਤੇ ਸਿੱਖ ਭਾਈਚਾਰੇ ਲਈ ਪੀੜ੍ਹੀ-ਦਰ-ਪੀੜ੍ਹੀ ਅਤੇ ਭਾਈਚਾਰਕ ਜ਼ਖਮਾਂ 'ਤੇ ਮਰ੍ਹਮ ਲਗਾਉਣ ਦੀ ਲੋੜ ਨੂੰ ਉਤਸ਼ਾਹਿਤ ਕਰਨ ਦੇ ਮੌਕੇ ਵਜੋਂ ਮਨਾਉਂਦੇ ਹਨ। ਐਲਕ ਗਰੋਵ ਦਾ ਸ਼ਹਿਰ ਇਸਦੀ ਵਿਭਿੰਨਤਾ ਨੂੰ ਪਛਾਣਨਾ ਚਾਹੁੰਦਾ ਹੋਇਆ ਭਾਈਚਾਰੇ ਅਤੇ ਸਾਰੇ ਨਿਵਾਸੀਆਂ ਨੂੰ ਅਮਰੀਕਾ ਵਿਚ ਰਹਿ ਰਹੇ ਸਿੱਖਾਂ ਦੀਆਂ ਇਨ੍ਹਾਂ ਸਾਖੀਆਂ ਨੂੰ ਸਮਝਣ, ਪਛਾਨਣ ਅਤੇ ਕਦਰ ਕਰਨ ਲਈ ਆਖਦਾ ਹੈ। ਹੁਣ, ਇਸ ਲਈ, ਇਹ ਘੋਸ਼ਣਾ ਕੀਤੀ ਜਾਵੇ ਕਿ ਮੈਂ ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ-ਐਲਨ, ਇੱਥੇ 4 ਫਰਵਰੀ, 2023 ਨੂੰ ਸਾਕਾ ਨਕੋਦਰ ਦਿਵਸ ਵਜੋਂ ਘੋਸ਼ਿਤ ਕਰਦੀ ਹਾਂ ਅਤੇ ਬਹੁਤ ਸਾਰੇ ਵਿਅਕਤੀਆਂ ਅਤੇ ਸੰਸਥਾਵਾਂ ਦੇ ਯਤਨਾਂ ਦੀ ਸ਼ਲਾਘਾ ਕਰਦੀ ਹਾਂ, ਜੋ ਸਾਕਾ ਨਕੋਦਰ ਦੀ ਯਾਦ ਵਿਚ ਇਹ ਦਿਵਸ, ਮਨੁੱਖੀ ਅਧਿਕਾਰਾਂ ਨੂੰ ਬਰਕਰਾਰ ਰੱਖਣ, ਨਿਆਂ ਦੀ ਮਹੱਤਤਾ ਨੂੰ ਉਤਸ਼ਾਹਿਤ ਕਰਨ।

# ਭਾਰਤੀ ਮੂਲ ਦੇ ਅਮਰੀਕੀ ਸਾਂਸਦ ਐਮੀ ਬੇਰਾ ਦੀ ਇੰਟੈਲਜੈਂਸੀ ਕਮੇਟੀ 'ਚ ਨਿਯੁਕਤੀ



ਐਮੀ ਬੇਰਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਐਮੀ ਬੇਰਾ ਨੂੰ ਕਾਂਗਰਸ ਦੀ ਇੰਟੈਲੀਜੈਂਸ ਬਾਰੇ ਪ੍ਰਭਾਵਸ਼ਾਲੀ ਸਥਾਈ ਵਿਸ਼ੇਸ਼ ਕਮੇਟੀ 'ਚ ਨਿਯੁਕਤ ਕੀਤਾ ਗਿਆ ਹੈ। ਬੇਰਾ ਨੇ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਮੈਨੂੰ ਸਦਨ ਦੇ ਲੀਡਰ ਜੈਫਰੀਜ਼ ਦੁਆਰਾ ਹਾਊਸ ਇੰਟੈਲੀਜੈਂਸ ਕਮੇਟੀ 'ਚ ਨਿਯੁਕਤ ਕੀਤਾ ਗਿਆ ਹੈ, ਜੋ ਕਮੇਟੀ ਅਮਰੀਕਾ ਦੀ ਕੌਮੀ ਸੁਰੱਖਿਆ ਨੂੰ ਯਕੀਨੀ ਬਣਾਉਣ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ। ਲੰਬੇ ਸਮੇ ਤੋਂ ਅਮਰੀਕੀ ਕਾਂਗਰਸ ਵਿਚ ਸੇਵਾ ਨਿਭਾ ਰਹੇ ਐਮੀ ਬੇਰਾ ਪਹਿਲੀ ਵਾਰ 2012 'ਚ ਕਾਂਗਰਸ ਲਈ ਚੁਣੇ ਗਏ ਸਨ। ਉਹ ਕੈਲੀਫੋਰਨੀਆ ਦੇ 6ਵੇਂ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਰਦੇ ਹਨ।

# ਅਮਰੀਕਾ ਵੱਲੋਂ ਤਾਲਿਬਾਨ 'ਤੇ ਨਵੀਆਂ ਵੀਜ਼ਾ ਪਾਬੰਦੀਆਂ ਲਾਗੂ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਨੇ ਅਫਗਾਨਿਸਤਾਨ ਵਿਚ ਸ਼ਾਸਨ ਕਰ ਰਹੇ ਤਾਲਿਬਾਨ ਵੱਲੋਂ ਔਰਤਾਂ 'ਤੇ ਯੂਨੀਵਰਸਿਟੀਆਂ ਵਿਚ ਜਾਣ ਅਤੇ ਗੈਰ-ਸਰਕਾਰੀ ਸੰਗਠਨਾਂ ਨਾਲ ਕੰਮ ਕਰਨ 'ਤੇ ਪਾਬੰਦੀ ਲਗਾਉਣ ਕਾਰਨ ਸੰਗਠਨ ਦੇ ਮੈਂਬਰਾਂ 'ਤੇ ਨਵੀਆਂ ਵੀਜ਼ਾ ਪਾਬੰਦੀਆਂ ਲਗਾ ਦਿੱਤੀਆਂ ਹਨ। ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਵੀਰਵਾਰ ਨੂੰ ਇਕ ਬਿਆਨ 'ਚ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ, 'ਮੈਂ ਅਫਗਾਨਿਸਤਾਨ 'ਚ ਔਰਤਾਂ ਅਤੇ ਕੁੜੀਆਂ 'ਤੇ ਜ਼ੁਲਮ ਲਈ ਜ਼ਿੰਮੇਵਾਰ ਤਾਲਿਬਾਨ ਦੇ ਮੌਜੂਦਾ ਅਤੇ ਸਾਬਕਾ ਮੈਂਬਰਾਂ, ਗੈਰ-ਸਰਕਾਰੀ ਸੁਰੱਖਿਆ ਸਮੂਹਾਂ ਦੇ ਮੈਂਬਰਾਂ ਅਤੇ ਹੋਰ ਵਿਅਕਤੀਆਂ ਨੂੰ ਨਵੇਂ ਵੀਜ਼ੇ ਜਾਰੀ ਕਰਨ 'ਤੇ ਪਾਬੰਦੀ ਲਗਾਉਣ ਲਈ ਕਾਰਵਾਈ ਕਰ ਰਿਹਾ ਹਾਂ।' ਬਲਿੰਕਨ ਨੇ ਕਿਹਾ ਕਿ ਤਾਲਿਬਾਨ ਨੇ ਆਪਣੇ ਦੇਸ਼ ਵਿਚ ਔਰਤਾਂ ਨੂੰ ਯੂਨੀਵਰਸਿਟੀ ਵਿਚ ਜਾਣ ਅਤੇ ਗੈਰ-ਸਰਕਾਰੀ ਸੰਗਠਨਾਂ ਨਾਲ ਕੰਮ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ। ਉਸ ਦੇ ਇਸ ਹਿੰਸਕ ਰਵੱਈਏ ਦੇ ਮੱਦੇਨਜ਼ਰ ਉਨ੍ਹਾਂ ਨੂੰ ਨਵਾਂ ਵੀਜ਼ਾ ਦੇਣ 'ਤੇ ਰੋਕ ਲਗਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਵੀਜ਼ਾ ਪਾਬੰਦੀ ਤੋਂ ਪ੍ਰਭਾਵਿਤ ਵਿਅਕਤੀਆਂ ਦੇ ਪਰਿਵਾਰਕ ਮੈਂਬਰ ਵੀ ਵੀਜ਼ਾ ਨੀਤੀ ਤਹਿਤ ਆ ਸਕਦੇ ਹਨ।

# ਅਮਰੀਕੀ ਅਦਾਲਤ ਨੇ ਨਫਰਤੀ ਅਪਰਾਧ ਦਾ ਸ਼ਿਕਾਰ ਹੋਏ ਸਿੱਖ ਦੇ ਹੱਕ 'ਚ ਦਿੱਤਾ ਫੈਸਲਾ

**ਸੈਕਰਾਮੈਂਟ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਇਕ ਅਮਰੀਕੀ ਅਦਾਲਤ ਨੇ 2021 'ਚ ਨਫਰਤੀ ਅਪਰਾਧ ਦਾ ਸ਼ਿਕਾਰ ਬਣੇ 66 ਸਾਲਾ ਬਜ਼ੁਰਗ ਸਿੱਖ ਰੂਬਲ ਕਲੇਰ ਦੇ ਹੱਕ ਵਿਚ ਫੈਸਲਾ ਦਿੱਤਾ ਹੈ ਤੇ ਮਾਮਲੇ ਦੀ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਘਟਨਾ 11 ਮਈ 2021 ਦੀ ਹੈ, ਜਦੋਂ ਸਾਊਥ ਬੂਟੇ ਮਾਰਕਿਟ ਵਿਚ ਇਕ ਸਟੋਰ ਵਿਚ ਇਕ ਔਰਤ ਨੇ ਕਲੇਰ ਉਪਰ ਨਸਲੀ ਭੱਦੀਆਂ ਟਿਪਣੀਆਂ ਕੀਤੀਆਂ ਤੇ ਉਸ ਨੂੰ ਕਾਰ ਹੇਠ ਦਰੜ ਦੇਣ ਦੀ ਧਮਕੀ ਦਿੱਤੀ। ਬਾਅਦ ਵਿਚ ਕਲੇਰ ਦੇ ਘਰ ਦੇ ਬਾਹਰ ਇਤਰਾਜ਼ਯੋਗ ਟਿਪਣੀਆਂ ਚਾਕ ਨਾਲ ਲਿੱਖੀਆਂ ਮਿਲੀਆਂ। ਸਿੱਖ ਕੁਲੀਸ਼ਨ ਵੱਲੋਂ ਜਾਰੀ ਬਿਆਨ ਅਨੁਸਾਰ ਪੁਲਿਸ ਇਸ ਮਾਮਲੇ ਦੀ ਜਾਂਚ ਕਰਨ ਵਿਚ ਨਾਕਾਮ ਰਹੀ। ਇਥੋਂ ਤੱਕ ਕਿ ਅਫਸਰਾਂ ਨੇ ਸਬੂਤਾਂ ਨਾਲ ਛੇੜਛਾੜ ਵੀ ਕੀਤੀ ਤੇ ਕਲੇਰ ਦੇ ਘਰ ਦੇ ਬਾਹਰ ਲਿੱਖੀਆਂ ਨਸਲੀ ਟਿਪਣੀਆਂ ਤਸਵੀਰਾਂ ਲੈਣ ਤੋਂ ਪਹਿਲਾਂ ਹੀ ਮਿਟਾ ਦਿੱਤੀਆਂ। ਕਲੇਰ ਨੇ ਸੂਟਰ ਕਾਊਂਟੀ ਸ਼ੈਰਿਫ ਦਫਤਰ ਦੇ ਡਿਪਟੀਆਂ, ਸੂਟਰ ਕਾਊਂਟੀ ਤੇ ਔਰਤ ਵਿਰੁੱਧ 41 ਸਫਿਆਂ 'ਤੇ ਆਧਾਰਿਤ ਸਿਵਲ ਪਟੀਸ਼ਨ ਅਦਾਲਤ ਵਿਚ ਦਾਇਰ ਕੀਤੀ, ਜਿਸ ਵਿਚ ਦੋਸ਼ ਲਾਇਆ ਕਿ ਉਸ ਵਿਰੁੱਧ ਹੋਏ ਨਸਲੀ ਅਪਰਾਧ ਦੀ ਉਚਿਤ ਜਾਂਚ ਨਹੀਂ ਹੋਈ। ਸਿੱਖ ਕੁਲੀਸ਼ਨ ਨੇ ਕਿਹਾ ਹੈ ਕਿ ਅਦਾਲਤ ਦਾ ਫੈਸਲਾ ਨਾ ਕੇਵਲ ਕਲੇਰ ਬਲਕਿ ਸਮੁੱਚੇ ਸਿੱਖ ਭਾਈਚਾਰੇ ਲਈ ਵੱਡੀ ਅਹਿਮੀਅਤ ਰਖਦਾ ਹੈ। ਕੁਲੀਸ਼ਨ ਨੇ ਸੂਟਰ ਕਾਊਂਟੀ ਡਿਸਟ੍ਰਿਕਟ ਅਟਾਰਨੀ ਦਫਤਰ ਨੂੰ ਬੇਨਤੀ ਕੀਤੀ ਹੈ ਕਿ ਮਾਮਲੇ ਦੀ ਜਾਂਚ ਕਰਕੇ ਦੋਸ਼ੀ ਵਿਰੁੱਧ ਅਪਰਾਧਕ ਦੋਸ਼ ਆਇਦ ਕੀਤੇ ਜਾਣ।

# ਗੂਗਲ ਵੱਲੋਂ ਚੀਨੀ ਪ੍ਰਚਾਰ ਨਾਲ ਜੁੜੇ 50 ਹਜ਼ਾਰ ਖਾਤੇ ਬਲਾਕ

**ਵਾਸ਼ਿੰਗਟਨ, (ਪੰਜਾਬ ਮੇਲ)**-ਗੂਗਲ ਨੇ ਪਿਛਲੇ ਸਾਲ ਯੂਟਿਊਬ, ਬਲਾਗਰ ਅਤੇ ਐਡਸੇਂਸ ਵਰਗੇ ਵੱਖ-ਵੱਖ ਪਲੇਟਫਾਰਮਾਂ 'ਤੇ ਚੀਨ ਸਮਰਥਕ ਖਾਤਿਆਂ ਰਾਹੀਂ ਸਾਂਝੀ ਕੀਤੀ ਗਈ 50,000 ਤੋਂ ਜ਼ਿਆਦਾ ਸਮੱਗਰੀ ਨੂੰ ਬਲਾਕ ਕਰ ਦਿੱਤਾ ਹੈ। ਆਪਣੇ ਬਲਾਗ ਸਾਈਟ 'ਤੇ ਗੂਗਲ ਦੇ ਥ੍ਰੈਟ ਐਨਾਲਿਸਿਸ ਗਰੁੱਪ (ਟੀ.ਏ.ਜੀ.) ਨੇ ਕਿਹਾ ਕਿ ਉਨ੍ਹਾਂ ਨੇ ਵਿਕਲਪਿਕ ਰੂਪ ਨਾਲ 'ਸਾਮੋਫਲੈਜ ਡ੍ਰੈਗਨ' ਅਤੇ 'ਡ੍ਰੈਗਨਬ੍ਰਿਜ' ਦੇ ਨਾਂ ਨਾਲ ਜਾਣੇ ਜਾਂਦੇ ਗਰੁੱਪ ਨੂੰ ਬਲਾਕ ਕਰ ਦਿੱਤਾ ਹੈ।




# ਤੁਰਕੀ ਤੇ ਸੀਰੀਆ 'ਚ ਆਏ ਵਿਨਾਸ਼ਕਾਰੀ ਭੂਚਾਲ ਕਾਰਨ ਮੌਤਾਂ ਦੀ ਗਿਣਤੀ 10 ਹਜ਼ਾਰ ਤੋਂ ਪਾਰ



ਤੁਰਕੀ ਦੇ ਅਦਾਨਾ ਸ਼ਹਿਰ 'ਚ ਭੂਚਾਲ ਕਾਰਨ ਢਹਿ-ਢੇਰੀ ਹੋਈਆਂ ਇਮਾਰਤਾਂ ਦੇ ਮਲਬੇ ਹੇਠਾਂ ਦੱਬੇ ਲੋਕਾਂ ਦੀ ਭਾਲ ਕਰਦੇ ਹੋਏ ਬਚਾਅ ਕਰਮੀ ਤੇ ਆਮ ਲੋਕ।

■ ਸਫਾ 1 ਦਾ ਬਾਕੀ

ਤੁਰਕੀ ਦੀ ਆਫ਼ਤ ਪ੍ਰਬੰਧਨ ਏਜੰਸੀ ਨੇ ਪੁਸ਼ਟੀ ਕੀਤੀ ਕਿ ਭੂਚਾਲ ਨੇ ਇੱਕ ਵੱਡੇ ਖੇਤਰ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਇਕੱਲੇ ਤੁਰਕੀ ਵਿਚ ਲਗਭਗ 11,000 ਇਮਾਰਤਾਂ ਢਹਿ ਗਈਆਂ ਹਨ। ਰਾਹਤ ਅਤੇ ਬਚਾਅ ਦੇ ਯਤਨ ਬਹੁਤ ਘੱਟ ਸਾਬਤ ਹੋ ਰਹੇ ਹਨ। ਤੁਰਕੀ ਦੇ ਦੱਖਣ-ਪੂਰਬ ਵਿਚ ਸਥਿਤ ਇਕ ਸ਼ਹਿਰ ਹਤਾਏ ਵਿਚ ਲਗਭਗ 1,500 ਇਮਾਰਤਾਂ ਢਹਿ ਗਈਆਂ ਹਨ, ਇਹ ਸ਼ਹਿਰ ਭੂਚਾਲ ਦਾ ਕੇਂਦਰ ਸੀ।

ਰਾਹਤ ਤੇ ਬਚਾਅ ਕਰਮੀਆਂ ਵੱਲੋਂ ਕਈ ਸ਼ਹਿਰਾਂ 'ਚ ਮਲਬੇ ਦੇ ਢੇਰਾਂ ਥੱਲੇ ਦੱਬੇ ਲੋਕਾਂ ਨੂੰ ਲੱਭਿਆ ਜਾ ਰਿਹਾ ਹੈ। ਭੂਚਾਲ ਤੁਰਕੀ ਦੇ ਦੱਖਣ-ਪੂਰਬ ਤੇ ਸੀਰੀਆ ਤੇ ਉੱਤਰੀ ਇਲਾਕੇ 'ਚ ਆਇਆ। ਸਰਹੱਦ ਦੇ ਦੋਵੇਂ ਪਾਸੇ ਲੋਕਾਂ ਨੇ ਭੂਚਾਲ ਦੇ ਜ਼ੋਰਦਾਰ ਝਟਕੇ ਮਹਿਸੂਸ ਕੀਤੇ ਤੇ ਉਹ ਘਰਾਂ ਤੋਂ ਬਾਹਰ ਆ ਗਏ। ਇਮਾਰਤਾਂ ਮਲਬੇ 'ਚ ਤਬਦੀਲ ਹੋ ਗਈਆਂ ਤੇ ਝਟਕੇ ਕਈ ਘੰਟਿਆਂ ਤੱਕ ਜਾਰੀ ਰਹੇ।

ਭੂਚਾਲ ਦੇ ਝਟਕਿਆਂ ਦੌਰਾਨ ਕਈ ਹਸਪਤਾਲਾਂ ਵਿਚੋਂ ਮਰੀਜ਼ਾਂ ਨੂੰ ਬਾਹਰ ਕੱਢਿਆ ਗਿਆ। ਤੁਰਕੀ ਦੇ ਸ਼ਹਿਰ ਅਦਾਨਾ ਤੇ ਦਿਆਰਬਾਕਿਰ ਵਿਚ ਕਾਫ਼ੀ ਨੁਕਸਾਨ ਹੋਇਆ ਹੈ। ਕਾਹਿਰਾ ਤੱਕ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਹਨ। ਸੀਰੀਆ ਵਿਚ ਭੂਚਾਲ ਨੇ ਉਸ ਇਲਾਕੇ ਨੂੰ ਨਿਸ਼ਾਨਾ ਬਣਾਇਆ ਹੈ, ਜੋ ਖਾਨਾਜੰਗੀ ਦਾ ਸ਼ਿਕਾਰ ਹੋਇਆ ਹੈ। ਇਹ ਉਹ ਥਾਵਾਂ ਹਨ, ਜੋ ਰੂਸ ਦੀ ਹਮਾਇਤ ਪ੍ਰਾਪਤ ਸਰਕਾਰੀ ਤਾਕਤਾਂ ਤੇ ਵਿਰੋਧੀਆਂ ਵਿਚਾਲੇ ਵੰਡੀਆਂ ਹੋਈਆਂ ਹਨ। ਸਰਹੱਦ ਦੇ ਦੂਜੇ ਪਾਸੇ ਤੁਰਕੀ ਵਿਚ ਇਨ੍ਹਾਂ ਥਾਵਾਂ ਤੋਂ ਭੱਜੇ ਸ਼ਰਨਾਰਥੀ ਰਹਿ ਰਹੇ ਹਨ, ਜੋ ਭੂਚਾਲ ਦੀ ਮਾਰ ਹੇਠ ਆਏ ਹਨ। ਸੀਰੀਆ ਵਿਚ ਸਿਹਤ ਸਹੂਲਤਾਂ ਮਾੜੀਆਂ ਤੇ ਨਾਕਾਫ਼ੀ ਹੋਣ ਕਾਰਨ ਕਾਫ਼ੀ ਮੁਸ਼ਕਲ ਆ ਰਹੀ ਹੈ। ਤੁਰਕੀ ਭੂਚਾਲਾਂ ਦੇ ਪੱਖ ਤੋਂ ਸੰਵੇਦਨਸ਼ੀਲ ਇਲਾਕਾ ਹੈ ਤੇ ਇੱਥੇ ਆਮ ਤੌਰ 'ਤੇ ਝਟਕੇ ਲੱਗਦੇ ਰਹਿੰਦੇ ਹਨ। ਸੰਨ 1999 ਵਿਚ ਆਏ ਭੂਚਾਲ 'ਚ 18 ਹਜ਼ਾਰ ਲੋਕ ਮਾਰੇ ਗਏ ਸਨ। ਇਸ ਭੂਚਾਲ ਨਾਲ ਸੀਰੀਆ ਦੇ ਸ਼ਹਿਰ ਅਲੇਪੋ ਤੋਂ ਲੈ ਕੇ ਤੁਰਕੀ ਦੇ ਦਿਆਰਬਾਕਿਰ ਤੱਕ ਇਮਾਰਤਾਂ ਢਹਿ-ਢੇਰੀ ਹੋ ਗਈਆਂ। ਸੀਰੀਆ ਵਿਚ ਬਾਗ਼ੀਆਂ ਦੇ ਕਬਜ਼ੇ ਵਾਲੇ ਇਲਾਕਿਆਂ 'ਚ ਕਰੀਬ 400 ਲੋਕ ਮਾਰੇ ਗਏ ਹਨ।

**ਭੂਚਾਲ ਪ੍ਰਭਾਵਿਤਾਂ ਲਈ ਸ਼੍ਰੋਮਣੀ ਕਮੇਟੀ ਵਲੋਂ ਸਹਾਇਤਾ ਦੀ ਪੇਸ਼ਕਸ਼ :**

**ਅੰਮ੍ਰਿਤਸਰ (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤੁਰਕੀ ਅਤੇ ਸੀਰੀਆ 'ਚ ਭੂਚਾਲ ਆਉਣ ਕਾਰਨ ਹੋਏ ਜਾਨੀ ਤੇ ਮਾਲੀ ਨੁਕਸਾਨ 'ਤੇ ਦੁੱਖ ਪ੍ਰਗਟ ਕਰਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਸਹਾਇਤਾ ਦੀ ਪੇਸ਼ਕਸ਼ ਕੀਤੀ ਹੈ। ਐਡਵੋਕੇਟ ਧਾਮੀ ਨੇ ਭਾਰਤ ਵਿਚ ਤੁਰਕੀ ਦੇ ਅੰਬੈਸਡਰ ਫਿਰਾਤ ਸੁਨੇਲ, ਤੁਰਕੀ ਵਿਚ ਭਾਰਤ ਦੇ ਅੰਬੈਸਡਰ ਡਾ. ਵਰਿੰਦਰਪਾਲ, ਸੀਰੀਆ ਵਿਚ ਭਾਰਤ ਦੀ ਅੰਬੈਂਸੀ ਦੇ ਇੰਚਾਰਜ ਸੁਰਿੰਦਰ ਕੁਮਾਰ ਯਾਦਵ ਅਤੇ ਭਾਰਤ ਵਿਚ ਸੀਰੀਆ ਦੇ ਅੰਬੈਸਡਰ ਡਾ. ਬੱਸਮ ਸਿਫੇਦੀਨ ਅਲਖਾਤਿਬ ਨੂੰ ਪੱਤਰ ਲਿਖ ਕੇ ਹਮਦਰਦੀ ਪ੍ਰਗਟਾਈ ਹੈ।

ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ 'ਵੰਡ ਛਕਣਾ' ਅਤੇ 'ਸਰਬੱਤ ਦਾ ਭਲਾ' ਗੁਰੂ ਸਾਹਿਬਾਨ ਵੱਲੋਂ ਬਖ਼ਸ਼ਿਸ਼ ਕੀਤੇ ਮਹੱਤਵਪੂਰਨ ਸਿਧਾਂਤ ਹਨ ਅਤੇ ਇਸੇ ਦੀ ਰੌਸ਼ਨੀ ਵਿਚ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਲੋੜਵੰਦਾਂ ਦੀ ਸਹਾਇਤਾ ਲਈ ਕਾਰਜ ਕਰਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਕੁਦਰਤੀ ਆਫ਼ਤਾਂ ਸਮੇਂ ਮਨੁੱਖਤਾ ਦੀ ਸੇਵਾ ਵਿਚ ਹਮੇਸ਼ਾ ਹੀ ਤੱਤਪਰ ਰਹੀ ਹੈ ਅਤੇ ਲੋੜ ਅਨੁਸਾਰ ਲੋੜਵੰਦਾਂ ਲਈ ਸਹਾਇਤਾ ਦੇ ਤੌਰ 'ਤੇ ਕੱਪੜੇ, ਰਾਸ਼ਨ ਤੇ ਹੋਰ ਲੋੜੀਂਦਾ ਸਾਮਾਨ ਮੁਹੱਈਆ ਕਰਵਾਉਂਦੀ ਰਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਤੁਰਕੀ ਅਤੇ ਸੀਰੀਆ ਵਿਚ ਆਏ ਭੂਚਾਲ ਨਾਲ ਵੱਡਾ ਜਾਨੀ ਅਤੇ ਮਾਲੀ ਨੁਕਸਾਨ ਹੋਣ ਕਰਕੇ ਉਥੇ ਵੱਸਦੇ ਨਾਗਰਿਕਾਂ ਨਾਲ ਦਿੱਲੀ ਹਮਦਰਦੀ ਹੈ। ਉਨ੍ਹਾਂ ਕਿਹਾ ਕਿ ਉਹ ਅਜਿਹੇ ਸਮੇਂ ਲੋਕਾਂ ਦੇ ਦੁੱਖ ਵਿਚ ਸ਼ਰੀਕ ਹਨ ਅਤੇ ਉਥੋਂ ਦੀਆਂ ਸਰਕਾਰਾਂ ਨੂੰ ਸਿੱਖ ਸੰਸਥਾ ਵੱਲੋਂ ਸਹਾਇਤਾ ਦੀ ਪੇਸ਼ਕਸ਼ ਕਰਦਿਆਂ ਸ਼੍ਰੋਮਣੀ ਕਮੇਟੀ ਨਾਲ ਤਾਲਮੇਲ ਦੀ ਅਪੀਲ ਕਰਦੇ ਹਨ।



ਤੁਰਕੀ ਦੀ ਸਰਹੱਦ ਨਾਲ ਲੱਗਦੇ ਸੀਰੀਆ ਦੇ ਇਦਲੀਬ ਸੂਬੇ ਵਿਚ ਇਕ ਭੂਚਾਲ ਪੀੜਤ ਨੂੰ ਚੁੱਕ ਕੇ ਹਸਪਤਾਲ ਲਿਜਾਂਦਾ ਹੋਇਆ ਬਚਾਅ ਕਰਮੀ।



## ਪ੍ਰਧਾਨ ਮੰਤਰੀ ਮੋਦੀ ਵੱਲੋਂ ਦੁੱਖ ਦਾ ਪ੍ਰਗਟਾਵਾ, ਮਦਦ ਭੇਜੀ

**ਨਵੀਂ ਦਿੱਲੀ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤੁਰਕੀ ਤੇ ਸੀਰੀਆ 'ਚ ਭੂਚਾਲ ਕਾਰਨ ਹੋਈਆਂ ਮੌਤਾਂ 'ਤੇ ਦੁੱਖ ਜ਼ਾਹਿਰ ਕੀਤਾ ਹੈ। ਉਨ੍ਹਾਂ ਮ੍ਰਿਤਕਾਂ ਤੇ ਜ਼ਖ਼ਮੀਆਂ ਪ੍ਰਤੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ, ਸੀਰੀਆ ਦਾ ਦੁੱਖ ਸਾਂਝਾ ਕਰਦਾ ਹੈ, ਤੇ ਔਖੇ ਸਮੇਂ ਵਿਚ ਹਰ ਸੰਭਵ ਮਦਦ ਭੇਜਣ ਲਈ ਵਚਨਬੱਧ ਹੈ। ਮੋਦੀ ਨੇ ਨਾਲ ਹੀ ਕਿਹਾ ਕਿ ਭਾਰਤ ਇਸ ਮੁਸ਼ਕਲ ਸਮੇਂ ਵਿਚ ਤੁਰਕੀ ਦੇ ਲੋਕਾਂ ਨਾਲ ਖੜ੍ਹਾ ਹੈ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਵੀ ਤੁਰਕੀ ਨਾਲ ਦੁੱਖ ਸਾਂਝਾ ਕੀਤਾ ਹੈ। ਪ੍ਰਧਾਨ ਮੰਤਰੀ ਸਕੱਤਰੇਤ (ਪੀ.ਐੱਮ.ਓ.) ਵੱਲੋਂ ਕੀਤੇ ਐਲਾਨ ਤੋਂ ਕੁਝ ਘੰਟਿਆਂ ਬਾਅਦ ਭਾਰਤ ਨੇ ਭਾਰਤੀ ਹਵਾਈ ਸੈਨਾ ਦੇ ਜਹਾਜ਼ ਰਾਹੀਂ ਭੂਚਾਲ ਰਾਹਤ ਸਮੱਗਰੀ ਦੀ ਖੇਪ ਤੁਰਕੀ ਲਈ ਰਵਾਨਾ ਕੀਤੀ। ਪ੍ਰਧਾਨ ਮੰਤਰੀ ਸਕੱਤਰੇਤ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਐੱਨ.ਡੀ.ਆਰ.ਐੱਫ. ਅਤੇ ਰਾਹਤ ਸਮੱਗਰੀ ਵਾਲੀਆਂ ਮੈਡੀਕਲ ਟੀਮਾਂ ਤੁਰਕੀ ਦੀ ਸਰਕਾਰ ਦੇ ਤਾਲਮੇਲ ਵਿਚ ਤੁਰਕੀ ਭੇਜੀਆਂ ਜਾਣਗੀਆਂ। ਇਸ ਵਿਚ ਐੱਨ.ਡੀ.ਆਰ.ਐੱਫ. ਦੀਆਂ ਵਿਸ਼ੇਸ਼ ਖੋਜ ਅਤੇ ਬਚਾਅ ਟੀਮਾਂ ਸ਼ਾਮਲ ਹਨ, ਜਿਸ ਵਿਚ ਪੁਰਸ਼ ਅਤੇ ਮਹਿਲਾ ਕਰਮਚਾਰੀ, ਕੁੱਤਿਆਂ ਦੇ ਦਸਤੇ, ਮੈਡੀਕਲ ਸਪਲਾਈ, ਉੱਨਤ 'ਡਰਿਲਿੰਗ' ਉਪਕਰਣ ਅਤੇ ਰਾਹਤ ਕਾਰਜਾਂ ਲਈ ਲੋੜੀਂਦੇ ਹੋਰ ਸਾਜ਼ੋ-ਸਾਮਾਨ ਸ਼ਾਮਲ ਹਨ।

## ਅਮਰੀਕਾ, ਯੂ.ਕੇ. ਤੇ ਯੂਰਪੀ ਮੁਲਕਾਂ ਵੱਲੋਂ ਭੂਚਾਲ ਪੀੜਤਾਂ ਲਈ ਭੇਜੀ ਮਦਦ

**ਲੰਡਨ/ਵਾਸ਼ਿੰਗਟਨ, (ਪੰਜਾਬ ਮੇਲ)-** ਯੂ.ਕੇ. ਸਰਕਾਰ ਨੇ ਕਿਹਾ ਕਿ ਉਨ੍ਹਾਂ ਵੱਲੋਂ ਤੁਰਕੀ ਦੀ ਮਦਦ ਲਈ ਤੁਰੰਤ ਐਮਰਜੈਂਸੀ ਟੀਮਾਂ ਭੇਜੀਆਂ ਜਾ ਗਈਆਂ ਹਨ। ਵਿਦੇਸ਼, ਰਾਸ਼ਟਰਮੰਡਲ ਤੇ ਵਿਕਾਸ ਦਫ਼ਤਰ ਨੇ ਕਿਹਾ ਕਿ ਉਹ ਖੋਜ, ਬਚਾਅ ਤੇ ਮੈਡੀਕਲ ਮਾਹਿਰਾਂ ਨੂੰ ਤੁਰਕੀ ਭੇਜ ਰਹੇ ਹਨ। ਯੂ.ਕੇ. ਦੇ ਵਿਦੇਸ਼ ਮੰਤਰੀ ਜੇਮਜ਼ ਕਲੈਵਰਲੀ ਨੇ ਦੱਸਿਆ ਕਿ ਸੀਰੀਆ ਵਿਚ ਯੂ.ਕੇ. ਸਰਕਾਰ ਵੱਲੋਂ ਸਹਾਇਤਾ ਪ੍ਰਾਪਤ ਵਾਈਟ ਹੈਲਮੈਟਸ ਨੂੰ ਮਦਦ ਲਈ ਤਾਇਨਾਤ ਕਰ ਦਿੱਤਾ ਗਿਆ ਹੈ। ਯੂ.ਕੇ. ਸਰਕਾਰ ਨੇ ਕਿਹਾ ਕਿ ਉਹ ਤੁਰਕੀ ਨੂੰ ਹਰ ਸੰਭਵ ਮਦਦ ਦੇ ਰਹੇ ਹਨ। ਅੰਕਾਰਾ ਦਾ ਬ੍ਰਿਟਿਸ਼ ਦੂਤਾਵਾਸ ਸਥਾਨਕ ਸਰਕਾਰ ਨਾਲ ਪੂਰਾ ਤਾਲਮੇਲ ਕਰ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵੀ ਮਦਦ ਲਈ ਹੁਕਮ ਜਾਰੀ ਕਰ ਦਿੱਤੇ ਹਨ। ਉਨ੍ਹਾਂ ਭੂਚਾਲ ਨਾਲ ਪ੍ਰਭਾਵਿਤ ਲੋਕਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ। ਯੂ.ਕੇ. ਤੇ ਅਮਰੀਕਾ ਤੋਂ ਇਲਾਵਾ ਜਰਮਨੀ, ਤਾਇਵਾਨ, ਨਾਟੋ ਗੱਠਜੋੜ ਤੇ ਕਈ ਯੂਰੋਪੀ ਮੁਲਕਾਂ ਨੇ ਤੁਰਕੀ ਨੂੰ ਮਦਦ ਦੀ ਪੇਸ਼ਕਸ਼ ਕੀਤੀ ਹੈ ਤੇ ਮਦਦ ਭੇਜੀ ਜਾ ਰਹੀ ਹੈ। ਤੁਰਕੀ ਦੇ ਰਾਸ਼ਟਰਪਤੀ ਰੇਸਿਪ ਤਈਅਪ ਅਰਦੋਗਾਂ ਨੇ ਆਸ ਜਤਾਈ ਹੈ ਕਿ ਮੁਲਕ ਇਸ ਤ੍ਰਾਸਦੀ ਵਿਚੋਂ ਜਲਦੀ ਉੱਭਰੇਗਾ। ਤੁਰਕੀ ਦੇ ਰਾਸ਼ਟਰਪਤੀ ਨੇ ਕਿਹਾ ਹੈ ਕਿ 1939 ਤੋਂ ਬਾਅਦ ਦੇਸ਼ ਵਿਚ ਆਇਆ ਇਹ ਸਭ ਤੋਂ ਮਾਰੂ ਭੂਚਾਲ ਹੈ। ਭੂਚਾਲ ਦਾ ਕੇਂਦਰ ਜ਼ਮੀਨ ਤੋਂ 18 ਕਿਲੋਮੀਟਰ ਹੇਠਾਂ ਦੱਸਿਆ ਗਿਆ ਹੈ। ਤੁਰਕੀ ਦੀ ਆਫ਼ਤ ਪ੍ਰਬੰਧਨ ਅਥਾਰਿਟੀ ਨੇ ਦੱਸਿਆ ਕਿ 7.5 ਦੀ ਤੀਬਰਤਾ ਵਾਲਾ ਇਕ ਹੋਰ ਭੂਚਾਲ ਵੀ ਆਇਆ ਹੈ। ਇਸ ਨਾਲ ਹੋਏ ਨੁਕਸਾਨ ਬਾਰੇ ਅਜੇ ਤੱਕ ਕੁਝ ਸਪੱਸ਼ਟ ਨਹੀਂ ਹੈ। 'ਨਾਟੋ' ਤੇ ਯੂਰੋਪੀਅਨ ਮੁਲਕਾਂ ਵੱਲੋਂ ਤੁਰਕੀ ਨੂੰ ਮਦਦ ਦੀ ਪੇਸ਼ਕਸ਼ ਕੀਤੀ ਗਈ ਹੈ। ਭੂਚਾਲ ਕਾਰਨ ਨੁਕਸਾਨ ਕਾਫ਼ੀ ਜ਼ਿਆਦਾ ਹੋਇਆ ਹੈ ਤੇ ਸਖ਼ਤ ਠੰਢ ਵੀ ਬਚਾਅ ਕਾਰਜਾਂ ਵਿਚ ਅੜਿੱਕਾ ਬਣ ਰਹੀ ਹੈ। ਘਰਾਂ ਨੂੰ ਨੁਕਸਾਨ ਪੁੱਜਣ ਕਾਰਨ ਲੋਕਾਂ ਨੂੰ ਮਸਜ਼ਿਦਾਂ ਵਿਚ ਸ਼ਰਨ ਦਿੱਤੀ ਗਈ ਹੈ। ਸੀਰੀਆ ਦੇ ਇਦਲੀਬ ਸੂਬੇ ਵਿਚ ਵੀ ਵੱਡਾ ਨੁਕਸਾਨ ਹੋਣ ਦੀ ਸੂਚਨਾ ਹੈ। ਵੇਰਵਿਆਂ ਮੁਤਾਬਤ ਤੁਰਕੀ ਦੇ 10 ਸੂਬਿਆਂ ਵਿਚ ਮੌਤਾਂ ਹੋਈਆਂ ਹਨ।



ਭੂਚਾਲ ਕਾਰਨ ਮਲਬੇ 'ਚ ਤਬਦੀਲ ਹੋਈ ਇਕ ਇਮਾਰਤ।



# ਮੈਕਸੀਕੋ ਤੋਂ ਅਮਰੀਕਾ 'ਚ ਭਾਰਤੀਆਂ ਨੂੰ ਨਾਜਾਇਜ਼ ਢੰਗ ਨਾਲ ਦਾਖਲੇ ਲਈ ਗਰੋਹ ਵਸੂਲਦੇ ਹਨ 21 ਹਜ਼ਾਰ ਡਾਲਰ

## ਬਣਾ ਕੇ ਰੱਖਦੇ ਹਨ ਗ਼ੁਲਾਮ



**ਵਾਸ਼ਿੰਗਟਨ, (ਪੰਜਾਬ ਮੇਲ)-** ਐਰੀਜ਼ੋਨਾ ਦੇ ਕੋਚੀਜ਼ ਕਾਊਂਟੀ ਦੇ ਸ਼ੈਰਿਫ ਮਾਰਕ ਡੈਨਲਸ ਨੇ ਵਾਸ਼ਿੰਗਟਨ ਵਿਚ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਭਾਰਤੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਅਮਰੀਕੀ ਸਰਹੱਦ ਪਾਰ ਕਰਨ ਵਿਚ ਮਦਦ ਕਰਨ ਲਈ ਔਸਤਨ 21,000 ਡਾਲਰ ਵਸੂਲਦੇ ਹਨ। ਡੈਨਲਸ ਨੇ ਇਸ ਹਫਤੇ ਸਦਨ ਦੀ ਨਿਆਂਪਾਲਿਕਾ ਕਮੇਟੀ ਦੇ ਮੈਂਬਰਾਂ ਨੂੰ ਦੱਸਿਆ ਕਿ ਇੱਕ ਅਪਰਾਧਿਕ ਸੰਗਠਨ ਨੇ ਇੱਕ ਵਿਦੇਸ਼ੀ ਨਾਗਰਿਕ ਨੂੰ ਸੰਯੁਕਤ ਰਾਜ ਵਿਚ ਤਸਕਰੀ ਕਰਨ ਲਈ ਘੱਟੋ-ਘੱਟ 7,000 ਡਾਲਰ ਦੀ ਵਸੂਲੀ ਕੀਤੀ। ਡੈਨਲਸ ਨੇ ਕਿਹਾ ਕਿ ਮੈਕਸੀਕੋ ਨਾਲ ਲੱਗਦੀ ਸਰਹੱਦ ਸੁਰੱਖਿਅਤ ਨਹੀਂ ਹੈ। ਅਮਰੀਕਾ ਦੀ ਦੱਖਣੀ ਸਰਹੱਦ 'ਤੇ ਅੰਤਰਰਾਸ਼ਟਰੀ ਅਪਰਾਧਿਕ ਸੰਗਠਨਾਂ ਦਾ ਕਬਜ਼ਾ ਹੈ। ਉਹ ਫੈਸਲਾ ਕਰਦੇ ਹਨ ਕਿ ਕੌਣ ਆਵੇਗਾ। ਉਨ੍ਹਾਂ ਦੀ ਫੀਸ ਇਸ ਗੱਲ 'ਤੇ ਤੈਅ ਹੁੰਦੀ ਹੈ ਕਿ ਕਿ ਤੁਸੀਂ ਕੌਣ ਹੋ। ਕੀ ਤੁਸੀਂ ਕਿਸੇ ਹੋਰ ਦੇਸ਼ ਤੋਂ ਅੱਤਵਾਦੀ ਹੋ?" ਕਾਂਗਰਸਮੈਨ ਬੈਰੀ ਮੂਰ ਦੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ, 'ਮੇਰੇ ਖਿਆਲ ਵਿਚ ਭਾਰਤੀਆਂ ਤੋਂ 21,000 ਡਾਲਰ ਵਸੂਲੇ ਜਾਂਦੇ ਹਨ ਪਰ ਘੱਟੋ-ਘੱਟ ਰਾਸ਼ੀ 7,000 ਡਾਲਰ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕਾਂ ਕੋਲ ਇੰਨਾ ਪੈਸਾ ਨਹੀਂ ਹੁੰਦਾ। ਇਸ ਲਈ ਜਦੋਂ ਉਹ ਦੇਸ਼ ਵਿਚ ਆਉਂਦੇ ਹਨ, ਤਾਂ ਉਹ ਇਨ੍ਹਾਂ ਸੰਗਠਨਾਂ ਦੇ ਗੁਲਾਮ ਬਣ ਕੇ ਰਹਿ ਜਾਂਦੇ ਹਨ, ਜੋ ਵੇਸਵਾਗਮਨੀ, ਸੰਗਠਿਤ ਅਪਰਾਧ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਮਜ਼ਦੂਰੀ ਲਈ ਵਰਤਦੇ ਹਨ।

# ਟਰੰਪ ਨੂੰ ਚਿੱਠੀ ਰਾਹੀਂ ਜ਼ਹਿਰ ਭੇਜਣ ਵਾਲੀ ਕੈਨੇਡੀਅਨ ਔਰਤ ਨੇ ਗੁਨਾਹ ਕਬੂਲਿਆ



**ਐਬਟਸਫੋਰਡ, (ਪੰਜਾਬ ਮੇਲ)-** ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਚਿੱਠੀ ਰਾਹੀਂ ਜ਼ਹਿਰ ਭੇਜਣ ਵਾਲੀ 55 ਸਾਲਾ ਕੈਨੇਡੀਅਨ ਔਰਤ ਪੈਸਕੇਲ ਫੈਰੀਅਰ ਨੇ ਅਦਾਲਤ 'ਚ ਆਪਣਾ ਗੁਨਾਹ ਸਵੀਕਾਰ ਕਰ ਲਿਆ ਹੈ। ਇਸ ਜੁਰਮ ਲਈ ਪੈਸਕੇਲ ਫੈਰੀਅਰ ਨੂੰ 22 ਸਾਲ ਦੀ ਸਜ਼ਾ ਹੋ ਸਕਦੀ ਹੈ। ਕਿਊਬਕ ਸੂਬੇ ਦੇ ਮਾਂਟਰੀਅਲ ਸਾਊਥ ਸ਼ੋਰ ਦੇ ਸੇਂਟ ਹਬਰਟ ਦੀ ਰਹਿਣ ਵਾਲੀ ਪੈਸਕੇਲ ਨੂੰ ਕੈਨੇਡਾ-ਅਮਰੀਕਾ ਸਰਹੱਦ 'ਤੇ 20 ਸਤੰਬਰ, 2020 ਨੂੰ ਟਰੰਪ ਨੂੰ ਜ਼ਹਿਰ ਵਾਲੀ ਚਿੱਠੀ ਭੇਜਣ ਦੇ ਦੋਸ਼ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ, ਹਾਲਾਂਕਿ ਅਮਰੀਕਨ ਅਧਿਕਾਰੀਆਂ ਨੇ ਇਹ ਜ਼ਹਿਰ ਵਾਲੀ ਚਿੱਠੀ ਵ੍ਹਾਈਟ ਹਾਊਸ ਪਹੁੰਚਣ ਤੋਂ ਪਹਿਲਾਂ ਹੀ 18 ਸਤੰਬਰ ਨੂੰ ਜ਼ਬਤ ਕਰ ਲਈ ਸੀ। ਇਸ ਤੋਂ ਇਲਾਵਾ ਪੈਸਕੇਲ ਫੈਰੀਅਰ ਨੇ ਅਮਰੀਕਾ ਦੇ ਟੈਕਸਸ ਦੇ 8 ਲਾਅ ਇਨਫੋਰਸਮੈਂਟ 'ਤੇ ਜੇਲ੍ਹ ਅਧਿਕਾਰੀਆਂ ਨੂੰ ਵੀ ਜ਼ਹਿਰ ਵਾਲੀਆਂ ਚਿੱਠੀਆਂ ਭੇਜੀਆਂ ਸਨ। ਪੈਸਕੇਲ ਫੈਰੀਅਰ ਨੂੰ ਅਮਰੀਕਾ ਦੀ ਅਦਾਲਤ ਵੱਲੋਂ 26 ਅਪ੍ਰੈਲ ਨੂੰ ਸਜ਼ਾ ਸੁਣਾਈ ਜਾਵੇਗੀ।

# ਨਿਊਜਰਸੀ ਵਿਚ ਕੌਂਸਲ ਮੈਂਬਰ ਦੀ ਗੋਲੀਆਂ ਮਾਰ ਕੇ ਹੱਤਿਆ



ਈਨਾਈਸ ਡਵਮਫੋਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਸੇਰੇਵਿਲੇ ਦੇ ਬਰੌਘ, ਨਿਊ ਜਰਸੀ ਸ਼ਹਿਰ ਦੀ ਕੌਂਸਲ ਮੈਂਬਰ ਈਨਾਈਸ ਡਵਮਫੋਰ ਦੀ ਗੋਲੀਆਂ ਵਿੰਨੀ ਲਾਸ਼ ਉਸ ਦੀ ਕਾਰ ਵਿਚੋਂ ਬਰਾਮਦ ਹੋਈ ਹੈ। 30 ਸਾਲਾ ਡਵਮਫੋਰ ਰਿਪਬਲੀਕਨ ਪਾਰਟੀ ਦੀ ਆਗੂ ਸੀ। ਪੁਲਿਸ ਅਨੁਸਾਰ ਉਸ ਦੇ ਕਈ ਗੋਲੀਆਂ ਵਜੀਆਂ ਹੋਈਆਂ ਸਨ ਤੇ ਉਸ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਡਵਮਫੋਰ ਆਪਣੇ ਘਰ ਨੇੜੇ ਕਾਰ ਵਿਚ ਹੀ ਸੀ, ਜਦੋਂ ਉਸ ਦੇ ਗੋਲੀਆਂ ਮਾਰੀਆਂ ਗਈਆਂ। ਗੋਲੀਆਂ ਚੱਲਣ ਉਪਰੰਤ ਉਸ ਦੀ ਕਾਰ ਸੜਕ ਤੋਂ ਉਤਰ ਕੇ ਸੜਕ ਉਪਰ ਖੜੇ ਹੋਰ ਵਾਹਣਾਂ ਵਿਚ ਜਾ ਵੱਜੀ। ਪੁਲਿਸ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਸਮੇ ਕਿਸੇ ਸਿੱਟੇ 'ਤੇ ਨਹੀਂ ਪੁੱਜਿਆ ਜਾ ਸਕਦਾ। ਸੇਰੇਵਿਲੇ ਦੀ ਮੇਅਰ ਵਿਕਟੋਰੀਆ ਕਿਲਪਾਟਰਿਕ ਨੇ ਕਿਹਾ ਹੈ ਕਿ ਉਸ ਨੂੰ ਡਵਮਫੋਰ ਦੀ ਮੌਤ ਉਪਰ ਅਫਸੋਸ ਹੈ। ਉਸ ਦਾ ਇਸਾਈ ਧਰਮ ਵਿਚ ਅਥਾਹ ਵਿਸ਼ਵਾਸ ਸੀ ਤੇ ਉਹ ਇਕ ਕੁਸ਼ਲ ਆਗੂ ਸੀ।

# ਕੈਨੇਡੀਅਨ ਸੰਸਦ ਮੈਂਬਰਾਂ ਵੱਲੋਂ 10 ਹਜ਼ਾਰ ਉਈਗਰ ਸ਼ਰਨਾਰਥੀਆਂ ਦੇ ਮੁੜ-ਵਸੇਬੇ ਦੀ ਹਮਾਇਤ




**ਓਟਵਾ, (ਪੰਜਾਬ ਮੇਲ)-** ਕੈਨੇਡਾ ਦੀ ਸੰਸਦ ਨੇ ਬੁੱਧਵਾਰ ਨੂੰ ਸਰਬਸੰਮਤੀ ਨਾਲ 10,000 ਉਈਗਰ ਸ਼ਰਨਾਰਥੀਆਂ ਨੂੰ ਸ਼ਰਨ ਦੇਣ ਦਾ ਪ੍ਰਸਤਾਵ ਪਾਸ ਕੀਤਾ, ਜੋ ਚੀਨ ਤੋਂ ਭੱਜ ਗਏ ਸਨ ਪਰ ਹੁਣ ਵਾਪਸੀ ਲਈ ਦਬਾਅ ਦਾ ਸਾਹਮਣਾ ਕਰ ਰਹੇ ਹਨ। ਇਹ ਕਦਮ ਫਰਵਰੀ 2021 'ਚ ਕੈਨੇਡੀਅਨ ਸੰਸਦ ਮੈਂਬਰਾਂ ਦੁਆਰਾ ਉੱਤਰ-ਪੱਛਮੀ ਸ਼ਿਨਜਿਆਂਗ ਖੇਤਰ ਵਿਚ ਉਈਗਰਾਂ ਅਤੇ ਹੋਰ ਤੁਰਕੀ ਮੁਸਲਮਾਨਾਂ ਨਾਲ ਬੀਜਿੰਗ ਦੇ ਸਲੂਕ ਨੂੰ ਨਸਲਕੁਸ਼ੀ ਵਜੋਂ ਲੇਬਲ ਕਰਨ ਲਈ ਬਣਾਇਆ ਗਿਆ ਹੈ।

ਅਧਿਕਾਰ ਸਮੂਹਾਂ ਦਾ ਮੰਨਣਾ ਹੈ ਕਿ ਘੱਟੋ-ਘੱਟ 10 ਲੱਖ ਉਈਗਰ ਅਤੇ ਹੋਰ ਜ਼ਿਆਦਾਤਰ ਮੁਸਲਿਮ ਘੱਟ ਗਿਣਤੀਆਂ ਨੂੰ ਇਸ ਖੇਤਰ ਦੇ ਨਜ਼ਰਬੰਦੀ ਕੈਂਪਾਂ ਵਿਚ ਕੈਦ ਕੀਤਾ ਗਿਆ ਹੈ, ਜਿੱਥੇ ਚੀਨ 'ਤੇ ਔਰਤਾਂ ਦੀ ਜ਼ਬਰਦਸਤੀ ਨਸਬੰਦੀ ਕਰਨ ਦਾ ਵੀ ਦੋਸ਼ ਹੈ। ਹਾਊਸ ਆਫ ਕਾਮਨਜ਼ ਨੇ ਲਿਬਰਲ ਮੈਂਬਰ ਪਾਰਲੀਮੈਂਟ ਸਮੀਰ ਜ਼ੁਬੇਰੀ ਦੇ ਬਿੱਲ ਨੂੰ 322-0 ਨਾਲ ਵੋਟ ਦਿੱਤਾ ਗਿਆ। ਪ੍ਰਸਤਾਵ ਨੂੰ ਪ੍ਰਾਯੋਜਿਤ ਕਰਨ ਵਾਲੇ ਬੈਕਬੈਂਚ ਐੱਮ.ਪੀ. ਸਮੀਰ ਜ਼ੁਬੇਰੀ ਦੇ ਅਨੁਸਾਰ ਘੱਟੋ-ਘੱਟ 1,600 ਲੋਕਾਂ ਨੂੰ ਚੀਨ ਦੇ ਇਸ਼ਾਰੇ 'ਤੇ ਦੂਜੇ ਦੇਸ਼ਾਂ 'ਚ ਨਜ਼ਰਬੰਦ ਕੀਤਾ ਗਿਆ ਹੈ ਜਾਂ ਜ਼ਬਰਦਸਤੀ ਵਾਪਸ ਭੇਜਿਆ ਗਿਆ ਹੈ।

ਇਕ ਨਿਊਜ਼ ਕਾਨਫਰੰਸ 'ਚ ਜ਼ੁਬੇਰੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਉਨ੍ਹਾਂ ਦੀ ਕੈਬਨਿਟ ਨੇ ਇਸ ਮਤੇ ਦੇ ਸਮਰਥਨ ਵਿਚ ਵੋਟ ਦਿੱਤੀ। ਇਹ ਸਪੱਸ਼ਟ ਸੰਕੇਤ ਹੈ ਕਿ ਅਸੀਂ ਉਈਗਰ ਲੋਕਾਂ ਵਿਰੁੱਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਸਵੀਕਾਰ ਨਹੀਂ ਕਰਦੇ ਹਾਂ। ਉਈਗਰਾਂ ਨਾਲ ਜੋ ਹੋ ਰਿਹਾ ਹੈ, ਉਹ ਅਸਵੀਕਾਰਨਯੋਗ ਹੈ।



# ਕੈਨੇਡਾ ’ਚ ਯੋਗ ਪਾਇਲਟਾਂ ਦੀ ਹੋਈ ਘਾਟ!

ਓਟਵਾ, (ਪੰਜਾਬ ਮੇਲ)- ਕੈਨੇਡਾ ਦੀ ਟਰੈਵਲ ਹਿਸਟਰੀ ’ਚ ਕਈ ਉਤਰਾਅ ਚੜ੍ਹਾਅ ਦਰਜ ਕੀਤੇ ਗਏ ਹਨ। ਹੁਣ ਜਦੋਂ ਮਹਾਮਾਰੀ ਇਕ ਵਾਰੀ ਖ਼ਤਮ ਹੋ ਚੁੱਕੀ ਹੈ, ਤਾਂ ਅਜਿਹੇ ਵਿਚ ਟਰੈਵਲ ਦੀ ਮੰਗ ਵੀ ਵਧ ਗਈ ਹੈ ਪਰ ਹੁਣ ਯੋਗ ਪਾਇਲਟਾਂ ਦੀ ਘਾਟ ਦਾ ਮੁੱਦਾ ਮੂੰਹ ਅੱਡੀ ਖੜ੍ਹਾ ਹੈ।

ਟੋਰਾਂਟੋ ਪੋਰਟ ਕੈਨੇਡਾ ਅਨੁਸਾਰ ਮਹਾਮਾਰੀ ਤੋਂ ਪਹਿਲਾਂ ਵਾਲੇ ਸਾਲ ਵਿਚ ਅੰਦਾਜ਼ਨ 1100 ਪਾਇਲਟ ਲਾਇਸੈਂਸ ਜਾਰੀ ਕੀਤੇ ਗਏ। ਇਨ੍ਹਾਂ ਨਾਲ ਵਿਦੇਸ਼ਾਂ ਤੋਂ ਸਿਖਲਾਈ ਪ੍ਰਾਪਤ ਪਾਇਲਟਾਂ ਦੇ ਜੁੜ ਜਾਣ ਨਾਲ ਵੈਸਟਜੈੱਟ ਤੇ ਏਅਰ ਕੈਨੇਡਾ ਸਮੇਤ ਇਹ ਕੈਰੀਅਰਜ਼ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਾਫੀ ਸਨ ਪਰ 2020 ਵਿਚ ਉਡਾਨਾਂ ਦੀ ਮੰਗ ਘਟਣ ਨਾਲ ਹੀ ਨਵੇਂ ਪਾਇਲਟਾਂ



ਦੀ ਗਿਣਤੀ ਵੀ ਘੱਟ ਗਈ। ਸਰਕਾਰੀ ਅੰਕੜਿਆਂ ਅਨੁਸਾਰ 2020 ਵਿਚ 500 ਤੋਂ ਵੀ ਘੱਟ ਲਾਇਸੈਂਸ ਜਾਰੀ ਕੀਤੇ ਗਏ। 2021 ਵਿਚ 300 ਲਾਇਸੈਂਸ ਤੇ ਪਿਛਲੇ ਸਾਲ 238 ਲਾਇਸੈਂਸ ਜਾਰੀ ਕੀਤੇ ਗਏ।

ਵਿਭਾਗ ਨੇ ਦੱਸਿਆ ਕਿ ਏਅਰਲਾਈਨ ਸੈਕਟਰ ਵਿਚ ਲੇਬਰ ਦੀ ਘਾਟ ਦਾ ਮੁੱਦਾ ਮੁੱਖ ਤੌਰ ਉੱਤੇ ਛਾਇਆ ਹੋਇਆ ਹੈ ਅਤੇ ਨਿਯਮਾਂ ਵਿਚ ਕਿਸੇ ਤਰ੍ਹਾਂ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਪਰ ਏਜੰਸੀ ਦਾ ਕਹਿਣਾ ਹੈ ਕਿ ਕੈਨੇਡੀਅਨ ਫਲਾਈਟ ਟਰੇਨਿੰਗ ਇੰਡਸਟਰੀ ਵਿਚ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ। ਇਸ ਇੰਡਸਟਰੀ ਵਿਚ ਆਉਣ ਵਾਲੀਆਂ ਤਬਦੀਲੀਆਂ ਨਾਲ ਨੇੜ ਭਵਿੱਖ ਵਿਚ ਸ਼ਾਇਦ ਹੀ ਕੋਈ ਮਦਦ ਮਿਲ ਸਕੇ। ਟਰੈਵਲਰਜ਼ ਨੂੰ ਵੀ ਇੰਡਸਟਰੀ ’ਚ ਲੇਬਰ ਦੀ ਇਸ ਘਾਟ ਦਾ ਸਵਾਦ ਵੇਖਣਾ ਪੈ ਰਿਹਾ ਹੈ।

ਇਸ ਦੌਰਾਨ ਤਜ਼ਰਬੇਕਾਰ ਪਾਇਲਟਾਂ ਦੀਆਂ ਤਨਖਾਹਾਂ ਵੀ ਤੇਜ਼ੀ ਨਾਲ ਵਧੀਆਂ ਹਨ। ਵੱਡੀਆਂ ਏਅਰਲਾਈਨਜ਼ ਵੱਲੋਂ ਇਸ ਗੱਲ ਦਾ ਲਾਹਾ ਲਿਆ ਜਾ ਰਿਹਾ ਹੈ। ਪਾਇਲਟ ਵੀ ਆਪਣੀ ਪਸੰਦ ਮੁਤਾਬਕ ਏਅਰਲਾਈਨ ਦੀ ਚੋਣ ਕਰ ਰਹੇ ਹਨ। ਇਸ ਨਾਲ ਹੋਰਨਾਂ ਥਾਵਾਂ ਉੱਤੇ ਲੇਬਰ ਦੀ ਘਾਟ ਵੀ ਮਹਿਸੂਸ ਹੋ ਰਹੀ ਹੈ।

## ਅਮਰੀਕੀ ਡਰੱਗ ਰੈਗੂਲੇਟਰ ਵੱਲੋਂ ਜਾਰੀ ਅਲਰਟ ਮਗਰੋਂ ‘ਆਈ ਡਰੌਪਸ’ ਵਾਪਸ ਮੰਗਾਏ

ਨਵੀਂ ਦਿੱਲੀ, (ਪੰਜਾਬ ਮੇਲ)- ਅਮਰੀਕੀ ਡਰੱਗ ਰੈਗੂਲੇਟਰ ਵੱਲੋਂ ਜਾਰੀ



ਅਲਰਟ ਮਗਰੋਂ ਭਾਰਤੀ ਫਰਮ ਗਲੋਬਲ ਫਾਰਮਾ ਹੈੱਲਥਕੇਅਰ ਨੇ ਮਸਨੂਈ ਅੱਥਰੂ (ਆਰਟੀਫੀਸ਼ੀਅਲ ਟੀਅਰਜ਼) ਤੇ ਲੁਬਰੀਕੈਂਟ ਆਈ ਡਰੌਪਸ ਦਾ ਸਾਰਾ ਲਾਟ ਵਾਪਸ ਮੰਗਵਾ ਲਿਆ ਹੈ। ਅਮਰੀਕਾ ਵਿਚ ਇਹ ਦਵਾਈ ਪਾਉਣ ਨਾਲ ਇਕ ਵਿਅਕਤੀ ਦੀ ਮੌਤ ਤੇ ਕੁਝ ਲੋਕਾਂ ਦੀ ਪੱਕੇ ਤੌਰ ’ਤੇ ਨਿਗ੍ਹਾ ਜਾਣ ਸਣੇ ਕੁੱਲ 55 ਘਟਨਾਵਾਂ ਸਾਹਮਣੇ ਆਉਣ ਮਗਰੋਂ ਇਹ ਕਦਮ ਚੁੱਕਿਆ ਗਿਆ ਹੈ। ਈਜ਼ੀਕੇਅਰ ਤੇ ਡੈੱਲਸਾਮ ਫਾਰਮਾ ਦੇ ਬਰਾਂਡ ਨਾਂ ਵਾਲੇ ਆਈ ਡਰੌਪਸ ਦੀ ਡਿਸਟ੍ਰੀਬਿਊਸ਼ਨ ਈਜ਼ੀਕੇਅਰ, ਐੱਲ.ਐੱਲ.ਸੀ. ਤੇ ਡੈੱਲਸਾਮ ਫਾਰਮਾ ਵੱਲੋਂ ਕੀਤੀ ਜਾ ਰਹੀ ਹੈ।

## ਕੈਲੀਫੋਰਨੀਆ ’ਚ ਮਾਂ ਤੇ 10 ਮਹੀਨਿਆਂ ਦੇ ਬੱਚੇ ਸਮੇਤ ਹੋਈਆਂ 6 ਹੱਤਿਆਵਾਂ ਦੇ ਮਾਮਲੇ ’ਚ 2 ਸ਼ੱਕੀ ਗ੍ਰਿਫਤਾਰ



ਮਾਰੇ ਗਏ ਪਰਿਵਾਰ ਦੇ 6 ਜੀਆਂ ਦੀਆਂ ਤਸਵੀਰਾਂ।

■ ਹੱਤਿਆਵਾਂ ਗਿਰੋਹਾਂ ਦੀ ਆਪਸੀ ਦੁਸ਼ਮਣੀ ਦਾ ਸਿੱਟਾ-ਪੁਲਿਸ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਪਿਛਲੇ ਮਹੀਨੇ ਕੇਂਦਰੀ ਕੈਲੀਫੋਰਨੀਆ ਦੇ ਗੋਸ਼ਨ ਕਸਬੇ ਵਿਚ ਨਬਾਲਗ ਮਾਂ ਤੇ ਉਸ ਦੇ 10 ਮਹੀਨਿਆਂ ਦੇ ਲੜਕੇ ਸਮੇਤ ਮਾਰੇ ਗਏ ਇਕ ਪਰਿਵਾਰ ਦੇ 6 ਜੀਆਂ ਦੇ ਮਾਮਲੇ ਵਿਚ ਪੁਲਿਸ ਵੱਲੋਂ 2 ਸ਼ੱਕੀ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਟੂਲੇਰ ਕਾਊਂਟੀ ਦੇ ਸ਼ੈਰਿਫ ਮਾਈਕ ਬੌਡਰੀਅਕਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗ੍ਰਿਫਤਾਰ ਸ਼ੱਕੀ ਦੋਸ਼ੀਆਂ ’ਚ ਐਂਜਲ ਉਰੀਅਰਟ (35) ਤੇ ਨੋਆਹ ਬੀਅਰਡ (25) ਸ਼ਾਮਿਲ ਹਨ, ਜੋ ਨਾਰਟੀਨੋ ਗਿਰੋਹ ਦੇ ਮੈਂਬਰ ਹਨ। ਉਨ੍ਹਾਂ ਕਿਹਾ ਕਿ ਇਹ ਹੱਤਿਆਵਾਂ ਸੰਭਾਵੀ ਤੌਰ ’ਤੇ ਨਾਰਟੀਨੋ ਤੇ ਸੂਰੇਨੋਸ ਗਿਰੋਹ ਦੀ ਆਪਸੀ ਦੁਸ਼ਮਣੀ ਦਾ ਸਿੱਟਾ ਹੈ। ਸ਼ੈਰਿਫ ਅਨੁਸਾਰ ਸ਼ੱਕੀ ਦੋਸ਼ੀਆਂ ਤੇ ਪੀੜਤਾਂ ਦਾ ਗੰਨ ਹਿੰਸਾ ਦਾ ਪੁਰਾਣਾ ਰਿਕਾਰਡ ਹੈ। ਉਹ ਵੱਡੀ ਪੱਧਰ ’ਤੇ ਗਿਰੋਹ ਹਿੰਸਾ, ਗੰਨ ਹਿੰਸਾ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ’ਚ ਸ਼ਾਮਲ ਰਹੇ ਹਨ। ਏ.ਟੀ.ਐੱਫ. ਦੇ ਕਾਰਜਕਾਰੀ ਇੰਚਾਰਜ ਜੋਸ਼ੂਆ ਜੈਕਸਨ ਅਨੁਸਾਰ ਗ੍ਰਿਫਤਾਰੀ ਸਮੇਂ ਸ਼ੱਕੀ ਉਰੀਅਰਟ ਏ.ਟੀ.ਐੱਫ. ਜਵਾਨਾਂ ਨਾਲ ਹੋਈ ਗੋਲੀਬਾਰੀ ਦੌਰਾਨ ਜ਼ਖਮੀ ਹੋ ਗਿਆ ਸੀ, ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਿਸ ਦੀ ਹਾਲਤ ਸਥਿਰ ਹੈ, ਜਦਕਿ ਦੂਸਰੇ ਸ਼ੱਕੀ ਬੀਅਰਡ ਨੂੰ ਬਿਨਾਂ ਕਿਸੇ ਅਣਸੁਖਾਵੀਂ ਘਟਨਾ ਦੇ ਹਿਰਾਸਤ ਵਿਚ ਲੈ ਲਿਆ ਗਿਆ। ਪਰਿਵਾਰ ਦੇ ਮਾਰੇ ਗਏ 6 ਜੀਆਂ ਵਿਚ ਰੋਸਾ ਪਰਾਜ਼ (72), ਈਲੀਸਾ ਪਾਰਾਜ਼ (16), 10 ਮਹੀਨਿਆਂ ਦਾ ਬੱਚਾ ਨਿਕੋਲਸ ਪਰਾਜ਼, ਮਾਰਕੋਸ ਪਰਾਜ਼ (19), ਈਲਾਡੀਓ ਪਰਾਜ਼ ਜੂਨੀਅਰ (52) ਤੇ ਜੈਨੀਫਰ ਅਨਾਲਾ (50) ਸ਼ਾਮਲ ਸਨ।

## ਦੋ ਮਹੀਨੇ ਪਹਿਲਾਂ ਕੈਨੇਡਾ ਗਏ ਪੰਜਾਬੀ ਵਿਅਕਤੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ

ਰੋਪੜ/ਕੈਨੇਡਾ, (ਪੰਜਾਬ ਮੇਲ)-



ਪੰਜਾਬ ਤੋਂ ਰੋਜ਼ੀ-ਰੋਟੀ ਦੀ ਭਾਲ ਲਈ ਕੈਨੇਡਾ ਗਏ ਵਿਅਕਤੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਵਿਅਕਤੀ ਦੀ ਪਛਾਣ ਗੁਰਪ੍ਰੀਤ ਸਿੰਘ ਵਜੋਂ ਹੋਈ ਹੈ, ਜੋ ਕਿ ਰੋਪੜ ਦੇ ਪਿੰਡ ਹੁਸੈਨਪੁਰ ਦਾ ਰਹਿਣ ਵਾਲਾ ਸੀ। ਉਕਤ ਵਿਅਕਤੀ ਦੇ ਦੋ ਬੱਚੇ ਹਨ। ਮਿਲੀ ਜਾਣਕਾਰੀ ਮੁਤਾਬਕ ਗੁਰਪ੍ਰੀਤ ਸਿੰਘ ਕਰੀਬ ਦੋ ਮਹੀਨੇ ਪਹਿਲਾਂ ਹੀ ਕੈਨੇਡਾ ਗਿਆ ਸੀ। ਜਿਵੇਂ ਹੀ ਖ਼ਬਰ ਪਰਿਵਾਰ ਵਾਲਿਆਂ ਨੂੰ ਮਿਲੀ ਤਾਂ ਪਰਿਵਾਰ ਵਿਚ ਮਾਤਮ ਛਾ ਗਿਆ। ਪਰਿਵਾਰ ਵਾਲਿਆਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਕੈਨੇਡਾ ਵਿਖੇ ਦਿਲ ਦਾ ਦੌਰਾ ਪੈਣ ਕਾਰਨ ਲਗਾਤਾਰ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ।

## ਭਾਰਤੀ ਮੂਲ ਦੀ ਸਾਂਸਦ ਪ੍ਰਮੀਲਾ ਜਯਾਪਾਲ ਇਮੀਗ੍ਰੇਸ਼ਨ ਬਾਰੇ ਕਮੇਟੀ ’ਚ ਨਿਯੁਕਤ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਭਾਰਤੀ ਮੂਲ ਦੀ ਸਾਂਸਦ ਪ੍ਰਮੀਲਾ ਜਯਾਪਾਲ ਨੂੰ ਇਮੀਗ੍ਰੇਸ਼ਨ ਬਾਰੇ ਸ਼ਕਤੀਸ਼ਾਲੀ ਹਾਊਸ ਜੂਡੀਸ਼ੀਅਰ ਕਮੇਟੀ ਪੈਨਲ ਵਿਚ ਨਿਯੁਕਤ ਕੀਤਾ ਗਿਆ ਹੈ। 57 ਸਾਲਾ ਜਯਾਪਾਲ ਵਾਸ਼ਿੰਗਟਨ ਰਾਜ ਦੇ 7ਵੇਂ ਡਿਸਟ੍ਰਿਕਟ ਤੋਂ



ਪ੍ਰਮੀਲਾ ਜਯਾਪਾਲ।

ਪ੍ਰਤੀਨਿੱਧਤਾ ਕਰਦੇ ਹਨ ਤੇ ਉਹ ਜੋ ਲੋਫਗਰਨ ਦੀ ਥਾਂ ਲੈਣਗੇ। ਜਯਾਪਾਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੈਨੂੰ ਇਮੀਗ੍ਰੇਸ਼ਨ ਇੰਟੈਗਰਿਟੀ, ਸਕਿਉਰਟੀ ਤੇ ਇਨਫੋਰਸਮੈਂਟ ਬਾਰੇ ਸਦਨ ਦੀ ਸਬ ਕਮੇਟੀ ਵਿਚ ਰੈਂਕਿੰਗ ਮੈਂਬਰ ਵਜੋਂ ਨਿਯੁਕਤ ਕੀਤਾ ਗਿਆ ਹੈ, ਜੋ ਮੇਰੇ ਲਈ ਮਾਣ ਵਾਲੀ ਗੱਲ ਹੈ।



# ਪੰਜਾਬ ਸਰਕਾਰ ਖਰਚ ਘਟਾਉਣ ਲਈ ਆਪਣੇ ਮੰਤਰੀਆਂ ਦੀਆਂ ਤਨਖਾਹਾਂ ਤੇ ਭੱਤਿਆਂ 'ਚ ਕਰ ਸਕਦੀ ਹੈ ਕਟੌਤੀ

**ਚੰਡੀਗੜ੍ਹ, (ਪੰਜਾਬ ਮੇਲ)-** ਆਰਥਿਕ ਸੰਕਟ ਨਾਲ ਜੂਝ ਰਹੀ ਪੰਜਾਬ ਸਰਕਾਰ ਵੱਡਾ ਕਦਮ ਚੁੱਕਣ ਦੀ ਤਿਆਰੀ ਵਿਚ ਹੈ। ਸੂਤਰਾਂ ਮੁਤਾਬਕ ਸਰਕਾਰ ਖਰਚ ਘਟਾਉਣ ਲਈ ਆਪਣੇ ਮੰਤਰੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ 'ਚ ਕਟੌਤੀ ਕਰ ਸਕਦੀ ਹੈ। ਮਿਲੀ ਜਾਣਕਾਰੀ ਮੁਤਾਬਕ ਸਰਕਾਰ ਵਲੋਂ 10 ਫੀਸਦੀ ਦੀ ਕਟੌਤੀ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਸੂਤਰਾਂ ਅਨੁਸਾਰ ਇਸ ਸਬੰਧੀ ਫਾਈਲ ਵਿੱਤ ਵਿਭਾਗ ਕੋਲ ਮਨਜ਼ੂਰੀ ਲਈ ਪਹੁੰਚ ਗਈ ਹੈ। ਹਾਲਾਂਕਿ ਇਹ ਕੈਬਨਿਟ ਦਾ ਏਜੰਡਾ ਨਹੀਂ ਹੈ ਪਰ ਸ਼ੁੱਕਰਵਾਰ ਦੀ ਕੈਬਨਿਟ ਮੀਟਿੰਗ ਵਿਚ ਇਹ ਮਸਲਾ ਵਿਚਾਰਿਆ ਜਾ ਸਕਦਾ ਹੈ।



ਮਿਲੀ ਜਾਣਕਾਰੀ ਅਨੁਸਾਰ ਜੇ ਸਰਕਾਰ ਜਾਂ ਵਿੱਤ ਵਿਭਾਗ ਵਲੋਂ ਮੰਤਰੀਆਂ ਦੀ ਤਨਖਾਹ ਵਿਚ ਕਟੌਤੀ ਦਾ ਫੈਸਲਾ ਲਿਆ ਜਾਂਦਾ ਹੈ, ਤਾਂ ਇਸ ਤੋਂ ਬਾਅਦ ਵਿਧਾਇਕਾਂ ਦੀ ਤਨਖਾਹ 'ਤੇ ਵੀ ਕੈਂਚੀ ਚੱਲ ਸਕਦੀ ਹੈ। ਇਸ ਤੋਂ ਪਹਿਲਾਂ ਵਿੱਤੀ ਹਾਲਾਤ ਨੂੰ ਦੇਖਦੇ ਹੋਏ ਸਰਕਾਰ ਨੇ ਮੁੱਖ ਮੰਤਰੀ ਅਤੇ ਮੰਤਰੀਆਂ ਦੇ ਅਖਤਿਆਰੀ ਕੋਟੇ 'ਚ ਵੀ 50 ਫੀਸਦੀ ਕਟੌਤੀ ਕੀਤੀ ਸੀ, ਜਿਸ ਨਾਲ ਵਿਕਾਸ ਕਾਰਜਾਂ ਲਈ ਮੰਤਰੀਆਂ ਵਲੋਂ ਵੰਡੀ ਜਾਣ ਵਾਲੀ ਰਾਸ਼ੀ ਅੱਧੀ ਰਹਿ ਗਈ ਸੀ।

ਇਥੇ ਇਹ ਵੀ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸਰਕਾਰ ਖਰਚ ਘਟਾਉਣ ਲਈ ਸਾਬਕਾ ਵਿਧਾਇਕ ਨੂੰ ਇਕ ਤੋਂ ਜ਼ਿਆਦਾ ਪੈਨਸ਼ਨ ਨਾ ਦੇਣ ਦਾ ਫ਼ੈਸਲਾ ਵੀ ਲੈ ਚੁੱਕੀ ਹੈ। ਸੂਤਰ ਦੱਸਦੇ ਹਨ ਕਿ ਸਰਕਾਰ ਲੋਕਾਂ ਨੂੰ ਇਹ ਸੰਦੇਸ਼ ਦੇਣਾ ਚਾਹੁੰਦੀ ਹੈ ਕਿ ਜੇ ਆਰਥਿਕ ਕਟੌਤੀ ਕਰਨੀ ਹੈ, ਤਾਂ ਇਸ ਦੀ ਸ਼ੁਰੂਆਤ ਮੰਤਰੀਆਂ ਅਤੇ ਵਿਧਾਇਕਾਂ ਤੋਂ ਕੀਤੀ ਜਾਵੇਗਾ। ਇਸ ਨਾਲ ਲੋਕਾਂ ਵਿਚ ਸਰਕਾਰ ਦਾ ਬਿਹਤਰ ਅਕਸ ਤਾਂ ਬਣੇਗਾ ਹੀ ਇਸ ਦੇ ਨਾਲ ਹੀ ਵਿਰੋਧੀਆਂ ਨੂੰ ਵੀ ਕੋਈ ਮੁੱਦਾ ਨਹੀਂ ਮਿਲੇਗਾ।

## ਹਿੰਡਨਬਰਗ ਦੇ ਦੋਸ਼ਾਂ ਕਾਰਨ ਟਾਪ 20 ਅਮੀਰਾਂ ਦੀ ਸੂਚੀ 'ਚੋਂ ਵੀ ਬਾਹਰ ਹੋਏ ਅਡਾਨੀ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਗਜ ਉਦਯੋਗਪਤੀ ਗੌਤਮ ਅਡਾਨੀ ਦੇ ਲਈ ਸਾਲ 2023 ਕਾਫ਼ੀ ਮੁਸ਼ਕਿਲਾਂ ਭਰਿਆ ਸਾਬਤ ਹੋ ਰਿਹਾ ਹੈ। ਇਕ ਸਮਾਂ ਅਜਿਹਾ ਸੀ ਜਦੋਂ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਸੀ ਕਿ ਗੌਤਮ ਅਡਾਨੀ ਦੁਨੀਆ ਦੇ ਅਮੀਰਾਂ ਦੀ ਸੂਚੀ 'ਚ ਪਹਿਲੇ ਸਥਾਨ 'ਤੇ ਪਹੁੰਚ ਸਕਦੇ ਹਨ ਪਰ ਸਮੇਂ ਨੇ ਅਜਿਹਾ ਗੇੜ ਲਿਆ ਕਿ ਅੱਜ ਅਡਾਨੀ ਦੁਨੀਆ ਦੇ 20 ਸਭ ਤੋਂ ਅਮੀਰ ਲੋਕਾਂ ਦੀ ਸੂਚੀ 'ਚੋਂ ਵੀ ਬਾਹਰ ਹੋ ਗਏ ਹਨ। ਇਸ ਦੌਰਾਨ ਸਭ ਤੋਂ ਵੱਧ ਜੋ ਚਰਚਾ ਦਾ ਵਿਸ਼ਾ ਹੈ ਉਹ ਹੈ ਹਿੰਡਨਬਰਗ ਤੇ ਹਿੰਡਨਬਰਗ ਵੱਲੋਂ ਲਾਏ ਦੋਸ਼।



# ਸਤਲੁਜ ਦਰਿਆ 'ਚ ਪਾਣੀ ਦੇ ਪ੍ਰਦੂਸ਼ਣ ਨੂੰ ਲੈ ਕੇ ਸਖ਼ਤ ਹੋਇਆ ਨੈਸ਼ਨਲ ਗ੍ਰੀਨ ਟ੍ਰਿਬਿਊਨਲ

**ਚੰਡੀਗੜ੍ਹ, (ਪੰਜਾਬ ਮੇਲ)-** ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ. ਜੀ. ਟੀ.) ਨੇ ਪੰਜਾਬ ਸਰਕਾਰ ਦੇ ਮੁੱਖ ਸਕੱਤਰ, ਪ੍ਰਦੂਸ਼ਣ ਕੰਟ੍ਰੋਲ ਬੋਰਡ ਅਤੇ ਜ਼ਿਲ੍ਹਾ ਮੈਜਿਸਟ੍ਰੇਟ ਰੂਪਨਗਰ ਨੂੰ ਕੀਰਤਪੁਰ ਸਾਹਿਬ ਵਿਚ ਗੁਰਦੁਆਰਾ ਪਤਾਲਪੁਰੀ ਸਾਹਿਬ ਦੇ ਕੋਲ ਸਤਲੁਜ ਦਰਿਆ ਵਿਚ ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਉਪਾਅ ਕਰਨ ਅਤੇ ਇਕ ਮਹੀਨੇ ਦੇ ਅੰਦਰ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਸਾਹਮਣੇ ਸਥਿਤੀ ਰਿਪੋਰਟ ਦਾਖ਼ਲ ਕਰਨ ਦਾ ਨਿਰਦੇਸ਼ ਦਿੱਤਾ ਹੈ। ਟ੍ਰਿਬਿਊਨਲ ਵਲੋਂ ਇਹ ਹੁਕਮ ਵਕੀਲ ਸੁਨੈਨਾ ਵਲੋਂ ਐਗਜ਼ੀਕਿਊਸ਼ਨ ਆਰਡਰ ਪਾਸ ਕਰਨ ਲਈ ਦਰਜ ਪਟੀਸ਼ਨ ਦੀ ਸੁਣਵਾਈ ਤੋਂ ਬਾਅਦ ਜਾਰੀ ਕੀਤੇ।

ਪਟੀਸ਼ਨ ਵਿਚ ਮੰਗ ਕੀਤੀ ਗਈ ਸੀ ਕਿ ਮਾਮਲੇ 'ਤੇ ਫਰਵਰੀ 2021 ਵਿਚ ਜਾਰੀ ਹੁਕਮ ਨੂੰ ਲਾਗੂ ਕਰਵਾਇਆ ਜਾਵੇ। ਹਾਲਾਂਕਿ ਇਸ ਹੁਕਮ ਵਿਚ ਰਸਮੀ ਉਪਰਾਲਿਆਂ ਨੂੰ ਨਿਰਦੇਸ਼ਿਤ ਕਰਦਿਆਂ ਦਰਿਆਵਾਂ ਦੇ ਪ੍ਰਦੂਸ਼ਣ ਨੂੰ ਰੋਕਣ ਦੇ ਨਿਰਦੇਸ਼ ਦਿੱਤੇ ਗਏ ਸਨ ਪਰ ਪਟੀਸ਼ਨਰ ਅਨੁਸਾਰ, ਇਨ੍ਹਾਂ ਹੁਕਮਾਂ ਦੇ ਬਾਵਜੂਦ ਕੀਰਤਪੁਰ ਸਾਹਿਬ ਵਿਚ ਪਤਾਲਪੁਰੀ ਸਾਹਿਬ ਵਿਚ ਗੁਰੁਦਵਾਰੇ ਦੇ ਕੋਲ ਸਤਲੁਜ ਵਿਚ ਭਾਰੀ ਜਲ ਪ੍ਰਦੂਸ਼ਣ ਹੋ ਰਿਹਾ ਹੈ। ਪਟੀਸ਼ਨਰ ਨੇ ਟ੍ਰਿਬਿਊਨਲ ਨੂੰ ਦੱਸਿਆ ਕਿ ਉਨ੍ਹਾਂ ਨੇ 25 ਸਤੰਬਰ, 2022 ਨੂੰ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕੀਤਾ ਹੈ ਪਰ ਮਾਮਲੇ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ। ਕਮਿਸ਼ਨ ਨੇ ਮਾਮਲੇ ਦੀ ਸੁਣਵਾਈ ਤੋਂ ਬਾਅਦ ਜਸਟਿਸ ਆਦੇਸ਼ ਕੁਮਾਰ ਗੋਇਲ ਵਲੋਂ ਜਾਰੀ ਹੁਕਮ ਵਿਚ ਕਿਹਾ ਗਿਆ ਹੈ, ਅਸੀਂ ਮੁੱਖ ਸਕੱਤਰ ਪੰਜਾਬ, ਪੰਜਾਬ ਸਟੇਟ ਪੀ.ਸੀ.ਬੀ. ਅਤੇ ਜ਼ਿਲ੍ਹਾ ਅਧਿਕਾਰੀ ਰੂਪਨਗਰ ਨੂੰ ਨਿਰਦੇਸ਼ ਦਿੰਦੇ ਹਾਂ ਕਿ ਪਟੀਸ਼ਨ ਵਿਚ ਚੁੱਕੇ ਗਏ ਮਾਮਲੇ ਦੀ ਜਾਂਚ ਕਰਵਾ ਕੇ ਕਾਰਵਾਈ ਕਾਨੂੰਨ ਅਨੁਸਾਰ ਕੀਤੀ ਜਾਵੇ।

## ਪੰਜਾਬ ਵਿਧਾਨ ਸਭਾ ਦਾ ਸੈਸ਼ਨ ਇਸ ਵਾਰ ਵੀ ਪੇਪਰ ਰਹਿਤ ਨਹੀਂ ਹੋਵੇਗਾ

**ਜਲੰਧਰ, (ਪੰਜਾਬ ਮੇਲ)-** ਇਸ ਵਾਰ ਵੀ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਦਾ ਪੇਪਰ ਰਹਿਤ ਨਹੀਂ ਹੋਵੇਗਾ। ਲੈਪਟਾਪ ਅਤੇ ਹੋਰ ਸਾਮਾਨ ਅਜੇ ਤੱਕ ਪੰਜਾਬ ਵਿਧਾਨ ਸਭਾ 'ਚ ਨਹੀਂ ਪਹੁੰਚਿਆ ਹੈ। ਉਪਕਰਨਾਂ ਦੇ ਆਉਣ ਤੋਂ ਬਾਅਦ ਇਨ੍ਹਾਂ ਨੂੰ ਫਿੱਟ ਕਰਨ ਲਈ ਦੋ ਮਹੀਨਿਆਂ ਦਾ ਸਮਾਂ ਚਾਹੀਦਾ ਹੈ, ਜਿਸ ਵਿਚ ਉਨ੍ਹਾਂ ਦੀ ਟੈਸਟਿੰਗ ਵੀ ਸ਼ਾਮਲ ਹੈ। ਦਰਅਸਲ ਇਹ ਦੇਰੀ ਉਸ ਕੰਪਨੀ ਵੱਲੋਂ ਕੀਤੀ ਜਾ ਰਹੀ ਹੈ, ਜਿਸ ਨੂੰ ਵਿਧਾਨ ਸਭਾ 'ਚ ਲੈਪਟਾਪ ਆਦਿ ਫਿੱਟ ਕਰਨ ਦਾ ਠੇਕਾ ਦਿੱਤਾ ਗਿਆ ਸੀ, ਜਦਕਿ ਹਰਿਆਣਾ ਵਿਧਾਨ ਸਭਾ ਦਾ ਇਸ ਵਾਰ ਦਾ ਬਜਟ ਸੈਸ਼ਨ ਪੇਪਰ ਰਹਿਤ ਹੋਵੇਗਾ ਕਿਉਂਕਿ ਵਿਧਾਨ ਸਭਾ ਵਿਚ ਲੈਪਟਾਪ ਅਤੇ ਹੋਰ ਉਪਕਰਨ ਲਗਾਏ ਗਏ ਹਨ।

## ਅੰਮ੍ਰਿਤਸਰ ਤੋਂ ਕੋਲਕਾਤਾ ਜਾ ਰਹੇ ਜਹਾਜ਼ ਦਾ 5000 ਫੁੱਟ ਉਚਾਈ 'ਤੇ ਇੰਜਣ

**ਅੰਮ੍ਰਿਤਸਰ, (ਪੰਜਾਬ ਮੇਲ)-** ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਅੰਮ੍ਰਿਤਸਰ-ਕੋਲਕਾਤਾ ਇੰਡੀਗੋ ਦੀ ਉਡਾਣ ਦੇ ਯਾਤਰੀ ਉਸ ਸਮੇਂ ਵਾਲ-ਵਾਲ ਬਚ ਗਏ, ਜਦੋਂ ਉਡਾਣ ਭਰਨ ਤੋਂ ਚਾਰ ਮਿੰਟ ਬਾਅਦ ਹੀ ਜਹਾਜ਼ ਦਾ ਇਕ ਇੰਜਣ ਫੇਲ੍ਹ ਹੋ ਗਿਆ। ਨਤੀਜੇ ਵਜੋਂ ਜਹਾਜ਼ ਨੂੰ ਹਵਾਈ ਅੱਡੇ 'ਤੇ ਵਾਪਸ ਲੈਂਡ ਕਰਨਾ ਪਿਆ।

ਜਾਣਕਾਰੀ ਅਨੁਸਾਰ ਬੀਤੇ ਸੋਮਵਾਰ ਰਾਤ 10.24 ਵਜੇ ਜਦੋਂ ਇੰਡੀਗੋ ਏਅਰਲਾਈਨਜ਼ ਦਾ ਜਹਾਜ਼ ਜ਼ਮੀਨ ਤੋਂ 5000 ਫੁੱਟ ਦੀ ਉਚਾਈ 'ਤੇ ਪਹੁੰਚਿਆ, ਤਾਂ ਚਾਲਕ ਦਲ ਨੂੰ ਇਸ ਦਾ ਇਕ ਇੰਜਣ ਬੰਦ ਹੋਣ ਦੇ ਸੰਕੇਤ ਮਿਲੇ। ਇਸ 'ਤੇ ਤੁਰੰਤ ਏਅਰਪੋਰਟ ਸਮੇਤ ਸਬੰਧਤ ਵਿਭਾਗਾਂ ਨੂੰ ਸੂਚਿਤ ਕੀਤਾ ਗਿਆ। ਚਾਲਕ ਦਲ ਨੇ ਬੜੀ ਮੁਹਾਰਤ ਨਾਲ ਜਹਾਜ਼ ਨੂੰ ਹਵਾਈ ਅੱਡੇ ਵੱਲ ਮੋੜਿਆ ਅਤੇ 16 ਮਿੰਟ ਬਾਅਦ ਜਹਾਜ਼ ਨੂੰ ਵਾਪਸ ਹਵਾਈ ਅੱਡੇ 'ਤੇ ਉਤਾਰਿਆ। ਇੱਥੇ ਲੈਂਡ ਕਰਨ ਤੋਂ ਬਾਅਦ ਜਹਾਜ਼ ਦੀ ਮੁੜ ਜਾਂਚ ਕੀਤੀ ਗਈ ਅਤੇ ਪਾਰਕਿੰਗ 'ਚ ਲਿਜਾਇਆ ਗਿਆ।

ਹਵਾਈ ਅੱਡੇ ਦੇ ਡਾਇਰੈਕਟਰ ਨੇ ਦੱਸਿਆ ਕਿ ਸੂਚਨਾ ਮਿਲਦੇ ਹੀ ਹਵਾਈ ਅੱਡੇ 'ਤੇ ਐਮਰਜੈਂਸੀ ਸੇਵਾ ਦੇ ਕਰਮਚਾਰੀ ਤੁਰੰਤ ਤਾਇਨਾਤ ਕਰ ਦਿੱਤੇ ਗਏ। ਕੋਲਕਾਤਾ ਜਾਣ ਵਾਲੀ ਫਲਾਈਟ 'ਚ 122 ਯਾਤਰੀ ਅਤੇ 6 ਸਟਾਫ ਮੈਂਬਰ ਸਨ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਇੰਡੀਗੋ ਏਅਰਲਾਈਨਜ਼ ਵੱਲੋਂ ਬਦਲਵੀਂ ਉਡਾਣ ਦਾ ਪ੍ਰਬੰਧ ਕਰ ਕੇ ਯਾਤਰੀਆਂ ਨੂੰ ਕੋਲਕਾਤਾ ਭੇਜਿਆ ਗਿਆ। ਇਸ ਦੌਰਾਨ 3 ਯਾਤਰੀਆਂ ਨੇ ਅਗਲੀ ਫਲਾਈਟ 'ਚ ਸਵਾਰ ਹੋਣ ਤੋਂ ਇਨਕਾਰ ਕਰ ਦਿੱਤਾ।

## ਗੁਜਰਾਤ ਦੰਗਿਆਂ ਬਾਰੇ ਬੀ.ਬੀ.ਸੀ. ਦਸਤਾਵੇਜ਼ੀ 'ਤੇ ਰੋਕ ਖ਼ਿਲਾਫ਼ ਸੁਪਰੀਮ ਕੋਰਟ ਦਾ ਕੇਂਦਰ ਨੂੰ ਨੋਟਿਸ

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਸਾਲ 2002 ਦੇ ਗੁਜਰਾਤ ਦੰਗਿਆਂ 'ਤੇ ਬਣੀ ਬੀ.ਬੀ.ਸੀ. ਦਸਤਾਵੇਜ਼ੀ ਨੂੰ ਰੋਕਣ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਕੇਂਦਰ ਨੂੰ ਨੋਟਿਸ ਜਾਰੀ ਕੀਤਾ ਹੈ। ਸਰਵਉੱਚ ਅਦਾਲਤ ਨੇ ਕੇਂਦਰ ਨੂੰ ਤਿੰਨ ਹਫ਼ਤਿਆਂ 'ਚ ਜੁਆਬ ਦੇਣ ਲਈ ਕਿਹਾ ਹੈ। ਮਾਮਲੇ ਦੀ ਅਗਲੀ ਸੁਣਵਾਈ ਅਪਰੈਲ 'ਚ ਹੋਵੇਗੀ।




# ਸਿਟੀ ਆਫ ਸੈਂਟਾ ਕਲਾਰਾ ਦੀ ਮੇਅਰ ਵੱਲੋਂ ਸਾਕਾ ਨਕੋਦਰ ਦੇ 37ਵੇਂ ਸ਼ਹੀਦੀ ਦਿਹਾੜੇ ਮੌਕੇ 4 ਫ਼ਰਵਰੀ ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਨਤਾ

■ ਕੌਂਸਲਰ ਰਾਜ ਚਾਹਲ ਨੇ ਸ਼ਹੀਦ ਪ੍ਰੀਵਾਰਾਂ ਨੂੰ ਸਾਕਾ ਨਕੋਦਰ ਮਾਨਤਾ ਦਿਵਸ ਘੋਸ਼ਣਾ ਪੱਤਰ ਸੌਂਪਿਆ






**ਸੈਂਟਾ ਕਲਾਰਾ, (ਪੰਜਾਬ ਮੇਲ)-** 4 ਫਰਵਰੀ 1986 ਨੂੰ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਚਾਰ ਨਿਹੱਥੇ ਮੈਂਬਰਾਂ ਰਵਿੰਦਰ ਸਿੰਘ, ਬਲਧੀਰ ਸਿੰਘ, ਝਿਲਮਣ ਸਿੰਘ ਅਤੇ ਹਰਮਿੰਦਰ ਸਿੰਘ ਨੂੰ ਨਕੋਦਰ, ਪੰਜਾਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਸ਼ਾਂਤਮਈ ਢੰਗ ਨਾਲ ਵਿਰੋਧ ਕਰਦੇ ਹੋਏ ਦੁਖਦਾਈ ਢੰਗ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ। ਇਹ ਦੁਖਾਂਤ ਸਾਕਾ ਨਕੋਦਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪੀੜਤ ਪਰਿਵਾਰ 37 ਸਾਲਾਂ ਤੋਂ ਸਵੀਕਾਰਤਾ ਅਤੇ ਸ਼ਮੂਲੀਅਤ ਦੇ ਸਿਧਾਂਤਾਂ ਨੂੰ ਅੱਗੇ ਵਧਾਉਂਦੇ ਹੋਏ ਨਿਆਂ ਦੀ ਮੰਗ ਕਰ ਰਹੇ ਹਨ।

ਇੱਕ ਸ਼ਹਿਰ ਹੋਣ ਦੇ ਨਾਤੇ ਜੋ ਸਾਰਿਆਂ ਲਈ ਜਮਹੂਰੀਅਤ ਅਤੇ ਮਨੁੱਖੀ ਅਧਿਕਾਰਾਂ ਦੀ ਕਦਰ ਕਰਦਾ ਹੈ, ਸੈਂਟਾ ਕਲਾਰਾ ਪੀੜਤਾਂ ਦੇ ਪਰਿਵਾਰਾਂ ਅਤੇ ਸਿੱਖ ਭਾਈਚਾਰੇ ਨਾਲ ਇੱਕਮੁੱਠ ਹੈ। ਸੱਚਾਈ, ਨਿਆਂ, ਜਵਾਬਦੇਹੀ ਅਤੇ ਨਿਬੇੜੇ ਲਈ ਚੱਲ ਰਹੇ ਯਤਨਾਂ ਨੂੰ ਮਾਨਤਾ ਦਿੰਦੇ ਹੋਏ, ਮੇਅਰ ਲੀਜ਼ਾ ਐੱਮ. ਗਿਲਮੋਰ, ਸੈਂਟਾ ਕਲਾਰਾ ਸਿਟੀ ਕੌਂਸਲ, 4 ਫਰਵਰੀ, 2023 ਨੂੰ ਸਾਕਾ ਨਕੋਦਰ ਦਿਵਸ ਵਜੋਂ ਘੋਸ਼ਿਤ ਕਰਦੀ ਹਾਂ।

ਸੈਂਟਾ ਕਲਾਰਾ ਦਾ ਸ਼ਹਿਰ ਆਪਣੀ ਵਿਭਿੰਨ ਆਬਾਦੀ 'ਤੇ ਮਾਣ ਮਹਿਸੂਸ ਕਰਦਾ ਹੈ ਅਤੇ ਵੱਖ-ਵੱਖ ਕੌਮੀਅਤਾਂ, ਪਿਛੋਕੜਾਂ ਅਤੇ ਸੱਭਿਆਚਾਰਾਂ ਦੇ ਸਾਰੇ ਲੋਕਾਂ ਦਾ ਸਮਰਥਨ ਕਰਦਾ ਹੈ। ਇਸ ਦਿਨ, ਅਸੀਂ ਪੀੜਤਾਂ ਦੀ ਯਾਦ ਦਾ ਸਨਮਾਨ ਕਰਦੇ ਹਾਂ ਅਤੇ ਸਾਰੇ ਲੋਕਾਂ ਵਿਚ ਆਪਸੀ ਸਮਝ ਅਤੇ ਸਤਿਕਾਰ ਨੂੰ ਉਤਸ਼ਾਹਿਤ ਕਰਨ ਲਈ ਆਪਣੀ ਵਚਨਬੱਧਤਾ ਨੂੰ ਨਵਿਆਉਂਦੇ ਹਾਂ।

## ਸੁਪਰੀਮ ਕੋਰਟ ਵੱਲੋਂ ਸਿੱਖ ਕਤਲੇਆਮ ਦੇ ਦੋਸ਼ੀ ਬਲਵਾਨ ਖੋਖਰ ਦੀ ਜ਼ਮਾਨਤ ਅਰਜ਼ੀ ਰੱਦ



**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਹੈ ਕਿ ਸੁਪਰੀਮ ਕੋਰਟ ਨੇ 1984 ਦੇ ਸਿੱਖ ਕਤਲੇਆਮ ਕੇਸ ਵਿਚ ਦੋਸ਼ੀ ਠਹਿਰਾਏ ਗਏ ਬਲਵਾਨ ਖੋਖਰ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ ਅਤੇ ਉਨ੍ਹਾਂ ਇਸ ਨੂੰ ਦਿੱਲੀ ਗੁਰਦੁਆਰਾ ਕਮੇਟੀ ਤੇ ਦਿੱਲੀ ਦੀ ਸੰਗਤ ਦੀ ਵੱਡੀ ਜਿੱਤ ਕਰਾਰ ਦਿੱਤਾ ਹੈ।

**ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

## ਸੁਪਰੀਮ ਕੋਰਟ ਮਜੀਠੀਆ ਨੂੰ ਜ਼ਮਾਨਤ ਖ਼ਿਲਾਫ਼ ਪੰਜਾਬ ਸਰਕਾਰ ਦੀ ਅਰਜ਼ੀ 'ਤੇ ਚਾਰ ਹਫ਼ਤਿਆਂ ਬਾਅਦ ਕਰੇਗਾ ਸੁਣਵਾਈ



**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਨਸ਼ਿਆਂ ਦੇ ਕੇਸ 'ਚ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਜ਼ਮਾਨਤ ਦੇਣ ਦੇ ਹੁਕਮਾਂ ਖ਼ਿਲਾਫ਼ ਪੰਜਾਬ ਸਰਕਾਰ ਵੱਲੋਂ ਦਾਖ਼ਲ ਅਰਜ਼ੀ 'ਤੇ ਚਾਰ ਹਫ਼ਤਿਆਂ ਮਗਰੋਂ ਸੁਣਵਾਈ ਕਰੇਗਾ। ਪੰਜਾਬ ਸਰਕਾਰ ਨੇ ਜਸਟਿਸ ਅਨਿਰੁੱਧ ਬੋਸ ਅਤੇ ਸੁਧਾਂਸ਼ੂ ਧੂਲੀਆ 'ਤੇ ਆਧਾਰਿਤ ਬੈਂਚ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਵਕੀਲ ਸ਼ਿਆਮ ਦੀਵਾਨ ਦੂਜੀ ਅਦਾਲਤ 'ਚ ਰੁੱਝੇ ਹੋਏ ਹਨ। ਇਸ ਲਈ ਸੁਣਵਾਈ ਕੁਝ ਦੇਰ ਲਈ ਮੁਲਤਵੀ ਕੀਤੀ ਜਾ ਸਕਦੀ ਹੈ। ਬੈਂਚ ਨੇ ਕਿਹਾ, "ਮਾਮਲੇ ਨੂੰ ਅੱਜ ਕੁਝ ਦੇਰ ਲਈ ਮੁਲਤਵੀ ਕਰਨਾ ਮੁਸ਼ਕਲ ਹੋਵੇਗਾ। ਇਸ ਦੀ ਬਜਾਏ ਅਸੀਂ ਇਸ ਨੂੰ ਚਾਰ ਹਫ਼ਤਿਆਂ ਬਾਅਦ ਸੁਣਵਾਈ ਲਈ ਸੂਚੀਬੱਧ ਕਰਾਂਗੇ।" ਇਸ ਤੋਂ ਪਹਿਲਾਂ 30 ਜਨਵਰੀ ਨੂੰ ਜਸਟਿਸ ਜੇ.ਕੇ. ਮਹੇਸ਼ਵਰੀ ਨਾਲ ਬੈਂਚ 'ਚ ਸ਼ਾਮਲ ਜਸਟਿਸ ਸੂਰਿਆਕਾਂਤ ਨੇ ਪੰਜਾਬ ਸਰਕਾਰ ਦੀ ਅਰਜ਼ੀ 'ਤੇ ਸੁਣਵਾਈ ਤੋਂ ਖੁਦ ਨੂੰ ਇਹ ਆਖਦਿਆਂ ਵੱਖ ਕਰ ਲਿਆ ਸੀ ਕਿ ਉਹ ਹਾਈ ਕੋਰਟ ਦੇ ਉਸ ਬੈਂਚ ਦਾ ਹਿੱਸਾ ਸਨ ਜਿਸ ਨੇ ਡਰੱਗਜ਼ ਕੇਸ ਨਾਲ ਜੁੜੇ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਟਾਸਕ ਫੋਰਸ ਬਣਾਉਣ ਦੇ ਨਿਰਦੇਸ਼ ਦਿੱਤੇ ਸਨ। ਇਸ ਮਗਰੋਂ

# ਵਿਜੀਲੈਂਸ ਬਿਊਰੋ ਦੇ ਰਾਡਾਰ 'ਤੇ ਆਏ ਸਾਬਕਾ ਖੇਡ ਮੰਤਰੀ ਪਰਗਟ ਸਿੰਘ

■ ਖੇਡ ਕਿੱਟਾਂ ਦੇ ਚਰਚਿਤ ਮਾਮਲੇ 'ਚ ਹੋ ਸਕਦੀ ਹੈ ਪੁੱਛਗਿੱਛ



**ਜਲੰਧਰ, (ਪੰਜਾਬ ਮੇਲ)-** ਸਾਬਕਾ ਉਪ ਮੁੱਖ ਮੰਤਰੀ ਓ.ਪੀ. ਸੋਨੀ ਖਿਲਾਫ ਸ਼ਿਕੰਜਾ ਕੱਸੇ ਜਾਣ ਤੋਂ ਬਾਅਦ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਹੁਣ ਪਿਛਲੀ ਕਾਂਗਰਸ ਸਰਕਾਰ 'ਚ ਖੇਡ ਮੰਤਰੀ ਰਹੇ ਪਰਗਟ ਸਿੰਘ ਵਿਧਾਇਕ ਹਲਕਾ ਜਲੰਧਰ ਛਾਉਣੀ ਦੇ ਖਿਲਾਫ ਵੀ ਕਰੋੜਾਂ ਰੁਪਏ ਦੇ ਖੇਡ ਕਿੱਟ ਘਪਲੇ ਦੇ ਇਕ ਮਾਮਲੇ 'ਚ ਕਾਰਵਾਈ ਕੀਤੇ ਜਾਣ ਦੀ ਤਿਆਰੀ ਕੱਸ ਲਈ ਗਈ ਹੈ। ਪੰਜਾਬ ਸਰਕਾਰ ਨੇ ਵਿਜੀਲੈਂਸ ਵਿਭਾਗ ਨੂੰ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਵਿਜੀਲੈਂਸ ਵੱਲੋਂ ਜਾਂਚ ਮੋਹਾਲੀ ਦੇ ਐੱਸ.ਐੱਸ.ਪੀ. ਨੂੰ ਸੌਂਪ ਦਿੱਤੀ ਗਈ ਹੈ ਤੇ ਉਨ੍ਹਾਂ ਵੱਲੋਂ ਜਾਂਚ ਦਾ ਕੰਮ ਆਰੰਭ ਵੀ ਕਰ ਦਿੱਤਾ ਗਿਆ ਹੈ।

ਇਸ ਦੌਰਾਨ ਪਤਾ ਲੱਗਾ ਹੈ ਕਿ ਵਿਜੀਲੈਂਸ ਬਿਊਰੋ ਵੱਲੋਂ ਇਸ ਮਾਮਲੇ 'ਚ ਸਾਬਕਾ ਖੇਡ ਮੰਤਰੀ ਤੋਂ ਇਲਾਵਾ ਖੇਡ ਵਿਭਾਗ ਦੇ ਉਸ ਸਮੇਂ ਦੇ ਸਕੱਤਰ ਅਤੇ ਕੁੱਝ ਹੋਰਨਾਂ ਅਧਿਕਾਰੀਆਂ ਕੋਲੋਂ ਵੀ ਪੁੱਛਗਿੱਛ ਕੀਤੀ ਜਾ ਸਕਦੀ ਹੈ। ਇਸ ਸਬੰਧੀ ਅਧਿਕਾਰੀਆਂ ਨੇ ਕਿਹਾ ਕਿ ਭ੍ਰਿਸ਼ਟਾਚਾਰ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

ਦੱਸਣਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ 'ਚ ਖੇਡ ਮੰਤਰੀ ਰਹੇ ਪਰਗਟ ਸਿੰਘ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ 3.30 ਕਰੋੜ ਰੁਪਏ ਦੇ ਕਰੀਬ ਮੁੱਲ ਦੀਆਂ ਖੇਡ ਕਿੱਟਾਂ ਦੀ ਖਰੀਦ ਕੀਤੀ ਗਈ ਸੀ। ਉਸ ਸਮੇਂ ਸਰਕਾਰ ਵੱਲੋਂ ਪਹਿਲਾਂ ਤਾਂ ਖਿਡਾਰੀਆਂ ਨੂੰ ਖੇਡ ਕਿੱਟਾਂ ਲਈ ਉਨ੍ਹਾਂ ਦੇ ਖਾਤਿਆਂ ਵਿਚ 3-3 ਹਜ਼ਾਰ ਰੁਪਏ ਪਾ ਦਿੱਤੇ ਗਏ ਪਰ ਬਾਅਦ 'ਚ ਖਿਡਾਰੀਆਂ ਕੋਲੋਂ ਇਹ ਰਾਸ਼ੀ ਚੈੱਕਾਂ ਰਾਹੀਂ ਵਾਪਸ ਲੈ ਲਈ ਗਈ ਤੇ ਖਿਡਾਰੀਆਂ ਨੂੰ ਕੁਝ ਖਾਸ ਕੰਪਨੀਆਂ ਕੋਲੋਂ ਖੇਡ ਕਿੱਟਾਂ ਦੀ ਖਰੀਦ ਕਰਨ ਲਈ ਕਿਹਾ ਗਿਆ। ਹਾਲਾਂਕਿ ਬਿਨਾਂ ਕਿਸੇ ਟੈਂਡਰ ਤੋਂ ਖਰੀਦ ਕੀਤੀਆਂ ਗਈਆਂ ਕਿੱਟਾਂ ਦੇ ਮਿਆਰ 'ਤੇ ਵੀ ਸਵਾਲ ਉੱਠਦੇ ਰਹੇ। ਇਸ ਮਾਮਲੇ ਸਬੰਧੀ ਸ਼ਿਕਾਇਤ ਮੁੱਖ ਮੰਤਰੀ ਕੋਲ ਪਹੁੰਚਣ 'ਤੇ ਉਨ੍ਹਾਂ ਵਿਜੀਲੈਂਸ ਬਿਊਰੋ ਨੂੰ ਜਾਂਚ ਦਾ ਕੰਮ ਸੌਂਪਿਆ ਹੈ।





EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਕੈਨੇਡਾ ’ਚ ਸੜਕ ਦੇ ਇੱਕ ਹਿੱਸੇ ਦਾ ਨਾਂ ਹੋਵੇਗਾ ‘ਕਾਮਾਗਾਟਾ ਮਾਰੂ ਵੇਅ’

■ 376 ਭਾਰਤੀਆਂ ਦੀ ਯਾਦ ਨੂੰ ਹੋਵੇਗਾ ਸਮਰਪਿਤ



ਮੀਟਿੰਗ ਮਗਰੋਂ ਜਾਣਕਾਰੀ ਦਿੰਦੇ ਹੋਏ ਐਬਟਸਫੋਰਡ ਨਗਰ ਕੌਂਸਲ ਦੇ ਮੈਂਬਰ।

**ਟੋਰਾਂਟੋ, (ਪੰਜਾਬ ਮੇਲ)-** ਬ੍ਰਿਟਿਸ਼ ਕੋਲੰਬੀਆ ਦੇ ਐਬਟਸਫੋਰਡ ਵਿਚ ਇੱਕ ਸੜਕ ਦੇ ਇੱਕ ਹਿੱਸੇ ਦਾ ਨਾਂ ਉਨ੍ਹਾਂ 376 ਭਾਰਤੀਆਂ ਦੀ ਯਾਦ ਵਿਚ ‘ਕਾਮਾਗਾਟਾ ਮਾਰੂ ਵੇਅ’ ਰੱਖਿਆ ਜਾਵੇਗਾ, ਜੋ 1914 ਵਿਚ ਭਾਰਤ ਤੋਂ ਕੈਨੇਡਾ ਗਏ ਸਨ, ਪਰ ਦੇਸ਼ ਵੱਲੋਂ ਉਨ੍ਹਾਂ ਨੂੰ ਮੋੜ ਦਿੱਤਾ ਗਿਆ ਸੀ। ਜਾਣਕਾਰੀ ਅਨੁਸਾਰ ਐਬਟਸਫੋਰਡ ਸਿਟੀ ਕੌਂਸਲ ਨੇ ਪਿਛਲੇ ਹਫ਼ਤੇ ਸਾਊਥ ਫਰੇਜ਼ਰ ਵੇਅ ਦੇ ਇੱਕ ਹਿੱਸੇ ਦਾ ਨਾਮ ਕਾਮਾਗਾਟਾ ਮਾਰੂ ਵੇਅ ’ਚ ਬਦਲਣ ਲਈ ਸਰਬਸੰਮਤੀ ਨਾਲ ਵੋਟ ਕੀਤਾ, ਜੋ ਵੇਅਰ ਸਟਰੀਟ ਤੋਂ ਫੇਅਰਲੇਨ ਸਟ੍ਰੀਟ ਤੱਕ ਫੈਲਿਆ ਹੋਇਆ ਹੈ। ਇਹ ਫ਼ੈਸਲਾ ਉਦੋਂ ਲਿਆ ਗਿਆ ਹੈ, ਜਦੋਂ ਵੈਨਕੂਵਰ ਵਿਚ ਕਾਮਾਗਾਟਾਮਾਰੂ ਜਹਾਜ਼ ਵਿਚ ਫਸੇ ਲੋਕਾਂ ਦੇ ਵੰਸ਼ਜਾਂ ਨੇ ਕੌਂਸਲ ਨੂੰ ਉਸ ਸਮੇਂ ਐਬਟਸਫੋਰਡ ਦੇ ਦੱਖਣੀ ਏਸ਼ੀਆਈ ਭਾਈਚਾਰੇ ਦੁਆਰਾ ਨਿਭਾਈ ਗਈ ਮਾਨਵਤਾਵਾਦੀ ਭੂਮਿਕਾ ਨੂੰ ਯਾਦ ਕਰਨ ਲਈ ਕਿਹਾ ਸੀ।

ਨਾਮ ਬਦਲਣ ਲਈ ਪ੍ਰੋਜੈਕਟ ਦੀ ਲਾਗਤ 4,000 ਡਾਲਰ ਹੋਵੇਗੀ। ਕੌਂਸਲ ਨੇ ਐਬਟਸਫੋਰਡ ਸਿੱਖ ਗੁਰਦੁਆਰੇ ਵਿਚ 10,000 ਡਾਲਰ ਦੀ ਲਾਗਤ ਨਾਲ ਇੱਕ ਤਖ਼ਤੀ ਅਤੇ ਕਾਮਾਗਾਟਾਮਾਰੂ ਘਟਨਾ ਬਾਰੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਣੂ ਕਰਵਾਉਣ ਲਈ ਵਿੱਦਿਅਕ ਕਿੱਟਾਂ ਦੇਣ ਲਈ ਵੀ ਵੋਟ ਦਿੱਤੀ ਹੈ। ਕੌਂਸਲਰ ਡੇਵ ਸਿੱਧੂ ਨੇ ਸਥਾਨਕ ਅਖਬਾਰ ਸਰੀ-ਨਾਓ ਲੀਡਰ ਨੂੰ ਦੱਸਿਆ ਕਿ “ਇਹ ਸੰਕੇਤ ਸੰਮਲਿਤਤਾ ਨੂੰ ਉਤਸ਼ਾਹਿਤ ਕਰਨ ਅਤੇ ਸਮਝਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਮਜ਼ਬੂਤ ਸੰਦੇਸ਼ ਦਿੰਦਾ ਹੈ। ਇਸ ਘਟਨਾ ਦਾ ਅਧਿਐਨ ਕਰਨ ਲਈ 2021 ਵਿਚ ਬਣਾਈ ਗਈ ਇੱਕ ਕਮੇਟੀ ਨੇ ਆਪਣੇ ਨਤੀਜਿਆਂ ਵਿਚ ਕਿਹਾ ਕਿ ਐਬਟਸਫੋਰਡ ਦੇ ਸਿੱਖ ਵਸਨੀਕਾਂ ਨੇ ਕਾਮਾਗਾਟਾਮਾਰੂ ’ਤੇ ਸਵਾਰ ਯਾਤਰੀਆਂ ਦੀ ਸਹਾਇਤਾ ਲਈ ਇਕੱਠੇ ਹੋ ਕੇ ਰੈਲੀ ਕੀਤੀ... ਉਨ੍ਹਾਂ ਨੇ ਭੋਜਨ, ਰਿਹਾਇਸ਼, ਜਾਣਕਾਰੀ ਅਤੇ ਕਮਿਊਨਿਟੀ ਕਨੈਕਸ਼ਨ ਪ੍ਰਦਾਨ ਕੀਤਾ”।

ਕੌਂਸਲ ਦੇ ਸਾਹਮਣੇ ਪੇਸ਼ ਕੀਤੀ ਗਈ ਰਿਪੋਰਟ ’ਚ ਕਿਹਾ ਗਿਆ ਕਿ ਇਸ ਘਟਨਾ ਨੂੰ ਭਾਈਚਾਰਕ ਮਾਣ ਦੇ ਇੱਕ ਮਹੱਤਵਪੂਰਨ ਬਿੰਦੂ ਵਜੋਂ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। 1914 ਵਿਚ ਭਾਰਤ ਤੋਂ ਕੈਨੇਡਾ ਜਾਣ ਵਾਲੇ ਲੋਕਾਂ ਵਿਚ ਸਿੱਖਾਂ, ਮੁਸਲਮਾਨਾਂ ਅਤੇ ਹਿੰਦੂਆਂ ਸਮੇਤ 376 ਭਾਰਤੀ ਸਨ, ਜਿਹਨਾਂ ਵਿਚ, ਜ਼ਿਆਦਾਤਰ ਪੰਜਾਬ ਤੋਂ ਸਨ। ਉਨ੍ਹਾਂ ਨੂੰ ਕਈ ਮਹੀਨਿਆਂ ਤੱਕ ਗੰਭੀਰ ਸਥਿਤੀਆਂ ਵਿਚ ਡੌਕਿੰਗ ਤੋਂ ਰੋਕਿਆ ਗਿਆ ਅਤੇ ਅੰਤ ਵਿਚ ਭਾਰਤ ਵਾਪਸ ਆਉਣ ਲਈ ਮਜਬੂਰ ਕੀਤਾ ਗਿਆ। ਉਹ 23 ਸਤੰਬਰ, 1914 ਨੂੰ ਕੋਲਕਾਤਾ ਨੇੜੇ ਬੱਜ ਬੱਜ ਪਹੁੰਚੇ। ਰਿਪੋਰਟ ਨੇ ਕੌਂਸਲ ਨੂੰ ਦੱਸਿਆ ਕਿ “ਉੱਥੇ (ਵੈਨਕੂਵਰ) ਜ਼ਿਆਦਾਤਰ ਯਾਤਰੀਆਂ ਨੂੰ ਕੈਦ ਕਰ ਲਿਆ ਗਿਆ ਸੀ ਅਤੇ ਜਦੋਂ ਜਹਾਜ਼ ’ਤੇ ਗੋਲੀਬਾਰੀ ਕੀਤੀ ਗਈ, ਤਾਂ ਇਸ ਵਿਚ 20 ਲੋਕਾਂ ਦੀ ਮੌਤ ਹੋ ਗਈ ਸੀ। ਇਹ ਫ਼ੈਸਲਾ ਉਦੋਂ ਆਇਆ ਹੈ, ਜਦੋਂ ਵੈਨਕੂਵਰ ਵਿਚ ਇਤਿਹਾਸਕ ਕਾਮਾਗਾਟਾ ਮਾਰੂ ਯਾਦਗਾਰ ਨੂੰ 2021 ਅਤੇ 2023 ਦੇ ਇਸ ਮਹੀਨੇ ਦੇ ਸ਼ੁਰੂ ਵਿਚ ਲਗਾਤਾਰ ਤੀਜੀ ਵਾਰ ਤੋੜਿਆ ਗਿਆ ਸੀ।

# ਬਰੈਂਪਟਨ ’ਚ ਕੋਕੀਨ ਦੀ ਵੱਡੀ ਖੇਪ ਜ਼ਬਤ

■ 2 ਪੰਜਾਬੀਆਂ ’ਤੇ ਨਸ਼ਾ ਤਸਕਰੀ ਦੇ ਦੋਸ਼ ਲੱਗੇ
■ ਕੈਨੇਡਾ ’ਚ ਕੋਕੀਨ ਦੀ ਵੱਡੀ ਖੇਪ ਬਰਾਮਦ, ਬਰੈਂਪਟਨ ਵਾਸੀ ਵਿਕਰਮ ਦੱਤਾ ਤੇ ਗੁਰਿੰਦਰ ਸਿੰਘ ਗ੍ਰਿਫ਼ਤਾਰ

**ਬਰੈਂਪਟਨ, (ਪੰਜਾਬ ਮੇਲ)-** ਬਲੂ ਵਾਟਰ ਬ੍ਰਿਜ ’ਤੇ ਪਿਛਲੇ ਮਹੀਨੇ ਇੱਕ ਵਪਾਰਕ ਟਰੱਕ ਤੋਂ 100 ਕਿਲੋਗ੍ਰਾਮ ਸ਼ੱਕੀ ਕੋਕੀਨ ਜ਼ਬਤ ਕੀਤੇ ਜਾਣ ਤੋਂ ਬਾਅਦ ਬਰੈਂਪਟਨ ਦੇ 2 ਵਿਅਕਤੀਆਂ ’ਤੇ ਨਸ਼ਾ ਤਸਕਰੀ ਦੇ ਦੋਸ਼ ਲੱਗੇ ਹਨ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਨੇ ਇਸ ਸਬੰਧੀ ਜਾਣਕਾਰੀ ਦਿੱਤੀ ਹੈ। ਸੀ.ਬੀ.ਐੱਸ.ਏ. ਦੀ ਇੱਕ ਪ੍ਰੈੱਸ ਰਿਲੀਜ਼ ਦੇ ਅਨੁਸਾਰ, 11 ਦਸੰਬਰ, 2022 ਨੂੰ ਇੱਕ ਵਪਾਰਕ ਟਰੱਕ ਪੁਆਇੰਟ ਐਡਵਰਡ, ਓਨਟਾਰੀਓ ਵਿਚ ਬਲੂ ਵਾਟਰ ਬ੍ਰਿਜ ਬਾਰਡਰ ਕਰਾਸਿੰਗ ਤੋਂ ਕੈਨੇਡਾ ਵਿਚ ਦਾਖਲ ਹੋਇਆ ਸੀ, ਜਿਸ ਤੋਂ ਬਾਅਦ ਇਸ ਨੂੰ ਸੈਕੰਡਰੀ ਜਾਂਚ ਲਈ ਭੇਜਿਆ ਗਿਆ ਸੀ। ਟਰੇਲਰ ਦੀ ਜਾਂਚ ਦੌਰਾਨ, ਸਰਹੱਦੀ ਸੇਵਾਵਾਂ ਦੇ ਅਧਿਕਾਰੀਆਂ ਨੇ ਸ਼ੱਕੀ ਕੋਕੀਨ ਦੀਆਂ 89 ਇੱਟਾਂ ਲੱਭੀਆਂ, ਜਿਨ੍ਹਾਂ ਦਾ ਭਾਰ ਲਗਭਗ 100 ਕਿਲੋਗ੍ਰਾਮ ਸੀ। ਨਤੀਜੇ ਵਜੋਂ, ਟਰੱਕ ਦੇ ਡਰਾਈਵਰ ਅਤੇ ਇੱਕ ਯਾਤਰੀ ਨੂੰ ਸੀ.ਬੀ.ਐੱਸ.ਏ. ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਜਦੋਂਕਿ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਨੇ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ ਅਤੇ ਸ਼ੱਕੀ ਨਸ਼ੀਲੇ ਪਦਾਰਥ ਜ਼ਬਤ ਕਰ ਲਏ। ਹੁਣ, ਬਰੈਂਪਟਨ, ਓਨਟਾਰੀਓ ਦੇ ਵਸਨੀਕ ਵਿਕਰਮ ਦੱਤਾ (44) ਅਤੇ ਗੁਰਿੰਦਰ ਸਿੰਘ (61) ਨੂੰ ਕੋਕੀਨ ਦੀ ਦਰਾਮਦ ਅਤੇ ਤਸਕਰੀ ਦੇ ਮਕਸਦ ਨਾਲ ਕੋਕੀਨ ਰੱਖਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਨ ਸੁਰੱਖਿਆ ਮੰਤਰੀ ਮਾਰਕੋ ਮੇਂਡੀਸੀਨੋ ਨੇ ਇੱਕ ਬਿਆਨ ਵਿੱਚ ਕਿਹਾ ਕਿ ਮੈਂ ਦੇਸ਼ ਵਿਚ ਖ਼ਤਰਨਾਕ ਨਸ਼ੀਲੇ ਪਦਾਰਥਾਂ ਨੂੰ ਆਉਣ ਤੋਂ ਰੋਕਣ ਵਿਚ ਸ਼ਾਨਦਾਰ ਕੰਮ ਕਰਨ ਲਈ ਸਮਰਪਿਤ ਸੀ.ਬੀ.ਐੱਸ.ਏ. ਅਤੇ ਆਰ.ਸੀ.ਐੱਮ.ਪੀ. ਅਧਿਕਾਰੀਆਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਮੈਨੂੰ ਪਿਛਲੇ ਮਹੀਨੇ ਬਲੂ ਵਾਟਰ ਬ੍ਰਿਜ ਦੀ ਆਪਣੀ ਫੇਰੀ ਦੌਰਾਨ ਇਨ੍ਹਾਂ ਯਤਨਾਂ ਨੂੰ ਸਭ ਤੋਂ ਪਹਿਲਾਂ ਦੇਖਣ ਦਾ ਮੌਕਾ ਮਿਲਿਆ ਸੀ ਅਤੇ ਮੈਂ ਇਹ ਦੇਖਣ ਲਈ ਉਤਸੁਕ ਹਾਂ ਕਿ ਉਹ ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਲਈ ਕੀ ਬਦਲਾਅ ਲਿਆ ਰਹੇ ਹਨ।

ਐਨ ਨਗੁਏਨ, ਡਾਇਰੈਕਟਰ, ਸੇਂਟ ਕਲੇਅਰ ਡਿਸਟ੍ਰਿਕਟ ਓਪਰੇਸ਼ਨ, ਸੀ.ਬੀ.ਐੱਸ.ਏ. ਨੇ ਕਿਹਾ ਕਿ ਇਹ ਜ਼ਬਤੀ ਸੀ.ਬੀ.ਐੱਸ.ਏ. ਅਤੇ ਆਰ.ਸੀ.ਐੱਮ.ਪੀ. ਵਿਚਕਾਰ ਸਹਿਯੋਗ ਦੀ ਮਜ਼ਬੂਤੀ ਦਾ ਪ੍ਰਮਾਣ ਹੈ ਅਤੇ ਸਾਡੇ ਭਾਈਚਾਰਿਆਂ ਦੀ ਸੁਰੱਖਿਆ ਲਈ ਮਿਲ ਕੇ ਕੰਮ ਕਰਨ ਵਾਲੀਆਂ ਦੋਵਾਂ ਏਜੰਸੀਆਂ ਦੀ ਇੱਕ ਸ਼ਾਨਦਾਰ ਉਦਾਹਰਣ ਹੈ। ਇਹ ਮਾਮਲਾ ਫਿਲਹਾਲ ਸਾਰਨੀਆ, ਓਨਟਾਰੀਓ ਸਥਿਤ ਓਨਟਾਰੀਓ ਕੋਰਟ ਆਫ ਜਸਟਿਸ ਦੇ ਸਾਹਮਣੇ ਹੈ।

# ਸਰੀ ਦੇ ਲੇਖਕਾਂ ਨੇ ਨਾਮਵਰ ਸ਼ਾਇਰ ਦਰਸ਼ਨ ਬੁੱਟਰ ਨੂੰ ਇਪਸਾ ਐਵਾਰਡ ਮਿਲਣ ’ਤੇ ਵਧਾਈਆਂ ਦਿੱਤੀਆਂ



**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਗ਼ਜ਼ਲ ਮੰਚ ਸਰੀ ਅਤੇ ਵੈਨਕੂਵਰ ਵਿਚਾਰ ਮੰਚ ਦੇ ਲੇਖਕਾਂ ਨੇ ਸ਼੍ਰੋਮਣੀ ਪੰਜਾਬੀ ਸ਼ਾਇਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਨੂੰ ਇਪਸਾ ਵੱਲੋਂ ਸੱਤਵਾਂ ਪ੍ਰਮਿੰਦਰਜੀਤ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕਰਨ ’ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ ਅਤੇ ਦਰਸ਼ਨ ਬੁੱਟਰ ਨੂੰ ਮੁਬਾਰਕਬਾਦ ਦਿੱਤੀ ਹੈ। ਵੱਖ-ਵੱਖ ਬਿਆਨਾਂ ਰਾਹੀਂ ਗ਼ਜ਼ਲ ਮੰਚ ਸਰੀ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਦਵਿੰਦਰ ਗੌਤਮ, ਦਸ਼ਮੇਸ਼ ਗਿੱਲ ਫਿਰੋਜ਼, ਹਰਦਮ ਮਾਨ, ਪ੍ਰੀਤ ਮਨਪ੍ਰੀਤ, ਗੁਰਮੀਤ ਸਿੰਘ ਸਿੱਧੂ, ਬਲਦੇਵ ਸੀਹਰਾ ਨੇ ਆਪਣੇ ਵਧਾਈ ਸੁਨੇਹੇ ਵਿਚ ਕਿਹਾ ਹੈ ਕਿ ਆਸਟਰੇਲੀਆ ਦੀ ਸੰਸਥਾ ਇਪਸਾ ਵੱਲੋਂ ਇਸ ਐਵਾਰਡ ਲਈ ਦਰਸ਼ਨ ਬੁੱਟਰ ਦੀ ਚੋਣ ਕਰਨਾ ਬਹੁਤ ਹੀ ਸ਼ਲਾਘਾਯੋਗ ਫੈਸਲਾ ਹੈ। ਨਾਮਵਰ ਸ਼ਾਇਰ ਜਸਵਿੰਦਰ ਨੇ ਦਰਸ਼ਨ ਬੁੱਟਰ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਦਰਸ਼ਨ ਬੁੱਟਰ ਆਧੁਨਿਕ ਪੰਜਾਬੀ ਕਵਿਤਾ ਦਾ ਮਾਣਮੱਤਾ ਸ਼ਾਇਰ ਹੈ। ਉਹ ਕਾਵਿ ਰਚਨਾ ਦੇ ਨਾਲ-ਨਾਲ ਪਿਛਲੇ ਤਿੰਨ ਦਹਾਕਿਆਂ ਤੋਂ ਨਾਭਾ ਕਵਿਤਾ ਉਤਸਵ ਦੇ ਸ਼ਾਨਦਾਰ ਅਤੇ ਸਫਲ ਸਮਾਗਮਾਂ ਰਾਹੀਂ ਅਨੇਕਾਂ ਕਵੀਆਂ ਦੀ ਕਾਵਿ-ਉਡਾਰੀ ਨੂੰ ਨਵੇਂ ਅੰਬਰ ਪ੍ਰਦਾਨ ਕਰਵਾਉਣ ਦਾ ਵਰਨਣਯੋਗ ਸਾਹਿਤਕ ਕਾਰਜ ਕਰਦਾ ਆ ਰਿਹਾ ਹੈ। ਸਾਹਿਤ ਅਕਾਦਮੀ ਐਵਾਰਡ ਅਤੇ ਸ਼੍ਰੋਮਣੀ ਪੰਜਾਬੀ ਕਵੀ ਹੋਣ ਦਾ ਉਸ ਨੂੰ ਮਾਣ ਹਾਸਲ ਹੈ ਅਤੇ ਇਪਸਾ ਦੇ ਐਵਾਰਡ ਨਾਲ ਉਸ ਦੇ ਸਾਹਿਤਕ ਕਾਰਜ ਦੀ ਮਾਨਤਾ ਵਿਚ ਹੋਰ ਵਾਧਾ ਹੋਇਆ ਹੈ।

calstate
MORTGAGE
NMLS: 1729528/ DRE 02058505
We are home loan experts dedicated to making sure your home purchase or refinance experience is top-notch.
Purchase Loan and Refinance
15 & 30 Yr. Fixed Rates Are Still Better!!! Refinance Now at Zero Cost
Ways we help 1st time home buyers:
» Will walk new buyers through the whole loan process
» Fast turn times for pre-approvals and underwriting during the settlement process
» Fannie & Freddie with expanded DTI's
» All Govt programs available for buyers
» Credit scores down to a 600 for FHA and VA buyers
» We have Cheona Down Payment Assistance In-house
» Can also work with Down Payment Assistance programs at the State and County level
» 1099, W-2 and Passive income allowed
» 100k minimum total loan amount for Primary Purchases
» ਨਵੇਂ ਜਾਂ ਪੁਰਾਣੇ ਘਰ ਦਾ ਲੋਨ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
» ਘਰ ਰੀਫਾਈਨਾਂਸ ਕਰਾਉਣਾ ਹੋਵੇ ਤਾਂ ਸਾਨੂੰ ਮਿਲੋ।
» ਕਿਸੇ ਵੀ ਤਰ੍ਹਾਂ ਦੇ ਲੋਨ ਸਬੰਧੀ ਸਲਾਹ-ਮਸ਼ਵਰੇ ਲਈ ਕਾਲ ਕਰੋ।

Preet Kalirai
NMLS: 281660/DRE 02097522
Mortgage Broker


530 La Sierra Drive, Sacramento, CA 95864
ਸਾਡੇ ਨਾਲ ਪੰਜਾਬੀ ਜਾਂ ਇੰਗਲਿਸ਼ ਵਿਚ ਗੱਲ ਕਰੋ।
916-225-1225
e: preet@calstatemtg.com • w : https://www.getapproval.com
Copyright@Punjab Mail USA

# ਵਿਜੀਲੈਂਸ ਦੀ ਕਾਰਵਾਈਆਂ ਨੇ ਕਾਂਗਰਸੀਆਂ ਦੀਆਂ ਚਿੰਤਾਵਾਂ ਵਧਾਈਆਂ

■ **ਪੰਜਾਬ ਦੇ ਦਰਜਨ ਦੇ ਕਰੀਬ ਸਾਬਕਾ ਮੰਤਰੀਆਂ ਤੇ ਵਿਧਾਇਕਾਂ ਖਿਲਾਫ਼ ਚੱਲ ਰਹੀ ਹੈ ਜਾਂਚ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਕਾਂਗਰਸ ਦੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਦੀ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਵਿਚ ਕੀਤੀ ਗ੍ਰਿਫ਼ਤਾਰੀ ਨੇ ਕਾਂਗਰਸ ਦੇ ਸਾਬਕਾ ਮੰਤਰੀਆਂ ਤੇ ਵਿਧਾਇਕਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਵਿਜੀਲੈਂਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਸੂਬੇ ਦੇ ਦਰਜਨ ਦੇ ਕਰੀਬ ਸਾਬਕਾ ਮੰਤਰੀਆਂ ਤੇ ਵਿਧਾਇਕਾਂ ਖ਼ਿਲਾਫ਼ ਸਰੋਤਾਂ ਤੋਂ ਜ਼ਿਆਦਾ ਆਮਦਨੀ ਦੇ ਮਾਮਲੇ ਵਿਚ ਜਾਂਚ ਆਰੰਭੀ ਹੋਈ ਹੈ। ਵਿਜੀਲੈਂਸ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਇਸ ਸਮੇਂ ਜਿਨ੍ਹਾਂ ਕਾਂਗਰਸੀ ਆਗੂਆਂ ਖ਼ਿਲਾਫ਼ ਜਾਂਚ ਵਿੱਢੀ ਹੋਈ ਹੈ, ਉਨ੍ਹਾਂ ਵਿਚ ਓਮ ਪ੍ਰਕਾਸ਼ ਸੋਨੀ, ਭਾਰਤ ਭੂਸ਼ਨ ਆਸ਼ੂ, ਸੁੰਦਰ ਸ਼ਾਮ ਅਰੋੜਾ, ਵਿਜੈਇੰਦਰ ਸਿੰਗਲਾ, ਬ੍ਰਹਮ ਮਹਿੰਦਰਾ, ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ, ਬਰਿੰਦਰਮੀਤ ਸਿੰਘ ਪਾਹੜਾ, ਮਦਨ ਲਾਲ ਜਲਾਲਪੁਰ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰ ਰਹੇ ਭਰਤਇੰਦਰ ਸਿੰਘ ਚਾਹਲ ਅਤੇ ਭਾਜਪਾ 'ਚ ਸ਼ਮੂਲੀਅਤ ਕਰਨ ਵਾਲੇ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਆਦਿ ਦਾ ਨਾਮ ਸ਼ਾਮਲ ਹੈ। ਇਸੇ ਤਰ੍ਹਾਂ ਪੁਲਿਸ ਦੇ ਕਈ ਅਫ਼ਸਰਾਂ ਖਿਲਾਫ਼ ਵੀ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਹੋਈ ਹੈ। ਵਿਜੀਲੈਂਸ ਨੇ ਓ.ਪੀ. ਸੋਨੀ, ਕੁਸ਼ਲਦੀਪ ਸਿੰਘ ਢਿੱਲੋਂ, ਪਾਹੜਾ ਤੇ ਮਦਨਲਾਲ ਜਲਾਲਪੁਰ ਦੀਆਂ ਜਾਇਦਾਦਾਂ ਸਬੰਧੀ ਜਾਣਕਾਰੀ ਇਕੱਤਰ ਕਰਨ 'ਚ ਤੇਜ਼ੀ ਲਿਆਂਦੀ ਹੋਈ ਹੈ। ਇਸ ਤਰ੍ਹਾਂ ਆਉਣ ਵਾਲੇ ਦਿਨਾਂ ਦੌਰਾਨ ਹੋਰਨਾਂ ਖਿਲਾਫ਼ ਕਾਰਵਾਈ ਕੀਤੇ ਜਾਣ ਦੀ ਸੰਭਾਵਨਾ ਹੈ। ਵਿਜੀਲੈਂਸ ਦੀ ਮਾਰ ਹੇਠ ਆਉਣ ਵਾਲੇ ਕਾਂਗਰਸੀ ਆਗੂਆਂ ਵੱਲੋਂ ਭੱਜ-ਨੱਠ ਕੀਤੀ ਜਾਣ ਲੱਗੀ ਹੈ ਤੇ ਇਹ ਆਗੂ ਹਾਈ ਕੋਰਟ ਦੇ ਸੀਨੀਅਰ ਵਕੀਲਾਂ ਦਾ ਸਹਾਰਾ ਲੈ ਰਹੇ ਹਨ।

ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਾਬਕਾ ਮੁੱਖ ਮੰਤਰੀ ਦੇ ਸਲਾਹਕਾਰ ਰਹੇ ਭਰਤਇੰਦਰ ਸਿੰਘ ਚਾਹਲ ਦੀ ਜਾਇਦਾਦ ਦੇ ਵੇਰਵੇ ਇਕੱਤਰ ਕਰਨ 'ਚ ਹਾਲ ਦੀ ਘੜੀ ਸਮਾਂ ਲੱਗ ਰਿਹਾ ਹੈ। ਵਿਜੀਲੈਂਸ ਸੂਤਰਾਂ ਦਾ ਕਹਿਣਾ ਹੈ ਕਿ ਸਾਬਕਾ ਕਾਂਗਰਸ ਸਰਕਾਰ ਦਾ ਕਰੀਬੀ ਰਿਹਾ ਇੱਕ ਪੁਲਿਸ ਅਧਿਕਾਰੀ ਆਪਣੀ ਜਾਇਦਾਦ ਵੇਚ ਵੱਟ ਕੇ ਵਿਦੇਸ਼ ਚਲਾ ਗਿਆ ਹੈ। ਇਹ ਸਾਬਕਾ ਅਧਿਕਾਰੀ ਵੀ ਵਿਜੀਲੈਂਸ ਦੀ ਤਲਵਾਰ ਲਟਕਦੀ ਹੋਈ ਮਹਿਸੂਸ ਕਰ ਰਿਹਾ ਸੀ। ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅਕਾਲੀ-ਭਾਜਪਾ ਸਰਕਾਰ ਸਮੇਂ ਸਿੰਜਾਈ ਵਿਭਾਗ ਵਿਚ ਹੋਏ ਬਹੁ ਕਰੋੜੀ ਘਪਲੇ ਦੇ ਮਾਮਲੇ ਵਿਚ ਵੀ ਮੁੜ ਤੋਂ ਜਾਂਚ ਕੀਤੀ ਜਾ ਰਹੀ ਹੈ। ਇਸ ਜਾਂਚ ਵਿਚ ਹੁਣ ਤੱਕ ਦੋ ਸਾਬਕਾ ਮੰਤਰੀਆਂ ਜਨਮੇਜਾ ਸਿੰਘ ਸੇਖੋਂ, ਸ਼ਰਨਜੀਤ ਸਿੰਘ ਢਿੱਲੋਂ ਸਮੇਤ ਤਿੰਨ ਸਾਬਕਾ ਆਈ.ਏ.ਐੱਸ. ਅਧਿਕਾਰੀਆਂ ਸਰਵੇਸ਼ ਕੌਸ਼ਲ, ਕੇ.ਬੀ.ਐੱਸ. ਸਿੱਧੂ ਅਤੇ ਕਾਹਨ ਸਿੰਘ ਪੰਨੂ ਨੂੰ ਦੋ ਵਾਰੀ ਪੁੱਛਗਿੱਛ ਲਈ ਬੁਲਾਇਆ ਜਾ ਚੁੱਕਾ ਹੈ।

ਸਫਾ 1 ਦਾ ਬਾਕੀ

## ਯੂ.ਐੱਸ.ਸੀ.ਆਈ.ਐੱਸ. ਨੇ ਗ੍ਰੀਨ ਕਾਰਡ ਦੀ ਵੈਧਤਾ 48...

ਜੇਕਰ ਇਹ ਤੁਹਾਡੇ 'ਤੇ ਲਾਗੂ ਹੁੰਦਾ ਹੈ, ਤਾਂ ਯੂ.ਐੱਸ.ਸੀ.ਆਈ.ਐੱਸ. ਫੀਲਡ ਆਫਿਸ ਵਿਖੇ ਮੁਲਾਕਾਤ ਨਿਯਤ ਕਰਨ ਲਈ ਯੂ.ਐੱਸ.ਸੀ.ਆਈ.ਐੱਸ. ਸੰਪਰਕ ਕੇਂਦਰ ਨਾਲ ਸੰਪਰਕ ਕਰੋ। ਨਹੀਂ ਤਾਂ, ਜੇਕਰ ਤੁਹਾਡੇ ਕੋਲ ਅਜੇ ਵੀ ਤੁਹਾਡਾ ਗ੍ਰੀਨ ਕਾਰਡ ਹੈ, ਅਤੇ ਤੁਸੀਂ ਇੱਕ ਸੋਧੇ ਹੋਏ ਰਸੀਦ ਨੋਟਿਸ ਦੀ ਉਡੀਕ ਕਰ ਰਹੇ ਹੋ ਅਤੇ ਜੇਕਰ ਤੁਹਾਨੂੰ ਰੁਜ਼ਗਾਰ ਜਾਂ ਯਾਤਰਾ ਲਈ ਇਸਦੀ ਲੋੜ ਹੋਵੇ, ਤਾਂ ਤੁਹਾਨੂੰ ADIT ਸਟੈਂਪ ਲਈ ਨਿਯੁਕਤੀ ਨਿਯਤ ਕਰਨੀ ਚਾਹੀਦੀ ਹੈ।

ਇਸ ਤੋਂ ਇਲਾਵਾ, ਜੇਕਰ ਤੁਸੀਂ ਇੱਕ ਸ਼ਰਤੀਆ ਸਥਾਈ ਨਿਵਾਸੀ ਹੋ ਅਤੇ ਇੱਕ ਸਾਲ ਜਾਂ ਇਸ ਤੋਂ ਵੱਧ ਸਮੇਂ ਲਈ ਅਮਰੀਕਾ ਤੋਂ ਬਾਹਰ ਯਾਤਰਾ ਕਰਨ ਅਤੇ ਰਹਿਣ ਦੀ ਯੋਜਨਾ ਬਣਾਉਂਦੇ ਹੋ, ਤਾਂ ਤੁਹਾਨੂੰ ਅਮਰੀਕਾ ਛੱਡਣ ਤੋਂ ਪਹਿਲਾਂ ਫਾਰਮ ਆਈ-131, ਯਾਤਰਾ ਦਸਤਾਵੇਜ਼ ਲਈ ਅਰਜ਼ੀ ਭਰ ਕੇ ਪਰਮਿਟ ਲਈ ਅਰਜ਼ੀ ਦੇਣੀ ਚਾਹੀਦੀ ਹੈ।

# ਗੈਰ-ਕਾਨੂੰਨੀ ਢੰਗ ਨਾਲ ਇੰਗਲਿਸ਼ ਚੈਨਲ ਪਾਰ ਕਰ ਬ੍ਰਿਟੇਨ 'ਚ ਦਾਖ਼ਲ ਹੋ ਰਹੇ ਭਾਰਤੀ

■ **ਜਾਨ ਨੂੰ ਖ਼ਤਰੇ 'ਚ ਪਾ ਬ੍ਰਿਟੇਨ ਪੁੱਜਣ ਵਾਲੇ ਭਾਰਤੀ ਨਾਗਰਿਕ ਕਥਿਤ ਤੌਰ 'ਤੇ ਤੀਜਾ ਸਭ ਤੋਂ ਵੱਡਾ ਪ੍ਰਵਾਸੀ ਸਮੂਹ**

**ਲੰਡਨ, (ਪੰਜਾਬ ਮੇਲ)-** ਜਾਨ ਨੂੰ ਖ਼ਤਰਾ ਪੈਦਾ ਕਰਨ ਵਾਲੀਆਂ ਛੋਟੀਆਂ ਕਿਸ਼ਤੀਆਂ ਜ਼ਰੀਏ ਇੰਗਲਿਸ਼ ਚੈਨਲ ਪਾਰ ਕਰਕੇ ਬ੍ਰਿਟੇਨ ਦੇ ਸਮੁੰਦਰ ਤੱਟਾਂ 'ਤੇ ਗੈਰ-ਕਾਨੂੰਨੀ ਢੰਗ ਨਾਲ ਪਹੁੰਚਣ ਦੇ ਮਾਮਲੇ ਵਿਚ ਭਾਰਤੀ ਨਾਗਰਿਕ ਕਥਿਤ ਤੌਰ 'ਤੇ ਤੀਜਾ ਸਭ ਤੋਂ ਵੱਡਾ ਪ੍ਰਵਾਸੀ ਸਮੂਹ ਹੈ। ਇਕ ਰਿਪੋਰਟ ਅਨੁਸਾਰ ਕਿਹਾ ਗਿਆ ਹੈ ਕਿ ਗ੍ਰਹਿ ਦਫ਼ਤਰ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਭਾਰਤੀ ਵਿਦਿਆਰਥੀ ਨਿਯਮਾਂ ਵਿਚ ਮੌਜੂਦ ਉਸ ਖਾਮੀ ਦਾ ਇਸਤੇਮਾਲ ਕਰ ਰਹੇ ਹਨ, ਜੋ ਸ਼ਰਣ ਮੰਗਣ ਵਾਲਿਆਂ ਨੂੰ ਬ੍ਰਿਟੇਨ ਵਿਚ ਪੜ੍ਹਾਈ ਕਰਨ ਅਤੇ ਅੰਤਰਰਾਸ਼ਟਰੀ ਫੀਸਾਂ ਦੀ ਤੁਲਨਾ ਵਿਚ ਕਾਫ਼ੀ ਘੱਟ ਰਕਮ ਦਾ ਭੁਗਤਾਨ ਕਰਨ ਦੀ ਇਜਾਜ਼ਤ ਦਿੰਦਾ ਹੈ।

ਰਿਪੋਰਟ 'ਚ ਕਿਹਾ ਗਿਆ ਹੈ ਕਿ ਇਸ ਸਾਲ ਲਗਭਗ 250 ਭਾਰਤੀ ਪ੍ਰਵਾਸੀਆਂ ਨੇ ਛੋਟੀਆਂ ਕਿਸ਼ਤੀਆਂ ਜ਼ਰੀਏ ਆਪਣੀ ਜਾਨ ਖਤਰੇ 'ਚ ਪਾ ਕੇ ਇੰਗਲਿਸ਼ ਚੈਨਲ ਪਾਰ ਕੀਤਾ। ਇਹ ਗਿਣਤੀ ਪਿਛਲੇ ਸਾਲ ਇੰਗਲਿਸ਼ ਚੈਨਲ ਪਾਰ ਕਰਨ ਵਾਲਿਆਂ ਨਾਲੋਂ 233 ਵੱਧ ਹੈ। ਇਸ ਤਰ੍ਹਾਂ ਭਾਰਤੀ ਨਾਗਰਿਕ ਇਸ ਮਾਮਲੇ 'ਚ ਅਫਗਾਨ ਅਤੇ ਸੀਰੀਆ ਦੇ ਨਾਗਰਿਕਾਂ ਤੋਂ ਬਾਅਦ ਤੀਜੇ ਸਥਾਨ 'ਤੇ ਹਨ। ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਸ ਦੇ ਪਿੱਛੇ ਇੱਕ ਸਿਧਾਂਤ, ਭਾਰਤੀਆਂ ਲਈ ਸਰਬੀਆ ਦੇ ਵੀਜ਼ਾ ਮੁਕਤ ਯਾਤਰਾ ਨਿਯਮ ਨੂੰ ਦੱਸਿਆ ਜਾ ਰਿਹਾ ਹੈ। ਗ੍ਰਹਿ ਦਫ਼ਤਰ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਜ਼ਰੀਏ ਯੂਰਪ 'ਚ ਪ੍ਰਵੇਸ਼ ਦੇ ਦਰਵਾਜ਼ੇ ਖੋਲ੍ਹ ਦਿੱਤੇ ਗਏ ਹਨ। ਬ੍ਰਿਟੇਨ ਵਿਚ ਭਾਰਤੀ ਵਿਦਿਆਰਥੀਆਂ ਦੀ ਨੁਮਾਇੰਦਗੀ ਕਰਨ ਵਾਲੀ ਸੰਸਥਾ ਦੇ ਪ੍ਰਧਾਨ ਸਨਮ ਅਰੋੜਾ ਨੇ ਕਿਹਾ ਕਿ ਇਹ ਸੁਣਨਾ ਬਹੁਤ ਪਰੇਸ਼ਾਨ ਕਰਨ ਵਾਲਾ ਹੈ ਅਤੇ ਐੱਨ.ਆਈ.ਐੱਸ.ਏ.ਯੂ. (ਨੈਸ਼ਨਲ ਇੰਡੀਅਨ ਸਟੂਡੈਂਟਸ ਐਂਡ ਅਲੂਮਨੀ ਯੂਨੀਅਨ) ਨੇ ਅਜਿਹੀ ਗਤੀਵਿਧੀ ਦੇ ਬਾਰੇ ਵਿਚ ਪਹਿਲੀ ਵਾਰ ਸੁਣਿਆ ਹੈ।

# ਬਿਹਾਰ ਅਦਾਲਤ 'ਚ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਖ਼ਿਲਾਫ਼ ਸ਼ਿਕਾਇਤ ਦਰਜ



**ਮੁਜ਼ੱਫਰਪੁਰ, (ਪੰਜਾਬ ਮੇਲ)-** ਰਾਸ਼ਟਰੀ ਸੋਇਮਸੇਵਕ ਸੰਘ (ਆਰ.ਐੱਸ.ਐੱਸ.) ਦੇ ਮੁਖੀ ਮੋਹਨ ਭਾਗਵਤ ਖ਼ਿਲਾਫ਼ ਬਿਹਾਰ ਦੇ ਮੁਜ਼ੱਫਰਪੁਰ ਜ਼ਿਲ੍ਹੇ ਦੀ ਅਦਾਲਤ 'ਚ 'ਬ੍ਰਾਹਮਣਾਂ' ਦਾ ਅਪਮਾਨ ਕਰਨ ਦਾ ਦੋਸ਼ ਲਗਾਉਂਦੇ ਹੋਏ ਸ਼ਿਕਾਇਤ ਦਰਜ ਕਰਵਾਈ ਗਈ ਹੈ। ਵਕੀਲ ਸੁਧੀਰ ਕੁਮਾਰ ਓਝਾ ਨੇ ਇਹ ਪਟੀਸ਼ਨ ਮੁਜ਼ੱਫਰਪੁਰ ਦੇ ਚੀਫ਼ ਜੁਡੀਸ਼ਲ ਮੈਜਿਸਟ੍ਰੇਟ ਦੀ ਅਦਾਲਤ ਵਿਚ ਦਾਇਰ ਕੀਤੀ ਹੈ। ਪਟੀਸ਼ਨ ਵਿਚ ਉਸ ਨੇ ਐਤਵਾਰ ਨੂੰ ਮੁੰਬਈ ਵਿਚ ਭਾਗਵਤ ਦੇ ਸੰਬੋਧਨ ਦੀਆਂ ਮੀਡੀਆ ਰਿਪੋਰਟਾਂ ਦਾ ਹਵਾਲਾ ਦਿੱਤਾ, ਜਿੱਥੇ ਉਹ ਸੰਤ ਰਵਿਦਾਸ ਦੀ ਜਯੰਤੀ ਨੂੰ ਮਨਾਉਣ ਲਈ ਸਮਾਗਮ ਵਿਚ ਹਿੱਸਾ ਲੈ ਰਹੇ ਸਨ। ਮਰਾਠੀ ਵਿਚ ਆਪਣੇ ਸੰਬੋਧਨ ਦੌਰਾਨ ਆਰ.ਐੱਸ.ਐੱਸ. ਮੁਖੀ ਨੇ ਹਿੰਦੂ ਸਮਾਜ ਵਿਚ ਪ੍ਰਚਲਿਤ ਸਖ਼ਤ ਜਾਤੀਵਾਦ ਲਈ ਪੰਡਿਤਾਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਅਦਾਲਤ ਮਾਮਲੇ ਦੀ ਸੁਣਵਾਈ 20 ਫਰਵਰੀ ਨੂੰ ਕਰੇਗੀ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com







# ਨਰਪਾਲ ਸਿੰਘ ਸ਼ੇਰਗਿੱਲ ਦੀ ਪੁਸਤਕ 'ਇੰਡੀਅਨ ਐਬਰੌਡ ਐਂਡ ਪੰਜਾਬ ਇਮਪੈਕਟ-2022' ਡਾ. ਬਰਜਿੰਦਰ ਸਿੰਘ ਹਮਦਰਦ ਵੱਲੋਂ ਲੋਕ ਅਰਪਨ

**ਫਗਵਾੜਾ, (ਪੰਜਾਬ ਮੇਲ)-** ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਦੀ ਪੁਸਤਕ 'ਇੰਡੀਅਨ ਐਬਰੌਡ ਐਂਡ ਪੰਜਾਬ ਇਮਪੈਕਟ-2022 (ਪੰਜਾਬੀ ਸੰਸਾਰ-2022) ਦਾ 24ਵਾਂ ਅੰਤਰਰਾਸ਼ਟਰੀ ਸਾਲਾਨਾ ਅੰਕ ਪੰਜਾਬੀ ਦੀ ਮੁੱਖ ਅਖ਼ਬਾਰ ਦੇ ਮੁੱਖ ਸੰਪਾਦਕ ਡਾ: ਬਰਜਿੰਦਰ ਸਿੰਘ ਹਮਦਰਦ ਨੇ ਲੋਕ ਅਰਪਨ ਕੀਤਾ। ਇਸ ਪੁਸਤਕ ਦੇ ਸੰਪਾਦਕ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਨੇ ਪੁਸਤਕ ਦੀ ਪਹਿਲੀ ਕਾਪੀ ਹਮਦਰਦ ਜੀ ਨੂੰ ਉਨ੍ਹਾਂ ਦੇ ਦਫ਼ਤਰ 'ਚ ਭੇਟ ਕੀਤੀ। ਉਨ੍ਹਾਂ ਦੇ ਨਾਲ 'ਅੱਜ ਦਾ ਪੰਜਾਬ' ਈ-ਪੇਪਰ ਦੇ ਮੁੱਖ ਸੰਪਾਦਕ ਗੁਰਮੀਤ ਸਿੰਘ ਪਲਾਹੀ ਹਾਜ਼ਰ ਸਨ। ਇਹ ਪੁਸਤਕ ਅੰਤਰਰਾਸ਼ਟਰੀ ਐੱਨ.ਆਰ.ਆਈ. ਸਚਿੱਤਰ ਡਾਇਰੈਕਟਰੀ ਹੈ, ਜਿਸਦੇ ਵੱਡ-ਅਕਾਰੀ 268 ਸਫ਼ੇ ਹਨ। ਪੁਸਤਕ ਵਿਚ ਪ੍ਰਸਿੱਧ ਵਿਦਵਾਨਾਂ ਅਤੇ ਲੇਖਕਾਂ ਦੇ ਨਾਲ-ਨਾਲ ਪੰਜਾਬ, ਦੁਨੀਆਂ ਭਰ ਦੇ ਪ੍ਰਸਿੱਧ ਪ੍ਰਵਾਸੀ ਪੰਜਾਬੀਆਂ, ਗੁਰੂ ਘਰਾਂ, ਪ੍ਰਸਿੱਧ ਸੰਸਥਾਵਾਂ ਬਾਰੇ ਭਰਪੂਰ ਜਾਣਕਾਰੀ ਹੈ। ਇਸ ਪੁਸਤਕ ਦੇ ਲੇਖਕ ਦਾ ਫੋਨ ਨੰਬਰ 94171-04002 ਹੈ।



'ਇੰਡੀਅਨ ਐਬਰੌਡ ਐਂਡ ਪੰਜਾਬ ਇਮਪੈਕਟ-2022' ਪੁਸਤਕ ਲੋਕ ਅਰਪਨ ਦੌਰਾਨ ਨਰਪਾਲ ਸਿੰਘ ਸ਼ੇਰਗਿੱਲ, ਡਾ: ਬਰਜਿੰਦਰ ਸਿੰਘ ਹਮਦਰਦ ਅਤੇ ਗੁਰਮੀਤ ਸਿੰਘ ਪਲਾਹੀ।

# ਕੈਨੇਡਾ 'ਚ ਯੋਗ ਪਾਇਲਟਾਂ ਦੀ ਹੋਈ ਘਾਟ!

**ਓਟਵਾ, (ਪੰਜਾਬ ਮੇਲ)-** ਕੈਨੇਡਾ ਦੀ ਟਰੈਵਲ ਹਿਸਟਰੀ 'ਚ ਕਈ ਉਤਰਾਅ ਚੜ੍ਹਾਅ ਦਰਜ ਕੀਤੇ ਗਏ ਹਨ। ਹੁਣ ਜਦੋਂ ਮਹਾਮਾਰੀ ਇਕ ਵਾਰੀ ਖ਼ਤਮ ਹੋ ਚੁੱਕੀ ਹੈ, ਤਾਂ ਅਜਿਹੇ ਵਿਚ ਟਰੈਵਲ ਦੀ ਮੰਗ ਵੀ ਵਧ ਗਈ ਹੈ ਪਰ ਹੁਣ ਯੋਗ ਪਾਇਲਟਾਂ ਦੀ ਘਾਟ ਦਾ ਮੁੱਦਾ ਮੂੰਹ ਅੱਡੀ ਖੜ੍ਹਾ ਹੈ। ਟੋਰਾਂਟੋ ਪੋਰਟ ਕੈਨੇਡਾ ਅਨੁਸਾਰ ਮਹਾਮਾਰੀ ਤੋਂ ਪਹਿਲਾਂ ਵਾਲੇ ਸਾਲ ਵਿਚ ਅੰਦਾਜ਼ਨ 1100 ਪਾਇਲਟ ਲਾਇਸੈਂਸ ਜਾਰੀ ਕੀਤੇ ਗਏ। ਇਨ੍ਹਾਂ ਨਾਲ ਵਿਦੇਸ਼ਾਂ ਤੋਂ ਸਿਖਲਾਈ ਪ੍ਰਾਪਤ ਪਾਇਲਟਾਂ ਦੇ ਜੁੜ ਜਾਣ ਨਾਲ ਵੈਸਟਜੈੱਟ ਤੇ ਏਅਰ ਕੈਨੇਡਾ ਸਮੇਤ ਇਹ ਕੈਰੀਅਰਜ਼ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਾਫੀ ਸਨ ਪਰ 2020 ਵਿਚ ਉਡਾਨਾਂ ਦੀ ਮੰਗ ਘਟਣ ਨਾਲ ਹੀ ਨਵੇਂ ਪਾਇਲਟਾਂ ਦੀ ਗਿਣਤੀ ਵੀ ਘੱਟ ਗਈ। ਸਰਕਾਰੀ ਅੰਕੜਿਆਂ ਅਨੁਸਾਰ 2020 ਵਿਚ 500 ਤੋਂ ਵੀ ਘੱਟ ਲਾਇਸੈਂਸ ਜਾਰੀ ਕੀਤੇ ਗਏ।

# ਵਿਪਸਾ ਵਲੋਂ ਸਫ਼ਲ ਸਾਹਿਤਕ ਮਿਲਣੀ



**ਹੇਵਰਡ, (ਪੰਜਾਬ ਮੇਲ)-** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਦੀ ਮਾਸਿਕ ਮਿਲਣੀ ਕਿਡੇਂਗੋ ਈ ਵਾਈ ਸੀ ਹੇਵਰਡ ਵਿਖੇ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਇਸ ਮਿਲਣੀ ਵਿਚ ਪੱਤਰਕਾਰ ਦਲਜੀਤ ਸਰਾਂ ਉਚੇਚੇ ਤੌਰ 'ਤੇ ਸ਼ਾਮਲ ਹੋਏ। ਵਿਚਾਰ-ਵਟਾਂਦਰਾ ਸੈਸ਼ਨ ਵਿਚ ਇਹ ਨਿਰਣਾ ਕੀਤਾ ਗਿਆ ਕਿ ਡਾ. ਗੁਰੂਮੇਲ ਸਿੱਧੂ ਯਾਦਗਾਰੀ ਸਮਾਗਮ 25 ਫਰਵਰੀ, 2023 ਨੂੰ 'ਪੰਜਾਬੀ ਕਲਚਰਲ ਸੈਂਟਰ' ਫਰਿਜ਼ਨੋ ਵਿਖੇ ਹੋਵੇਗਾ। ਇਹ ਸਮਾਗਮ 'ਇੰਡੋ ਕਲਚਰਲ ਸੋਸਾਇਟੀ', 'ਪੰਜਾਬੀ ਰੇਡੀਓ ਯੂ.ਐੱਸ.ਏ.' ਅਤੇ 'ਵਿਪਸਾ' ਵਲੋਂ ਸਮੂਹਿਕ ਰੂਪ ਵਿਚ ਕੀਤਾ ਜਾਵੇਗਾ। ਵਿਪਸਾ ਦੇ ਨਵੇਂ ਪ੍ਰਧਾਨ ਦੀ ਚੋਣ ਮਾਰਚ ਦੀ ਸਾਹਿਤਕ ਮਿਲਣੀ ਵਿਚ ਕਰਵਾਈ ਜਾਵੇਗੀ। ਚਰਨਜੀਤ ਪੰਨੂ ਚੋਣ ਕਮਿਸ਼ਨਰ ਹੋਣਗੇ। ਇਸ ਉਪਰੰਤ ਕਾਵਿਕ ਮਹਿਫ਼ਲ ਵਿਚ ਸੁਖਦੇਵ ਸਾਹਿਲ, ਚਰਨਜੀਤ ਸਿੰਘ ਪੰਨੂ, ਤਾਰਾ ਸਾਗਰ, ਵਿਜੇ ਸਿੰਘ, ਜਗਜੀਤ ਨੌਸ਼ਿਹਰਵੀ, ਗੁਲਸ਼ਨ ਦਿਆਲ, ਲਾਜ ਨੀਲਮ ਸੈਣੀ, ਡਾ. ਸੁਖਵਿੰਦਰ ਕੰਬੋਜ ਅਤੇ ਕੁਲਵਿੰਦਰ ਨੇ ਭਾਗ ਲਿਆ। ਪ੍ਰਿੰਸੀਪਲ ਦਰਸ਼ਨ ਸਿੰਘ ਨੱਤ ਨੇ 'ਹਵਾਵਾਂ ਵਿਚ ਘੁਲੀ ਖ਼ੁਸ਼ਬੋ' ਸ਼ਬਦ ਚਿੱਤਰ ਪੇਸ਼ ਕੀਤਾ। ਦਲਜੀਤ ਸਰਾਂ ਨੇ ਮਿਲਣੀ ਦਾ ਮੁਲਾਂਕਣ ਕਰਦੇ ਹੋਏ, ਵਿਪਸਾ ਨੂੰ ਅਮਰੀਕਾ ਵਿਚ ਮਿਆਰੀ ਸਾਹਿਤਕ ਗਤੀਵਿਧੀਆਂ ਦੀ ਲਗਾਤਰਤਾ ਬਣਾਈ ਰੱਖਣ ਲਈ ਵਧਾਈ ਦਿੱਤੀ। ਇਸ ਮਿਲਣੀ ਵਿਚ ਹੋਰਾਂ ਤੋਂ ਇਲਾਵਾ ਗੁਰਸ਼ਾਨ ਪੰਨੂ, ਮਨਜੀਤ ਪਲੇਹੀ ਅਤੇ ਰਮੇਸ਼ ਬੰਗੜ ਨੇ ਹਿੱਸਾ ਲਿਆ।

# ਬਹਿਬਲ ਕਲਾਂ ਗੋਲ਼ੀਕਾਂਡ; ਐੱਸ.ਆਈ.ਟੀ. ਵੱਲੋਂ ਜ਼ਿਲ੍ਹਾ ਅਦਾਲਤ ਨੂੰ ਸੀਲਬੰਦ ਸਟੇਟਸ ਰਿਪੋਰਟ ਸੌਂਪੀ

**ਫ਼ਰੀਦਕੋਟ, (ਪੰਜਾਬ ਮੇਲ)-** ਸਾਲ 2015 ਦੇ ਬਰਗਾੜੀ ਬੇਅਦਬੀ ਮਾਮਲੇ ਨਾਲ ਸਬੰਧਿਤ ਬਹਿਬਲ ਗੋਲ਼ੀ ਕਾਂਡ ਦੀ ਜਾਂਚ ਕਰ ਰਹੀ ਪੰਜਾਬ ਪੁਲਿਸ ਦੀ ਐੱਸ.ਆਈ.ਟੀ. ਨੇ ਪੰਜਾਬ ਹਰਿਆਣਾ ਹਾਈਕੋਰਟ ਦੀਆਂ ਹਦਾਇਤਾਂ ਅਨੁਸਾਰ ਇਸ ਕੇਸ ਦੀ ਸੀਲਬੰਦ ਸਟੇਟਸ ਰਿਪੋਰਟ ਜ਼ਿਲ੍ਹਾ ਅਦਾਲਤ ਨੂੰ ਸੌਂਪ ਦਿੱਤੀ ਹੈ। ਇਸ ਤੋਂ ਪਹਿਲਾਂ ਕੋਟਕਪੂਰਾ ਗੋਲੀ ਕਾਂਡ ਦੀ ਜਾਂਚ ਕਰ ਰਹੀ ਐੱਸ.ਆਈ.ਟੀ. ਨੇ ਵੀ ਆਪਣੀ ਸਟੇਟਸ ਰਿਪੋਰਟ ਅਦਾਲਤ ਨੂੰ ਸੌਂਪ ਦਿੱਤੀ ਸੀ ਅਤੇ ਹੁਣ ਇਨ੍ਹਾਂ ਰਿਪੋਰਟਾਂ 'ਤੇ ਆਉਣ ਵਾਲੀ 29 ਅਪ੍ਰੈਲ ਨੂੰ ਸੁਣਵਾਈ ਕੀਤੀ ਜਾਵੇਗੀ।

ਜਾਣਕਾਰੀ ਅਨੁਸਾਰ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਿਛਲੇ ਸਾਲ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਕਾਂਡ ਦੀਆਂ ਘਟਨਾਵਾਂ ਨਾਲ ਸਬੰਧਿਤ ਸਾਰੀਆਂ ਪਟੀਸ਼ਨਾਂ ਦਾ ਨਿਪਟਾਰਾ ਕਰਦਿਆਂ ਜ਼ਿਲ੍ਹਾ ਅਦਾਲਤ ਨੂੰ ਦੋਵਾਂ ਮਾਮਲਿਆਂ ਦੀ ਸੁਣਵਾਈ ਇਕੱਠੇ ਕਰਨ ਦੇ ਨਿਰਦੇਸ਼ ਦਿੱਤੇ ਸਨ ਅਤੇ ਇਸ ਦੇ ਨਾਲ ਹੀ ਮਾਮਲੇ ਦੀ ਜਾਂਚ ਕਰ ਰਹੀਆਂ ਦੋਵਾਂ ਸਿਟਾਂ ਨੂੰ ਵੀ ਮਾਮਲੇ ਦੀ ਜਾਂਚ ਸਬੰਧੀ ਸਟੇਟਸ ਰਿਪੋਰਟ ਸਮੇਂ-ਸਮੇਂ 'ਤੇ ਜ਼ਿਲ੍ਹਾ ਅਦਾਲਤ ਵਿਚ ਦਾਇਰ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ। ਇਸੇ ਤਹਿਤ ਕੋਟਕਪੂਰਾ ਮਾਮਲੇ ਦੀ ਜਾਂਚ ਕਰ ਰਹੀ ਐੱਸ.ਆਈ.ਟੀ. ਨੇ ਕੁਝ ਦਿਨ ਪਹਿਲਾਂ ਹੀ ਜ਼ਿਲ੍ਹਾ ਅਦਾਲਤ ਵਿਚ ਆਪਣੀ ਰਿਪੋਰਟ ਸੌਂਪ ਦਿੱਤੀ ਸੀ, ਜਦਕਿ ਹੁਣ ਬਹਿਬਲ ਕਲਾਂ ਗੋਲੀਕਾਂਡ ਦੀ ਐੱਸ.ਆਈ.ਟੀ. ਨੇ ਵੀ ਆਪਣੀ ਸਟੇਟਸ ਰਿਪੋਰਟ ਸੌਂਪ ਦਿੱਤੀ ਹੈ।







# ਮੋਹਾਲੀ ਅਦਾਲਤ ਵੱਲੋਂ ਭ੍ਰਿਸ਼ਟਾਚਾਰ ਮਾਮਲੇ 'ਚ ਸਾਧੂ ਸਿੰਘ ਧਰਮਸੋਤ ਦਾ 3 ਰੋਜ਼ਾ ਪੁਲਿਸ ਰਿਮਾਂਡ

**ਮੁਹਾਲੀ, (ਪੰਜਾਬ ਮੇਲ)-** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਪੰਜਾਬ ਦੇ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਮੁਹਾਲੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਮੁਲਜ਼ਮ ਨੂੰ ਤਿੰਨ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ। ਧਰਮਸੋਤ ਖ਼ਿਲਾਫ਼ ਜੰਗਲਾਤ ਵਿਭਾਗ ਵਿਚ ਹੋਏ ਵੱਖੋ-ਵੱਖ ਘਪਲਿਆਂ ਬਾਰੇ ਭ੍ਰਿਸ਼ਟਾਚਾਰ ਦਾ ਕੇਸ ਚੱਲ ਰਿਹਾ ਹੈ। ਸਾਬਕਾ ਮੰਤਰੀ 'ਤੇ ਪੈਸੇ ਲੈ ਕੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਦੀਆਂ ਨਿਯੁਕਤੀਆਂ ਅਤੇ ਬਦਲੀਆਂ ਕਰਨ ਦਾ ਵੀ ਦੋਸ਼ ਹੈ। ਵਿਜੀਲੈਂਸ ਅਨੁਸਾਰ ਧਰਮਸੋਤ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਬਾਰੇ ਜਾਂਚ ਚੱਲ ਰਹੀ ਸੀ। ਜਾਂਚ ਏਜੰਸੀ ਨੇ ਮੁੱਢਲੀ ਤਫਤੀਸ਼ ਤੋਂ ਬਾਅਦ ਸਾਬਕਾ ਮੰਤਰੀ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1) (ਬੀ), 13(2) ਤਹਿਤ ਮੁਹਾਲੀ ਸਥਿਤ ਵਿਜੀਲੈਂਸ ਥਾਣੇ ਵਿਚ ਨਵਾਂ ਮੁਕੱਦਮਾ ਦਰਜ ਕਰਕੇ ਉਸ ਨੂੰ ਸੋਮਵਾਰ ਨੂੰ ਗ੍ਰਿਫ਼ਤਾਰ ਕਰ ਲਿਆ ਸੀ।



ਵਿਜੀਲੈਂਸ ਬਿਊਰੋ ਦੇ ਅਧਿਕਾਰੀਆਂ ਨੇ ਦੱਸਿਆ ਕਿ ਪੜਤਾਲ ਦੌਰਾਨ ਸਾਬਕਾ ਮੰਤਰੀ ਅਤੇ ਉਨ੍ਹਾਂ ਦੇ ਪਰਿਵਾਰ ਦੀ ਆਮਦਨ 2 ਕਰੋੜ 37 ਲੱਖ 12 ਹਜ਼ਾਰ 596 ਰੁਪਏ ਸੀ, ਜਦਕਿ ਖਰਚਾ 8 ਕਰੋੜ 76 ਲੱਖ 30 ਹਜ਼ਾਰ 888 ਰੁਪਏ ਸੀ, ਜੋ 6 ਕਰੋੜ 39 ਲੱਖ 18 ਹਜ਼ਾਰ 292 ਰੁਪਏ ਵੱਧ ਸੀ। ਭਾਵ ਉਨ੍ਹਾਂ ਦੀ ਆਮਦਨ ਦੇ ਜਾਣੇ-ਪਛਾਣੇ ਸਰੋਤਾਂ ਨਾਲੋਂ 269 ਪ੍ਰਤੀਸ਼ਤ ਵੱਧ ਸੀ। ਉਨ੍ਹਾਂ ਅੱਗੇ ਕਿਹਾ ਕਿ ਸਾਬਕਾ ਮੰਤਰੀ ਦੀ ਹੋਰ ਜਾਇਦਾਦ ਦਾ ਪਤਾ ਲਗਾਉਣ ਲਈ ਮਾਮਲੇ ਦੀ ਹੋਰ ਜਾਂਚ ਜਾਰੀ ਹੈ। ਵਿਜੀਲੈਂਸ ਵੱਲੋਂ ਕਾਂਗਰਸ ਦਾ ਸਾਬਕਾ ਵਿਧਾਇਕਾਂ ਤੇ ਮੰਤਰੀਆਂ ਦੇ ਖਿਲਾਫ ਸਰੋਤਾਂ ਤੋਂ ਜ਼ਿਆਦਾ ਮਾਮਲਿਆਂ ਦੀ ਜਾਂਚ ਵਿੱਢੀ ਹੋਈ ਹੈ। ਆਉਂਦੇ ਦਿਨਾਂ ਦੌਰਾਨ ਹੋਰਾਂ ਕਾਂਗਰਸੀ ਆਗੂਆਂ ਦੀ ਵੀ ਗ੍ਰਿਫ਼ਤਾਰੀ ਸੰਭਵ ਹੈ। ਇਸ ਸਬੰਧੀ ਜਦੋਂ ਧਰਮਸੋਤ ਦੇ ਪਰਿਵਾਰਕ ਮੈਂਬਰਾਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਵਿਜੀਲੈਂਸ ਵੱਲੋਂ ਅਗਾਊਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸਿਆਸੀ ਲਾਹਾ ਲੈਣ ਲਈ ਸਰਕਾਰ ਦੇ ਇਸ਼ਾਰੇ 'ਤੇ ਸਾਰਾ ਕੁਝ ਕੀਤਾ ਜਾ ਰਿਹਾ ਹੈ, ਜਦੋਂਕਿ ਧਰਮਸੋਤ ਨੂੰ ਗ੍ਰਿਫ਼ਤਾਰ ਕਰਕੇ ਪਹਿਲਾਂ ਵੀ ਪੁਲਿਸ ਰਿਮਾਂਡ ਹਾਸਲ ਕਰ ਕੇ ਵਿਜੀਲੈਂਸ ਪੁੱਛ-ਗਿੱਛ ਕਰ ਚੁੱਕੀ ਹੈ।

## ਕੋਟਕਪੂਰਾ ਗੋਲੀਕਾਂਡ: ਸਿਟ ਵੱਲੋਂ ਜਾਂਚ ਲਈ ਲੋਕਾਂ ਤੋਂ ਸਹਿਯੋਗ ਦੀ ਮੰਗ

**ਚੰਡੀਗੜ੍ਹ, (ਪੰਜਾਬ ਮੇਲ)-** ਸਾਲ 2015 ਵਿਚ ਵਾਪਰੀ ਕੋਟਕਪੂਰਾ ਪੁਲਿਸ ਫਾਇਰਿੰਗ ਬਾਰੇ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਐਤਵਾਰ ਨੂੰ ਕਿਹਾ ਹੈ ਕਿ ਜੇਕਰ ਕਿਸੇ ਵਿਅਕਤੀ ਕੋਲ ਇਸ ਘਟਨਾ ਬਾਰੇ ਕੋਈ ਵਾਧੂ ਜਾਣਕਾਰੀ ਹੈ, ਤਾਂ ਉਸ ਨੂੰ ਸਿਟ ਨਾਲ ਸਾਂਝਾ ਕੀਤਾ ਜਾਵੇ। ਸਿਟ ਦੀ ਅਗਵਾਈ ਕਰਨ ਵਾਲੇ ਐਡੀਸ਼ਨਲ ਡੀ.ਜੀ.ਪੀ. ਐੱਲ.ਕੇ. ਯਾਦਵ ਨੇ ਕਿਹਾ ਕਿ ਜਿਸ ਵਿਅਕਤੀ ਕੋਲ ਇਸ ਘਟਨਾ ਬਾਰੇ ਕੋਈ ਜਾਣਕਾਰੀ ਹੈ ਤਾਂ ਉਹ ਨਿੱਜੀ ਤੌਰ 'ਤੇ ਉਨ੍ਹਾਂ ਨੂੰ ਚੰਡੀਗੜ੍ਹ ਦਫਤਰ ਵਿਚ 10 ਫਰਵਰੀ ਜਾਂ 14 ਫਰਵਰੀ ਨੂੰ ਮਿਲ ਸਕਦਾ ਹੈ। ਇਕ ਅਧਿਕਾਰਤ ਬਿਆਨ ਵਿਚ ਉਨ੍ਹਾਂ ਕਿਹਾ ਕਿ ਇਹ ਜਾਣਕਾਰੀ ਵੱਟਸਐਪ ਨੰਬਰ 9875983237 ਜਾਂ ਈਮੇਲ newsit2021kotkapuracase@gmail.com 'ਤੇ ਵੀ ਦਿੱਤੀ ਜਾ ਸਕਦੀ ਹੈ।

# ਮਹਾਰਾਣੀ ਪ੍ਰਨੀਤ ਕੌਰ ਦੀ ਲੋਕ ਸਭਾ ਮੈਂਬਰ ਵਜੋਂ ਬਰਖ਼ਾਸਤਗੀ ਨੇ ਕਈ ਚਰਚਾਵਾਂ ਛੇੜੀਆਂ

**ਲੁਧਿਆਣਾ, (ਪੰਜਾਬ ਮੇਲ)-** ਆਲ ਇੰਡੀਆ ਕਾਂਗਰਸ ਕਮੇਟੀ ਤੇ ਪਾਰਟੀ ਵੱਲੋਂ ਹਾਲ ਹੀ 'ਚ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਪਟਿਆਲਾ ਤੋਂ ਲੋਕ ਸਭਾ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਨੂੰ ਕਾਂਗਰਸ ਪਾਰਟੀ ਵੱਲੋਂ ਮੁਅੱਤਲ ਕਰਨ ਦੀਆਂ ਖ਼ਬਰਾਂ ਅਤੇ 2 ਦਿਨ 'ਚ ਨੋਟਿਸ ਜਾਰੀ ਕਰ ਕੇ ਕੀਤੀ ਜਵਾਬਤਲਬੀ ਨੂੰ ਲੈ ਕੇ ਰਾਜਸੀ ਹਲਕਿਆਂ 'ਚ ਮਹਾਰਾਣੀ ਦੀ ਮੈਂਬਰ ਤੋਂ ਬਰਖ਼ਾਸਤਗੀ ਨੇ ਕਈ ਤਰ੍ਹਾਂ ਦੀਆਂ ਚਰਚਾਵਾਂ ਛੇੜ ਦਿੱਤੀਆਂ ਹਨ। ਜਿਨ੍ਹਾਂ ਸਬੰਧੀ ਇਕ ਸਿਆਣੇ ਅਤੇ ਸੁਲਝੇ ਹੋਏ ਸਿਆਸਤਦਾਨ ਨੇ ਦੱਸਿਆ ਕਿ ਮਹਾਰਾਣੀ ਪ੍ਰਨੀਤ ਕੌਰ ਦੀ ਲੋਕ ਸਭਾ ਤੋਂ ਮੈਂਬਰੀ ਜਲਦ ਖ਼ਤਮ ਨਹੀਂ ਹੋਵੇਗੀ। ਭਾਵੇਂ ਕਾਂਗਰਸ ਪਾਰਟੀ ਵਿਚੋਂ ਉਨ੍ਹਾਂ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਹੈ ਅਤੇ ਮਹਾਰਾਣੀ ਪਾਰਟੀ ਵੱਲੋਂ ਭੇਜੀ ਚਿੱਠੀ ਦਾ ਜਵਾਬ ਵੀ ਦੇ ਦੇਣਗੇ ਪਰ ਫਿਰ ਵੀ ਕਾਂਗਰਸ ਜੇਕਰ ਨਾ ਸੰਤੁਸ਼ਟ ਹੋਈ, ਤਾਂ ਮਹਾਰਾਣੀ ਆਜ਼ਾਦ ਸੰਸਦ ਲੋਕ ਸਭਾ ਮੈਂਬਰ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਆਜ਼ਾਦ ਤੌਰ 'ਤੇ ਵੱਖਰੀ ਸੀਟ ਅਲਾਟ ਕੀਤੀ ਜਾ ਸਕਦੀ ਹੈ। ਪਰ ਕਾਂਗਰਸ ਪਾਰਟੀ ਲੋਕ ਸਭਾ ਸਪੀਕਰ ਕੋਲ ਕਾਰਵਾਈ ਆਰੰਭਣ ਲਈ ਚਾਰਾਜ਼ੋਈ ਵੱਲ ਕਦਮ ਵਧਾ ਸਕਦੀ ਹੈ ਪਰ ਇਹ ਮਾਮਲਾ ਤਰੀਕਾਂ ਪੈਣ ਕਾਰਨ ਲੰਬਾ ਸਮਾਂ ਲਟਕਣ ਦੇ ਆਸਾਰ ਵੀ ਬਣ ਸਕਦੇ ਹਨ ਅਤੇ ਮਹਾਰਾਣੀ ਲੋਕ ਸਭਾ ਦੀ ਮੈਂਬਰੀ 'ਤੇ ਟਿਕੇ ਰਹਿਣਗੇ।



**ਕਈ ਸਿਆਸਤਦਾਨਾਂ ਨੇ ਦੱਸਿਆ; ਮਹਾਰਾਣੀ ਪ੍ਰਨੀਤ ਕੌਰ ਦੀ ਲੋਕ ਸਭਾ ਤੋਂ ਮੈਂਬਰੀ ਜਲਦ ਖ਼ਤਮ ਨਹੀਂ ਹੋਵੇਗੀ**

# ਬਹਿਬਲ ਗੋਲੀ ਕਾਂਡ ਕੇਸ ਦੀ ਸੁਣਵਾਈ 29 ਅਪ੍ਰੈਲ ਤੱਕ ਮੁਲਤਵੀ

**ਫ਼ਰੀਦਕੋਟ, (ਪੰਜਾਬ ਮੇਲ)-** ਬਹਿਬਲ ਗੋਲੀ ਕਾਂਡ ਤੋਂ ਬਾਅਦ ਦਰਜ ਹੋਏ ਫੌਜਦਾਰੀ ਕੇਸ ਦੀ ਸੁਣਵਾਈ ਹੁਣ 29 ਅਪਰੈਲ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਕੇਸ ਦੀ ਸੁਣਵਾਈ ਇੱਥੇ ਵਧੀਕ ਸੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿਚ ਹੋਣੀ ਸੀ, ਪਰ ਕੋਟਕਪੂਰਾ ਗੋਲੀ ਕਾਂਡ ਦੀ ਚਾਰਜਸ਼ੀਟ ਅਦਾਲਤ ਵਿਚ ਪੇਸ਼ ਨਾ ਹੋਣ ਕਾਰਨ ਇਹ ਸੁਣਵਾਈ ਨਹੀਂ ਹੋ ਸਕੀ, ਜਿਸ ਮਗਰੋਂ ਅਦਾਲਤ ਨੇ ਸੁਣਵਾਈ ਮੁਲਤਵੀ ਕਰ ਦਿੱਤੀ ਹੈ।

ਜਾਂਚ ਟੀਮ ਨੇ ਅਦਾਲਤ ਨੂੰ ਦੱਸਿਆ ਕਿ ਕੋਟਕਪੂਰਾ ਗੋਲੀ ਕਾਂਡ ਦੀ ਚਾਰਜਸ਼ੀਟ ਜਲਦ ਅਦਾਲਤ ਵਿਚ ਆਉਣ ਦੀ ਸੰਭਾਵਨਾ ਹੈ। ਸੁਣਵਾਈ ਦੌਰਾਨ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐੱਸ.ਐੱਸ.ਪੀ. ਚਰਨਜੀਤ ਸ਼ਰਮਾ, ਐੱਸ.ਪੀ. ਬਿਕਰਮ ਸਿੰਘ ਤੇ ਬਾਕੀ ਮੁਲਜ਼ਮ ਅਦਾਲਤ 'ਚ ਪੇਸ਼ ਨਹੀਂ ਹੋਏ ਤੇ ਅਦਾਲਤ ਨੇ ਉਨ੍ਹਾਂ ਦੀ ਇਸ ਪੇਸ਼ੀ ਲਈ ਹਾਜ਼ਰੀ ਮੁਆਫ਼ ਕਰ ਦਿੱਤੀ।

### ਉਮਰਾਨੰਗਲ ਦੀ ਬਹਾਲੀ ਦੀ ਮੰਗ ਰੱਦ

ਬਹਿਬਲ ਗੋਲੀ ਕਾਂਡ ਵਿਚ ਨਾਮਜ਼ਦ ਹੋਏ ਪਰਮਰਾਜ ਸਿੰਘ ਉਮਰਾਨੰਗਲ ਨੂੰ ਕੇਂਦਰੀ ਐਡਮਨਿਸਟਰੇਟਿਵ ਟ੍ਰਿਬਿਊਨਲ ਨੇ ਬਹਾਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਸਰਕਾਰ ਨੇ ਟ੍ਰਿਬਿਊਨਲ ਨੂੰ ਦੱਸਿਆ ਕਿ ਪਰਮਰਾਜ ਸਿੰਘ ਉਮਰਾਨੰਗਲ ਖ਼ਿਲਾਫ਼ ਤਿੰਨ ਅਪਰਾਧਕ ਮਾਮਲੇ ਦਰਜ ਹਨ ਤੇ ਜੇਕਰ ਉਨ੍ਹਾਂ ਨੂੰ ਨੌਕਰੀ 'ਤੇ ਬਹਾਲ ਕੀਤਾ ਜਾਂਦਾ ਹੈ, ਤਾਂ ਉਹ ਪੜਤਾਲ ਪ੍ਰਕਿਰਿਆ ਨੂੰ ਪ੍ਰਭਾਵਿਤ ਕਰ ਸਕਦੇ ਹਨ।

# ਸ਼੍ਰੋਮਣੀ ਕਮੇਟੀ ਨੂੰ ਛੱਡਣਾ ਪਵੇਗਾ ਹਰਿਆਣਾ ਦੇ ਗੁਰਦੁਆਰਿਆਂ ਦਾ ਪ੍ਰਬੰਧ

**ਅੰਮ੍ਰਿਤਸਰ, (ਪੰਜਾਬ ਮੇਲ)-** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੀ ਨਜ਼ਰਸਾਨੀ ਪਟੀਸ਼ਨ ਸੁਪਰੀਮ ਕੋਰਟ ਵਿਚੋਂ ਖਾਰਜ ਹੋਣ ਤੋਂ ਬਾਅਦ ਹੁਣ ਸਿੱਖ ਜਥੇਬੰਦੀ ਨੂੰ ਹਰਿਆਣਾ ਵਿਚਲੇ ਆਪਣੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਦਾ ਪ੍ਰਬੰਧ ਛੱਡਣਾ ਪਵੇਗਾ। ਦੂਜੇ ਪਾਸੇ, ਸੁਪਰੀਮ ਕੋਰਟ ਦੇ ਇਸ ਫ਼ੈਸਲੇ ਤੋਂ ਬਾਅਦ ਹਰਿਆਣਾ ਕਮੇਟੀ ਦੇ ਵੱਖ-ਵੱਖ ਧੜਿਆਂ ਦੇ ਸਿੱਖ ਆਗੂਆਂ ਨੇ ਵੀ ਕਮਰਕੱਸੇ ਸ਼ੁਰੂ ਕਰ ਦਿੱਤੇ ਹਨ। ਹਰਿਆਣਾ ਵਿਚ ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਸਿੱਧੇ ਅਤੇ ਅਸਿੱਧੇ ਪ੍ਰਬੰਧ ਹੇਠ ਲਗਪਗ 50 ਤੋਂ ਵੱਧ ਗੁਰਦੁਆਰੇ ਹਨ। ਇਨ੍ਹਾਂ ਵਿਚੋਂ 8 ਗੁਰਦੁਆਰੇ ਸੈਕਸ਼ਨ 85 ਹੇਠ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਹਨ, ਜਿਨ੍ਹਾਂ ਵਿਚੋਂ ਇੱਕ ਗੁਰਦੁਆਰੇ ਦਾ ਪ੍ਰਬੰਧ ਇਸ ਵੇਲੇ ਹਰਿਆਣਾ ਕਮੇਟੀ ਕੋਲ ਅਤੇ ਬਾਕੀ ਸੱਤ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਹੈ। ਇਹ ਸਾਰੇ ਹੀ ਇਤਿਹਾਸਕ ਗੁਰਦੁਆਰੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਜਦੋਂ ਗੂਹਲਾ ਚੀਕਾ ਵਿਚ ਇਤਿਹਾਸਕ ਗੁਰਦੁਆਰੇ ਦਾ ਪ੍ਰਬੰਧ ਜਬਰੀ ਲੈਣ ਦਾ ਯਤਨ ਕੀਤਾ ਗਿਆ ਸੀ, ਤਾਂ ਹਰਿਆਣਾ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੇ ਕਾਰਕੁਨਾਂ ਵਿਚਾਲੇ ਹਿੰਸਕ ਝੜਪ ਹੋਈ ਸੀ ਪਰ ਹੁਣ ਸਥਿਤੀ ਬਦਲ ਚੁੱਕੀ ਹੈ। ਸੁਪਰੀਮ ਕੋਰਟ ਵੱਲੋਂ ਹਰਿਆਣਾ ਵਿਚ ਵੱਖਰੇ ਕਮੇਟੀ ਐਕਟ ਨੂੰ ਮਾਨਤਾ ਦਿੱਤੀ ਗਈ ਹੈ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੀ ਨਜ਼ਰਸਾਨੀ ਪਟੀਸ਼ਨ ਵੀ ਖਾਰਜ ਕੀਤੀ ਜਾ ਚੁੱਕੀ ਹੈ। ਮਿਲੇ ਵੇਰਵਿਆਂ ਮੁਤਾਬਕ ਹਰਿਆਣਾ ਕਮੇਟੀ ਨਾਲ ਸਬੰਧਤ ਵੱਖ-ਵੱਖ ਧੜਿਆਂ ਦੇ ਆਗੂਆਂ ਨੇ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ।


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA — Certified Insurance Agent

Designed By Punjab Mail USA

Ph.: (916) 900-2000

# ਯੂ.ਕੇ. 'ਚ ਮਹਿੰਗਾਈ ਕਾਰਨ ਭਾਰਤੀ ਵਿਦਿਆਰਥੀਆਂ 'ਚ ਉੱਚ ਸਿੱਖਿਆ ਹਾਸਲ ਕਰਨ ਦਾ ਸੁਪਨਾ ਹੋ ਰਿਹੈ ਚਕਨਾਚੂਰ

**ਲੰਡਨ, (ਪੰਜਾਬ ਮੇਲ)-** ਭਾਰਤੀ ਵਿਦਿਆਰਥੀਆਂ ਦਾ ਯੂ.ਕੇ. ਵਿਚ ਉੱਚ ਸਿੱਖਿਆ ਹਾਸਲ ਕਰਨ ਦਾ ਸੁਪਨਾ ਚਕਨਾਚੂਰ ਹੋ ਰਿਹਾ ਹੈ। ਵੱਧਦੀ ਮਹਿੰਗਾਈ ਕਾਰਨ ਲਗਭਗ 4.5 ਲੱਖ ਭਾਰਤੀ ਵਿਦਿਆਰਥੀਆਂ ਵਿਚੋਂ ਇੱਕ ਚੌਥਾਈ 'ਤੇ ਪੜ੍ਹਾਈ ਛੱਡਣ ਦਾ ਖ਼ਤਰਾ ਬਣ ਗਿਆ ਹੈ। ਪਿਛਲੇ ਸਾਲ ਹੀ ਲਗਭਗ 1.27 ਲੱਖ ਵਿਦਿਆਰਥੀ ਯੂ.ਕੇ. ਆਏ ਸਨ। ਇਕ ਸਮਾਚਾਰ ਏਜੰਸੀ ਨਾਲ ਗੱਲਬਾਤ ਵਿਚ ਕਈ ਭਾਰਤੀ ਵਿਦਿਆਰਥੀਆਂ ਨੇ ਕਿਹਾ ਕਿ ਉਹ ਇੱਕ ਸਮੇਂ ਦਾ ਖਾਣਾ ਨਹੀਂ ਖਾ ਰਹੇ ਹਨ। ਮੱਧ ਵਰਗੀ ਪਰਿਵਾਰਾਂ ਨਾਲ ਸਬੰਧਤ ਬਹੁਤ ਸਾਰੇ ਵਿਦਿਆਰਥੀ ਕਰਜ਼ੇ ਲੈ ਕੇ ਯੂ.ਕੇ. ਆਏ ਹਨ। ਇਨ੍ਹਾਂ ਭਾਰਤੀ ਵਿਦਿਆਰਥੀਆਂ ਨੇ ਕਿਹਾ ਕਿ ਉਨ੍ਹਾਂ ਲਈ ਦੋ ਵਕਤ ਦਾ ਖਾਣਾ ਮੁਸ਼ਕਲ ਹੋ ਗਿਆ ਹੈ, ਇਸ ਲਈ ਉਹ ਵਨ ਟਾਈਮ 'ਬਿਗ ਮੀਲ' ਖਾਂਦੇ ਹਨ।

ਸਤੰਬਰ 2022 ਤੋਂ ਬਾਅਦ ਮੱਧ ਵਰਗ ਪਰਿਵਾਰਾਂ ਨਾਲ ਸਬੰਧਤ 33 ਪ੍ਰਤੀਸ਼ਤ ਵਿਦਿਆਰਥੀ ਇੱਕ ਸਮੇਂ ਦੀ ਰੋਟੀ ਖਾ ਰਹੇ ਹਨ। 63 ਫੀਸਦੀ ਵਿਦਿਆਰਥੀ ਭੋਜਨ ਅਤੇ ਹੋਰ ਜ਼ਰੂਰੀ ਵਸਤਾਂ ਦੀ ਖਰੀਦਦਾਰੀ 'ਚ ਕਟੌਤੀ ਕਰ ਰਹੇ ਹਨ। ਸਟਨ ਟਰੱਸਟ ਦੇ ਸਰਵੇਖਣ ਤੋਂ ਪਤਾ ਲੱਗਾ ਹੈ ਕਿ ਬਹੁਤ ਸਾਰੇ ਭਾਰਤੀ ਵਿਦਿਆਰਥੀ ਕਾਲਜ-ਯੂਨੀਵਰਸਿਟੀ ਦੀਆਂ ਕਲਾਸਾਂ ਛੱਡ ਕੇ ਪਾਰਟ ਟਾਈਮ ਨੌਕਰੀਆਂ ਕਰ ਰਹੇ ਹਨ। ਮਾਨਚੈਸਟਰ ਯੂਨੀਵਰਸਿਟੀ ਵਿਚ ਪੜ੍ਹਦੇ ਤਿੰਨ ਵਿਦਿਆਰਥੀਆਂ ਨੇ



- 4.5 ਲੱਖ ਭਾਰਤੀ ਵਿਦਿਆਰਥੀਆਂ ਵਿਚੋਂ ਇੱਕ ਚੌਥਾਈ 'ਤੇ ਪੜ੍ਹਾਈ ਛੱਡਣ ਦਾ ਖ਼ਤਰਾ
- ਵਿਦਿਆਰਥੀ ਘਰੋਂ ਮੰਗਵਾ ਰਹੇ ਪੈਸੇ

ਦੱਸਿਆ ਕਿ ਉਨ੍ਹਾਂ ਨੂੰ ਯੂਨੀਵਰਸਿਟੀ ਤੋਂ ਮੇਨਟੇਨੈਂਸ ਲੋਨ ਵੀ ਮਿਲਦਾ ਹੈ ਪਰ ਇਹ ਵੀ ਨਾਕਾਫ਼ੀ ਸਾਬਤ ਹੋ ਰਿਹਾ ਹੈ। 43% ਵਿਦਿਆਰਥੀਆਂ ਨੇ ਆਪਣੇ ਬਿਜਲੀ ਅਤੇ ਗੈਸ ਦੇ ਬਿੱਲ ਵੀ ਘਟਾਏ ਹਨ। 47 ਫੀਸਦੀ ਵਿਦਿਆਰਥੀਆਂ ਨੇ ਇੱਧਰ-ਉੱਧਰ ਜਾਣਾ ਵੀ ਛੱਡ ਦਿੱਤਾ ਹੈ।

ਹੁਣ ਸੁਨਕ ਸਰਕਾਰ ਪ੍ਰਵਾਸੀ ਵਿਦਿਆਰਥੀਆਂ ਲਈ ਕੰਮ ਦੇ ਘੰਟੇ ਵਧਾ ਕੇ 30 ਘੰਟੇ ਪ੍ਰਤੀ ਹਫ਼ਤੇ ਕਰਨ 'ਤੇ ਵਿਚਾਰ ਕਰ ਰਹੀ ਹੈ। ਇਸ 'ਤੇ ਵੀ ਯੂ.ਕੇ. ਸਰਕਾਰ ਦੇ ਸਖ਼ਤ ਨਿਯਮ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਵਧਾ ਰਹੇ ਹਨ। ਯੂ.ਕੇ. ਵਿਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਜੇ ਵਿਦਿਆਰਥੀਆਂ ਨੂੰ ਛੇ ਮਹੀਨਿਆਂ ਵਿਚ ਨੌਕਰੀ ਨਹੀਂ ਮਿਲਦੀ, ਤਾਂ ਉਨ੍ਹਾਂ ਨੂੰ ਵਾਪਸ ਉਨ੍ਹਾਂ ਦੇ ਦੇਸ਼ ਭੇਜ ਦਿੱਤਾ ਜਾਂਦਾ ਹੈ। ਲੇਬਰ ਪਾਰਟੀ ਦੇ ਸੀਨੀਅਰ ਆਗੂ ਮੈਟ ਵੈਸਟਰਨ ਨੇ ਸਮਾਚਾਰ ਏਜੰਸੀ ਨਾਲ ਗੱਲਬਾਤ ਦੌਰਾਨ ਕਿਹਾ ਕਿ ਸੁਨਕ ਸਰਕਾਰ ਨੂੰ ਪ੍ਰਵਾਸੀ ਵਿਦਿਆਰਥੀਆਂ ਨੂੰ ਮਹਿੰਗਾਈ ਤੋਂ ਰਾਹਤ ਦਿਵਾਉਣ ਲਈ ਉਪਰਾਲੇ ਕਰਨੇ ਹੋਣਗੇ। ਸਟਨ ਟਰੱਸਟ ਦੇ ਚੇਅਰਮੈਨ ਸਰ ਪੀਟਰ ਲੈਂਪਲ ਨੇ ਕਿਹਾ ਕਿ ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਪ੍ਰਵਾਸੀ ਵਿਦਿਆਰਥੀਆਂ ਲਈ ਦਿਨ ਵਿਚ ਦੋ ਵਕਤ ਦਾ ਖਾਣਾ ਵੀ ਮੁਸ਼ਕਲ ਹੋ ਰਿਹਾ ਹੈ।

ਅੱਧੇ ਤੋਂ ਵੱਧ ਵਿਦਿਆਰਥੀ ਭਾਰਤ ਵਿਚ ਆਪਣੇ ਘਰਾਂ ਤੋਂ ਪੈਸੇ ਮੰਗਵਾ ਰਹੇ ਹਨ। ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਕਿ ਇਨ੍ਹਾਂ ਮੱਧ ਵਰਗ ਦੇ ਵਿਦਿਆਰਥੀਆਂ ਨੇ ਆਪਣੇ ਰੋਜ਼ਾਨਾ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਇੱਥੇ ਪਾਰਟ ਟਾਈਮ ਨੌਕਰੀ ਕਰਨ ਬਾਰੇ ਸੋਚਿਆ ਸੀ ਪਰ ਪਾਰਟ ਟਾਈਮ ਨੌਕਰੀ ਵੀ ਖਰਚੇ ਪੂਰੇ ਕਰਨ ਦੇ ਸਮਰੱਥ ਨਹੀਂ ਹੈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਦਿੱਲੀ ਨਗਰ ਨਿਗਮ ਦੇ ਮੇਅਰ ਦੀ ਚੋਣ ਤੀਜੀ ਵਾਰ ਮੁਲਤਵੀ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਨਗਰ ਨਿਗਮ ਦੇ ਮੇਅਰ, ਡਿਪਟੀ ਮੇਅਰ ਅਤੇ ਸਥਾਈ ਕਮੇਟੀ ਦੇ ਮੈਂਬਰਾਂ ਦੀ ਚੋਣ ਲਈ ਐਲਡਰਮੈਨਾਂ (ਨਾਮਜ਼ਦ ਮੈਂਬਰਾਂ) ਨੂੰ ਵੋਟ ਪਾਉਣ ਦੀ ਇਜਾਜ਼ਤ ਦਿੱਤੇ ਜਾਣ ਕਾਰਨ ਹੋਏ ਹੰਗਾਮੇ ਮਗਰੋਂ ਸਦਨ ਦੀ ਕਾਰਵਾਈ ਤੀਜੀ ਵਾਰ ਮੇਅਰ ਚੁਣੇ ਬਿਨਾਂ ਮੁਲਤਵੀ ਕਰ ਦਿੱਤੀ ਗਈ। ਪ੍ਰੀਜ਼ਾਈਡਿੰਗ ਅਫ਼ਸਰ ਸੱਤਿਆ ਸ਼ਰਮਾ ਨੇ ਕਿਹਾ, "ਦਿੱਲੀ ਨਗਰ ਨਿਗਮ ਦੀ ਕਾਰਵਾਈ ਅਗਲੀ ਤਰੀਕ ਤੱਕ ਮੁਲਤਵੀ ਕਰ ਦਿੱਤੀ ਗਈ ਹੈ।"

ਇਸ ਦੌਰਾਨ ਆਮ ਆਦਮੀ ਪਾਰਟੀ ਨੇ ਕਿਹਾ ਕਿ ਦਿੱਲੀ ਨਿਗਮ ਦੇ ਅਹੁਦੇਦਾਰਾਂ ਦੀ ਚੋਣ ਅਦਾਲਤ ਦੀ ਨਿਗਰਾਨੀ ਹੇਠ ਕਰਵਾਉਣ ਲਈ ਉਹ ਸੁਪਰੀਮ ਕੋਰਟ ਦਾ ਦਰਵਾਜ਼ਾ ਖੜ੍ਹਕਾਵੇਗੀ। ਹੰਗਾਮੇ ਕਾਰਨ ਸਦਨ ਦੀ ਕਾਰਵਾਈ ਕੁਝ



ਸਦਨ ਵਿਚ ਹੰਗਾਮਾ ਕਰਦੇ ਹੋਏ ਵੱਖ-ਵੱਖ ਧਿਰਾਂ ਦੇ ਮੈਂਬਰ।

ਦੇਰ ਲਈ ਮੁਲਤਵੀ ਕੀਤੇ ਜਾਣ ਮਗਰੋਂ ਅਗਲੀ ਤਰੀਕ ਤੱਕ ਲਈ ਮੁਲਤਵੀ ਕਰ ਦਿੱਤੀ ਗਈ। ਇਸ ਤੋਂ ਪਹਿਲਾਂ 6 ਜਨਵਰੀ ਅਤੇ 24 ਜਨਵਰੀ ਨੂੰ ਮੇਅਰ ਦੀ ਚੋਣ ਨਹੀਂ ਹੋ ਸਕੀ ਸੀ। ਦਿੱਲੀ ਨਗਰ ਨਿਗਮ (ਐੱਮ.ਸੀ.ਡੀ.) ਇੱਕ ਮਹੀਨੇ ਵਿਚ ਤੀਜੀ ਵਾਰ ਮੇਅਰ ਦੀ ਚੋਣ ਕਰਨ ਵਿਚ ਅਸਫਲ ਰਿਹਾ ਹੈ। ਐਲਡਰਮੈਨ ਉਹ ਲੋਕ ਹਨ, ਜੋ ਆਪਣੇ ਖੇਤਰਾਂ ਵਿਚ ਮਾਹਿਰ ਹਨ। ਹਾਲਾਂਕਿ ਉਨ੍ਹਾਂ ਕੋਲ ਮੇਅਰ ਦੀ ਚੋਣ ਵਿਚ ਵੋਟਿੰਗ ਦਾ ਅਧਿਕਾਰ ਨਹੀਂ ਹੈ। ਇਸ ਦੌਰਾਨ 'ਆਪ' ਨੇਤਾ ਆਤਿਸ਼ੀ ਨੇ ਦੋਸ਼ ਲਾਇਆ ਕਿ ਐਲਡਰਮੈਨਾਂ ਦੀ ਗ਼ੈਰਕਾਨੂੰਨੀ ਢੰਗ ਨਾਲ ਵੋਟਿੰਗ ਕਰਵਾਈ ਗਈ ਹੈ। ਭਾਜਪਾ ਦੇ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ।

# ਮੁੰਬਈ ਪੁਲਿਸ ਵੱਲੋਂ ਸਾਬਕਾ ਕ੍ਰਿਕਟਰ ਵਿਨੋਦ ਕਾਂਬਲੀ ਖ਼ਿਲਾਫ਼ ਕੇਸ ਦਰਜ

**ਮੁੰਬਈ, (ਪੰਜਾਬ ਮੇਲ)-** ਮੁੰਬਈ ਪੁਲਿਸ ਨੇ ਨਸ਼ੇ ਦੀ ਹਾਲਤ ਵਿਚ ਪਤਨੀ ਦੀ ਕਥਿਤ ਕੁੱਟਮਾਰ ਕਰਨ ਅਤੇ ਭੱਦੀ ਸ਼ਬਦਾਵਲੀ ਬੋਲਣ ਦੇ ਦੋਸ਼ ਹੇਠ ਸਾਬਕਾ ਕ੍ਰਿਕਟਰ ਵਿਨੋਦ ਕਾਂਬਲੀ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਦੋ ਪੁਲੀਸ ਮੁਲਾਜ਼ਮ ਕਾਂਬਲੀ ਦੇ ਫਲੈਟ 'ਤੇ ਗਏ ਅਤੇ ਉਸ ਨੂੰ ਨੋਟਿਸ ਦੇ ਕੇ ਬਿਆਨ ਦਰਜ ਕਰਵਾਉਣ ਲਈ ਕਿਹਾ ਹੈ। ਬਾਂਦਰਾ ਥਾਣੇ ਦੇ ਅਧਿਕਾਰੀ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਵਾਪਰੀ ਇਸ ਘਟਨਾ ਸਬੰਧੀ ਹਾਲੇ ਕੋਈ ਗ੍ਰਿਫ਼ਤਾਰੀ ਨਹੀਂ



ਹੋਈ। ਕਾਂਬਲੀ ਦੀ ਪਤਨੀ ਐਂਡਰੀਆ ਨੇ ਦੋਸ਼ ਲਾਇਆ ਕਿ ਕ੍ਰਿਕਟਰ ਨੇ ਉਸ ਵੱਲ ਇੱਕ ਭਾਂਡਾ ਚਲਾ ਕੇ ਮਾਰਿਆ, ਜਿਸ ਕਾਰਨ ਉਸ ਦੇ ਸਿਰ 'ਤੇ ਸੱਟ ਲੱਗ ਗਈ। ਉਨ੍ਹਾਂ ਦੱਸਿਆ ਕਿ ਸ਼ੁੱਕਰਵਾਰ ਦੁਪਹਿਰ 1:30 ਵਜੇ ਦੇ ਕਰੀਬ ਕਾਂਬਲੀ ਨਸ਼ੇ ਦੀ ਹਾਲਤ 'ਚ ਬਾਂਦਰਾ ਸਥਿਤ ਆਪਣੇ ਘਰ ਪਹੁੰਚਿਆ ਅਤੇ ਆਪਣੀ ਪਤਨੀ ਨਾਲ ਬਦਸਲੂਕੀ ਕਰਨ ਲੱਗਾ। ਉਨ੍ਹਾਂ ਦੇ 12 ਸਾਲਾ ਬੇਟੇ ਨੇ ਕਾਂਬਲੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕਾਂਬਲੀ ਰਸੋਈ ਵਿਚ ਗਿਆ ਅਤੇ ਪੈਨ ਦਾ ਟੁੱਟਿਆ ਹੈਂਡਲ ਚੁੱਕ ਕੇ ਆਪਣੀ ਪਤਨੀ ਵੱਲ ਮਾਰਿਆ। ਇਸ ਕਾਰਨ ਉਹ ਜ਼ਖ਼ਮੀ ਹੋ ਗਈ। ਐਂਡਰੀਆ ਦੀ ਸ਼ਿਕਾਇਤ 'ਤੇ ਪੁਲਿਸ ਨੇ ਕਾਂਬਲੀ ਖ਼ਿਲਾਫ਼ ਆਈ.ਪੀ.ਸੀ. ਦੀ ਧਾਰਾ 324 ਅਤੇ 504 ਤਹਿਤ ਕੇਸ ਦਰਜ ਕੀਤਾ ਹੈ।



# Global Allianz

## LAW FIRM LLP

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

ਕਾਨੂੰਨੀ ਸਲਾਹਾਂ



Atul Kapoor
C.E.O

Asylum & Deportation Defense



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188



# KAMBOJ AYURVEDIC & HERBS

## ਆਯੂਰਵੈਦਿਕ ਜੜ੍ਹੀ-ਬੂਟੀਆਂ



- ਵਾਈ-ਬਾਦੀ ਦੇ ਰੋਗ ਜਿਵੇਂ ਲਕਵਾ, ਅਧਰੰਗ, ਜੋੜਾਂ ਦਾ ਦਰਦ, ਗਠੀਆ
- ਗੁਪਤ ਰੋਗ ਜਿਵੇਂ ਧਾਂਤ ਪੈਣਾ, ਨਾਮਰਦੀ, ਸੁਪਨਦੋਸ਼, ਲਿਕਿਓਰੀਆ, ਮਾਂਹਵਾਰੀ ਦੀਆਂ ਖਰਾਬੀਆਂ
- ਖ਼ੂਨ ਦੀ ਕਮੀ, ਲਿਵਰ ਦੀ ਕੋਈ ਵੀ ਖਰਾਬੀ, ਲਿਵਰ ਵਧਣਾ ਜਾਂ ਸੁੰਗੜਨਾ, ਤੇਜ਼ਾਬ ਬਣਨਾ, ਖਾਣਾ ਨਾ ਪਚਣਾ, ਭੁੱਖ ਨਾ ਲੱਗਣਾ, ਸੰਗਰਹਿਣੀ ਆਦਿ ਦੇ ਪੁਰਾਣੇ ਰੋਗ
- ਦਿਮਾਗੀ ਖਰਾਬੀ, ਦੌਰੇ ਪੈਣਾ, ਮਿਰਗੀ, ਯਾਦਾਸ਼ਤ ਕਮਜ਼ੋਰ, ਹੱਥਾਂ-ਪੈਰਾਂ 'ਚੋਂ ਸੇਕ ਨਿਕਲਣਾ ਆਦਿ
- ਛਾਤੀ ਦੇ ਰੋਗ ਜਿਵੇਂ ਨਿਮੋਨੀਆ, ਕਾਲੀ ਖੰਗ, ਦਮਾ ਆਦਿ
- ਚਮੜੀ ਦੇ ਰੋਗ, ਖਾਜ, ਮੁਹਾਂਸੇ, ਛਾਈਆਂ ਆਦਿ

Open 10AM–6PM

ਕੈਂਸਰ ਦਾ ਇਲਾਜ



524 S. Clovis Ave, Fresno, CA 93727
559-341-9252

Kharati Kamboj
Ayurvedic Prescription



## ਅਸੀਂ ਤੁਹਾਡਾ ਕ੍ਰੈਡਿਟ ਰਿਪੇਅਰ ਕਰਦੇ ਹਾਂ।

FREEMAN
FINANCIAL SERVICES

ਆਪਣਾ ਕ੍ਰੈਡਿਟ ਠੀਕ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ।



CONTACT US
(916) 465-3200
(916) 471-5505

WHAT WE DO
BOOSTING YOUR CREDIT SCORE ...

ਅਸੀਂ ਤੁਹਾਡਾ ਕ੍ਰੈਡਿਟ ਸਕੋਰ ਵਧਾ ਸਕਦੇ ਹਾਂ।

WE CAN HELP WITH
- COLLECTIONS
- LATE PAYMENTS
- HARD INQUIRIES
- CHARGED OFF
- AND MORE.....

VISIT MORE
www.freemanfinsvcs.com



# PUNJAB MAIL USA

TV Channel, Newspaper, Radio

All over America, Canada, Australia & Europe

24 Hours 7 Days



Gold #2867, Gem #375, TV Zon #6888, Glow TV #1828, Real TV etc.

You can also watch on our website: PunjabMailUSA.com

For any Information & Advertisement Call at
+1-916-280-8811 or +1-916-320-9444

E-mail: punjabmailtv@gmail.com Web: punjabmailusa.com

# ਹੋਮਿਓਪੈਥਿਕ ਦੁਨੀਆਂ ਦੀ ਇਕੋ ਇਕ ਅਜਿਹੀ ਇਲਾਜ ਪ੍ਰਣਾਲੀ ਹੈ, ਜੋ ਬਿਮਾਰੀ ਨੂੰ ਜੜ੍ਹ ਤੋਂ ਖਤਮ ਕਰਦੀ ਹੈ

ਦੁਨੀਆਂ ਵਿਚ ਜਿੱਥੋਂ ਤੱਕ ਡਾਕਟਰੀ ਸਾਇੰਸ ਦਾ ਸਬੰਧ ਹੈ, ਕੋਈ ਵੀ ਹੋਰ ਇਲਾਜ ਜਾਂ ਹੋਰ ਢੰਗ ਤਰੀਕਾ 165 ਸਾਲ ਪਹਿਲਾ ਹੋਂਦ ਵਿਚ ਆਈ ਹੋਮਿਓਪੈਥਿਕ ਵਿਚ ਹੁਣ ਸਾਇੰਸ ਦਾਨੀਆਂ ਨੇ ਹੋਰ ਜ਼ਿਆਦਾ ਵਾਧਾ ਕਰ ਦਿੱਤਾ ਹੈ। ਅੱਜਕੱਲ੍ਹ ਹੋਮਿਓਪੈਥੀ ਜਰਮਨ ਤੋਂ ਸ਼ੁਰੂ ਹੋ ਕੇ ਦੁਨੀਆਂ ਦੇ ਕੋਨੇ-ਕੋਨੇ ਵਿਚ ਮਸ਼ਹੂਰ ਹੋ ਗਈ ਹੈ। ਹੋਮਿਓਪੈਥੀ ਡਾਕਟਰਾਂ ਕੋਲ ਆਉਣ ਵਾਲਾ ਹਰ ਮਰੀਜ਼ ਆ ਕੇ ਇਹੋ ਗੱਲ ਕਹਿੰਦਾ ਹੈ ਕਿ ਮੈਂ ਵੱਡੇ-ਵੱਡੇ ਹਸਪਤਾਲਾਂ ਵਿਚ ਮਹਿੰਗੇ-ਮਹਿੰਗੇ ਟੈਸਟ ਕਰਵਾ ਕੇ, ਹਸਪਤਾਲਾਂ ਦੀਆਂ ਮੋਟੀਆਂ ਫੀਸਾਂ ਭਰ ਕੇ, ਕੌੜੀਆਂ ਦਵਾਈਆਂ ਬਹੁਤ ਖਾ ਚੁੱਕਿਆ ਹਾਂ, ਪਰ ਮੈਂ ਠੀਕ ਨਹੀਂ ਹੋ ਸਕਿਆ। ਹੁਣ ਮੈਨੂੰ ਤੁਹਾਡੇ ਤੋਂ ਆਸ ਦੀ ਕਿਰਨ ਨਜ਼ਰ ਆ ਰਹੀ ਹੈ, ਮੈਂ ਆਪਣੇ ਕਿਸੇ ਜਾਣਕਾਰ ਦੇ ਦੱਸਣ 'ਤੇ ਤੁਹਾਡੇ ਕੋਲ ਆਇਆ ਹਾਂ, ਜਿਸ ਤਰ੍ਹਾਂ ਤੁਹਾਡੀਆਂ ਮਿੱਠੀਆਂ ਗੋਲੀਆਂ ਨੇ ਮੇਰੇ ਜਾਣਕਾਰ ਨੂੰ ਠੀਕ ਕੀਤਾ ਹੈ, ਇਸ ਤਰ੍ਹਾਂ ਮੈਨੂੰ ਵੀ ਮਿੱਠੀਆਂ ਗੋਲੀਆਂ ਵਾਲੀ ਦਵਾਈ ਦੇ ਕੇ ਠੀਕ ਕਰੋ। ਦਵਾਈ ਖਾਣ ਤੋਂ ਬਾਅਦ ਉਹੀ ਮਰੀਜ਼ ਆਪਣੇ ਠੀਕ ਹੋਣ ਦੀ ਖੁਸ਼ੀ ਵਿਚ ਖੀਵਾ ਹੋਇਆ, ਹੋਮਿਓਪੈਥਿਕ ਦੇ ਗੁਣ ਗਾਉਂਦਾ ਹੋਇਆ ਹੋਰ ਸੈਂਕੜੇ ਲੋਕਾਂ ਨੂੰ ਉਸ ਡਾਕਟਰ ਬਾਰੇ ਦੱਸਦਾ ਹੈ। ਜਦੋਂ ਹੋਮਿਓਪੈਥਿਕ ਡਾਕਟਰ ਕੋਲ ਪੁੱਜਦਾ ਹੈ, ਤਾਂ ਹੋਮਿਓਪੈਥਿਕ ਵਾਲਾ ਡਾਕਟਰ ਮਰੀਜ਼ ਦੇ ਠੀਕ ਹੋਣ ਦੀ ਖੁਸ਼ੀ ਵਿਚ ਗਦਗਦ ਹੋ ਉਠਦਾ ਹੈ ਅਤੇ ਹੋਰ ਮਿਹਨਤ 'ਤੇ ਲਗਨ ਨਾਲ ਮਰੀਜ਼ਾਂ ਨੂੰ ਦਵਾਈ ਦੇ ਕੇ ਠੀਕ ਕਰਦਾ ਹੈ।

ਬਹੁਤੇ ਲੋਕਾਂ ਨੂੰ ਹਾਲੇ ਵੀ ਨਹੀਂ ਪਤਾ ਕਿ ਹੋਮਿਓਪੈਥਿਕ ਕੀ ਹੈ ਜਾਂ ਫਿਰ ਹੋਮਿਓਪੈਥਿਕ ਇਲਾਜ ਦਾ ਢੰਗ ਕੀ ਹੈ, ਇਹ ਕਿੱਥੋਂ ਮਿਲਦੀ ਹੈ। ਹੋਮਿਓਪੈਥਿਕ ਇਲਾਜ ਦਾ ਉਹ ਢੰਗ ਹੈ, ਜੋ ਸਿਮਲੀਆ ਸਿਮਲੀਵੱਸ ਕਿਊਰੈਟਰ ਦੇ ਆਧਾਰ 'ਤੇ ਹੈ, ਜਿਸ ਤਰ੍ਹਾਂ ਜ਼ਹਿਰ-ਜ਼ਹਿਰ ਨੂੰ ਮਾਰਦੀ ਹੈ, ਲੋਹਾ ਲੋਹੇ ਨੂੰ ਕੱਟਦਾ ਹੈ, ਉਸੇ ਤਰ੍ਹਾਂ ਇਹ ਦਵਾਈ ਤੰਦਰੁਸਤ ਇਨਸਾਨ ਉਪਰ ਜੋ ਆਪਣਾ ਅਸਰ ਛੱਡਦੀ ਹੈ, ਉਹ



ਬਿਮਾਰੀ ਦੀ ਹਾਲਤ ਵਿਚ ਇਨ੍ਹਾਂ ਅਲਾਮਤਾਂ ਨੂੰ ਠੀਕ ਵੀ ਕਰਦੀ ਹੈ, ਹੋਮਿਓਪੈਥਿਕ ਵਰਗੀ ਹੋਰ ਕੋਈ ਅਸਰਦਾਰ ਦਵਾਈ ਹੋਰ ਪੈਥੀਆਂ ਵਿਚ ਦੁਨੀਆਂ ਭਰ ਵਿਚ ਹੋ ਹੀ ਨਹੀਂ ਸਕਦੀ। ਹੋਮਿਓਪੈਥਿਕ ਵਿਚ ਡਾਕਟਰ ਰੋਗੀ ਨੂੰ ਅਲੱਗ-ਅੱਲਗ ਹਿੱਸਿਆਂ ਵਿਚ ਨਹੀਂ ਦੇਖਦਾ, ਸਗੋਂ ਰੋਗੀ ਦੀਆਂ ਸਾਰੀਆਂ ਅਲਾਮਤਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ।

ਹੋਮਿਓਪੈਥਿਕ ਦਾ ਸਿਧਾਂਤ ਹੈ ਕਿ ਰੋਗ ਨਾਲੋਂ ਰੋਗੀ ਦੀ ਜ਼ਿਆਦਾ ਦੇਖਭਾਲ ਕੀਤੀ ਜਾਵੇ, ਰੋਗੀ ਵਿਚ ਜੋ ਮਾਨਸਿਕ, ਸਰੀਰਕ ਤਬਦੀਲੀਆਂ ਡਾਕਟਰ ਨੂੰ ਨਜ਼ਰ ਆਉਂਦੀਆਂ ਹਨ, ਜਾਂ ਅਨੁਭਵ ਕੀਤੀਆਂ ਜਾਂਦੀਆਂ ਹਨ, ਉਹੀ ਹੋਮਿਓਪੈਥਿਕ ਡਾਕਟਰ ਨੂੰ ਦਵਾਈ ਦੀ ਚੋਣ ਕਰਨ ਵਿਚ ਸਹਾਈ ਸਿੱਧ ਹੁੰਦੀਆਂ ਹਨ। ਆਮ ਤੌਰ 'ਤੇ ਲੋਕਾਂ ਵਿਚ ਇਹੋ ਧਾਰਨਾ ਹੈ ਕਿ ਹੋਮਿਓਪੈਥੀ ਡਾਕਟਰ ਰੋਗੀ ਤੋਂ ਵੱਧ ਸਵਾਲ-ਜਵਾਬ ਕਰਦੇ ਹਨ, ਪਰ ਇਹ ਸਵਾਲ-ਜਵਾਬ ਬਹੁਤ ਜ਼ਰੂਰੀ ਹੁੰਦੇ ਹਨ,

-ਡਾ. ਅਮਿਤਾ
ਚੰਡੀਗੜ੍ਹ ਹੋਮਿਓ ਕਲੀਨਿਕ
98554-68092
(Punjab Mail USA)

ਕਿਉਂਕਿ ਇਸ ਨਾਲ ਹੀ ਰੋਗੀ ਦੀਆਂ ਸਾਰੀਆ ਅਲਾਮਤਾਂ ਨੂੰ ਦੇਖਦੇ ਹੋਏ, ਡਾਕਟਰ ਦਵਾਈ ਨੂੰ ਬਹੁਤ ਸੂਕਸ਼ਮ ਰੂਪ ਵਿਚ ਦਿੰਦਾ ਹੈ, ਕਿਉਂਕਿ ਬਿਮਾਰੀ ਜੋ ਬਾਹਰੋਂ ਸਾਨੂੰ ਦਿਖਾਈ ਦਿੰਦੀ ਹੈ, ਉਹ ਉਸਦਾ ਅਸਲੀ ਰੂਪ ਨਹੀਂ ਹੁੰਦਾ, ਸਗੋਂ ਅਸਲੀ ਰੋਗ ਤਾਂ ਰੋਗੀ ਦੇ ਮਨ ਤੋਂ ਪੈਦਾ ਹੋ ਕੇ ਬਾਅਦ ਵਿਚ ਸਰੀਰ ਵਿਚ ਜਾਂਦਾ ਹੈ, ਮਨ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਸੁਕਸ਼ਮ ਹੁੰਦੀਆਂ ਹਨ, ਕਿਉਂਕਿ ਮਨ ਸੁਕਸ਼ਮ ਹੁੰਦਾ ਹੈ। ਜਦੋਂ ਤੱਕ ਦਵਾਈ ਸੁਕਸ਼ਮ ਨਾ ਹੋਵੇ, ਉਹ ਰੋਗ ਦੀ ਜੜ੍ਹ ਤੱਕ ਨਹੀਂ ਪਹੁੰਚਦਾ, ਹੋਮਿਓਪੈਥਿਕ ਰੋਗ ਆਧਾਰਿਤ ਦਵਾਈ ਨਹੀਂ, ਸਗੋਂ ਰੋਗੀ ਅਧਾਰਿਤ ਹੈ।

ਭਾਵ ਕਿ ਕਿਸੇ ਰੋਗੀ ਨੂੰ ਬੁਖਾਰ ਹੋ ਗਿਆ, ਉਸ ਦੀ ਦਵਾਈ ਦੂਸਰਾ ਬੁਖਾਰ ਵਾਲਾ ਰੋਗੀ ਨਹੀਂ ਖਾ ਸਕਦਾ। ਦੂਸਰੇ ਰੋਗੀ ਦੀ ਦਵਾਈ ਅਲੱਗ ਹੁੰਦੀ ਹੈ, ਉਸ ਦੀਆਂ ਅਲਾਮਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਤਿਆਰ ਕੀਤੀ ਜਾਂਦੀ ਹੈ। ਡਾਕਟਰ ਜਿੰਨਾ ਵੀ ਦਵਾਈ ਨੂੰ ਸੁਕਸ਼ਮ ਰੂਪ ਵਿਚ ਦਿੰਦੇ ਹਨ, ਉਨੀ ਹੀ ਉਸ ਦਵਾਈ ਦੀ ਤਾਕਤ ਵੱਧ ਹੁੰਦੀ ਹੈ। ਦੁਨੀਆਂ ਪੱਧਰ 'ਤੇ ਘੱਟ ਗਿਆਨ ਰੱਖਣ ਵਾਲੇ ਲੋਕ ਇਸ ਦਵਾਈ ਨੂੰ ਮਿੱਠੀਆਂ ਗੋਲੀਆਂ ਹੀ ਸਮਝਦੇ ਹੋਏ ਮਜ਼ਾਕ ਉਡਾਉਂਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਇਨ੍ਹਾਂ ਦਵਾਈਆਂ ਨਾਲ ਇਹ ਕਿਵੇਂ ਹੋ ਸਕਦਾ ਕਿ ਰੋਗੀ ਨੂੰ ਮਿੱਠੀਆਂ ਗੋਲੀਆਂ ਠੀਕ ਕਰ ਸਕਣ, ਪਰ ਅੱਜ ਸਾਇੰਸ ਨੇ ਇਹ ਗੱਲ ਭਲੀਭਾਂਤ ਮੰਨ ਲਈ ਹੈ ਕਿ ਜਦੋਂ ਕਿਸੇ ਵੀ ਦਵਾਈ ਨੂੰ ਵੱਡੇ ਘੋਲ (Solnent) ਵਿਚ ਮਿਲਾ ਕੇ ਝਟਕੇ ਦੇ-ਦੇ ਕੇ ਬਣਾਇਆ ਜਾਂਦਾ ਹੈ, ਤਾਂ ਉਸ ਵਿਚ ਬਿਜਲੀ ਵਰਗੀ ਤਾਕਤ ਪੈਦਾ ਹੋ ਜਾਂਦੀ ਹੈ, ਜਿਸ ਕਰਕੇ ਹੋਮਿਓਪੈਥਿਕ ਦੀਆਂ ਸੁਕਸ਼ਮ ਦਵਾਈਆਂ ਵਿਚ ਬਹੁਤ ਵੱਡੀ ਤਾਕਤ ਹੁੰਦੀ ਹੈ। ਇਹ ਦਵਾਈਆਂ ਵੱਡੇ ਤੋਂ ਵੱਡੇ ਰੋਗਾਂ ਨੂੰ ਠੀਕ ਕਰਨ ਲਈ ਵੱਡੀ ਤਾਕਤ ਰੱਖਦੀਆਂ ਹਨ, ਪਰ ਅਫਸੋਸ ਹੋਮਿਓਪੈਥਿਕ ਦੇ ਜਨਮ ਦਾਤਾ ਡਾਕਟਰ ਸੈਮਿਊਲ ਹੈਨੇਮਨ (ਜਰਮਨੀ) ਦੀ ਇਸ ਖੋਜ ਨੂੰ ਮੰਨਣ ਲਈ 165 ਸਾਲਾਂ ਤੋਂ ਉਪਰ ਦਾ ਸਮਾਂ ਸਾਡੇ ਲੋਕਾਂ ਨੇ ਲਗਾ ਦਿੱਤਾ ਹੈ। ਹੁਣ ਹੋਮਿਓਪੈਥੀ ਦੁਨੀਆਂ ਪੱਧਰ 'ਤੇ ਫੈਲ ਚੁੱਕੀ ਹੈ। ਲੋਕਾਂ ਨੂੰ ਪਤਾ ਲੱਗ ਚੁੱਕਾ ਹੈ ਕਿ ਲਾ-ਇਲਾਜ ਰੋਗੀਆਂ ਨੂੰ ਸਿਰਫ ਹੋਮਿਓਪੈਥਿਕ ਦਵਾਈ ਹੀ ਠੀਕ ਕਰ ਸਕਦੀ ਹੈ, ਜਿਸ ਕਾਰਨ ਅੱਜਕੱਲ੍ਹ ਆਯੂਰਵੈਦਿਕ ਅਤੇ ਐਲੋਪੈਥੀ ਡਾਕਟਰਾਂ ਦਾ ਝੁਕਾਓ ਵੀ ਹੁਣ ਹੋਮਿਓਪੈਥਿਕ ਵੱਲ ਵਧ ਰਿਹਾ ਹੈ, ਕਿਉਂਕਿ ਹੋਮਿਓਪੈਥਿਕ ਦਵਾਈ ਤੁਰੰਤ ਅਸਰ ਕਰਦੀ ਹੋਈ, ਰੋਗੀ ਐਲੋਪੈਥੀ ਤੇ ਦੇਸੀ ਦਵਾਈਆਂ ਨਾਲੋਂ ਬਹੁਤ ਜਲਦੀ ਠੀਕ ਹੀ ਨਹੀਂ ਕਰਦੀ, ਸਗੋਂ ਇਸ ਦਾ ਕੋਈ ਸਾਈਡ-ਇਫੈਕਟ ਨਹੀਂ ਹੁੰਦਾ, ਤੇ ਇਹ ਰੋਗੀ ਨੂੰ ਤੁਰੰਤ ਅਸਰ ਕਰਦੀ ਹੋਈ ਜਲਦੀ ਠੀਕ ਕਰਦੀ ਹੈ। ਜੋ ਰੋਗ ਵੱਡੇ-ਵੱਡੇ ਹਸਪਤਾਲਾਂ ਵਿਚ ਮਹਿੰਗੇ ਭਾਅ ਲੱਖਾਂ ਦੇ ਹਿਸਾਬ ਨਾਲ ਅਪ੍ਰੇਸ਼ਨ ਕਰਨ 'ਤੇ ਠੀਕ ਹੁੰਦੇ ਹਨ, ਉਹ ਹੋਮਿਓਪੈਥੀ ਦਵਾਈ ਨਾਲ ਸਸਤੇ ਰੇਟਾਂ ਵਿਚ ਠੀਕ ਹੁੰਦੇ ਹਨ, ਇਹੋ ਕਾਰਨ ਹੈ ਕਿ ਹੋਮਿਓਪੈਥਿਕ ਦੁਨੀਆਂ ਪੱਧਰ 'ਤੇ ਕਾਰਗਰ ਸਿੱਧ ਹੁੰਦੀ ਹੋਈ ਬੜੀ ਤੇਜ਼ੀ ਨਾਲ ਫੈਲ ਰਹੀ ਹੈ।



# ਪੋਪ ਬੇਨੇਡਿਕਟ ਇੱਕ ਮਹਾਨ ਧਰਮ ਸ਼ਾਸਤਰੀ ਸੀ

-ਸੁਰਜੀਤ ਸਿੰਘ ਫਲੋਰਾ
ਬਰੈਂਪਟਨ
647-829-9397
(Punjab Mail USA)





ਵੈਟੀਕਨ ਸਿਟੀ ਵਿਚ ਸਾਬਕਾ ਕੈਥੋਲਿਕ ਪੋਪ ਬੇਨੇਡਿਕਟ ਦੀ ਮੌਤ ਹੋ ਗਈ ਹੈ। ਪੋਪ 95 ਸਾਲ ਦੇ ਸਨ ਅਤੇ ਕਈ ਦਿਨਾਂ ਤੋਂ ਬੀਮਾਰ ਸਨ। ਵੈਟੀਕਨ ਦੇ ਬੁਲਾਰੇ ਮੈਟਿਓ ਬਰੂਨੀ ਨੇ ਉਸਦੀ ਮੌਤ ਦੀ ਘੋਸ਼ਣਾ ਕੀਤੀ।

ਸਾਰੇ ਪੋਪਾਂ ਵਿਚੋਂ, ਬੇਨੇਡਿਕਟ ਸਭ ਤੋਂ ਸ਼ਾਨਦਾਰ ਸ਼ੁੱਧ ਧਰਮ ਸ਼ਾਸਤਰੀਆਂ ਵਿਚੋਂ ਇੱਕ ਸੀ, ਇਸ ਤੱਥ ਦੇ ਬਾਵਜੂਦ ਕਿ ਉਸਦਾ "ਪ੍ਰਭਾਵ" ਜਾਂ ਜਨਤਕ ਵਿਵਹਾਰ, ਨਿਮਰ ਅਤੇ ਅਧੀਨ ਸੀ। ਜਿਵੇਂ ਹੀ ਉਹ ਪੀਟਰ ਦੀ ਕੁਰਸੀ ਲਈ ਨਿਯੁਕਤ ਕੀਤਾ ਗਿਆ ਸੀ, ਇਹ ਪ੍ਰਗਟ ਹੋਇਆ ਕਿ ਉਸ ਦੇ ਵਿਰੁੱਧ ਝੂਠੇ ਇਲਜ਼ਾਮਾਂ ਅਤੇ ਵਿਗਾੜਾਂ ਦੀ ਬਹੁਤਾਤ ਸਾਹਮਣੇ ਆਉਣ ਲੱਗੀ।

ਜਦੋਂ ਅਸੀਂ ਉਸਦੇ ਤਤਕਾਲੀ ਪੂਰਵਜ, ਪੋਪ ਜੌਨ ਪਾਲ 'ਤੇ ਵਿਚਾਰ ਕਰਦੇ ਹਾਂ, ਤਾਂ ਅਸੀਂ ਇੱਕ ਆਦਮੀ ਨੂੰ ਦੇਖਦੇ ਹਾਂ ਜੋ ਬੁਲਬੁਲਾ, ਕ੍ਰਿਸ਼ਮਈ ਅਤੇ ਬਾਹਰ ਜਾਣ ਵਾਲਾ ਸੀ। ਉਹ ਇੱਕ ਮਹਾਨ ਵਿਦਵਾਨ ਵੀ ਸੀ, ਪਰ ਉਹ ਕਈ ਭਾਸ਼ਾਵਾਂ ਦੀ ਜਾਣਕਾਰੀ ਰੱਖਦਾ ਸੀ, ਅਤੇ ਉਸਨੇ ਥੀਏਟਰ ਵਿਚ ਪੜ੍ਹਾਈ ਕੀਤੀ ਅਤੇ ਪ੍ਰਦਰਸ਼ਨ ਕੀਤਾ। ਇਹ ਉਹ ਸਾਰੇ ਹੁਨਰ ਸਨ, ਜੋ ਲੋਕਾਂ ਨਾਲ ਤਾਲਮੇਲ ਕਰਨ ਅਤੇ ਉਨ੍ਹਾਂ ਨੂੰ ਲੋਕਾ ਦੇ ਕਰੀਬ ਲੈ ਕੇ ਆਉਣ ਵਿਚ ਸਹਾਈ ਹੋਏ। ਉਸ ਕੋਲ ਹਰ ਕਿਸੇ ਤੱਕ ਪਹੁੰਚਣ ਅਤੇ ਪ੍ਰਭਾਵਿਤ ਕਰਨ ਦੀ ਸਮਰੱਥਾ ਸੀ, ਜਿਸ ਨੂੰ ਹਾਲ ਹੀ ਦੇ ਪੋਪਾਂ ਵਿਚੋਂ ਸ਼ਾਇਦ ਕਿਸੇ ਹੋਰ ਪੋਪ ਵਿਚ ਦੇਖਣ ਨੂੰ ਮਿਲਿਆ ਸੀ। ਇਹ ਮੰਦਭਾਗਾ ਅਤੇ ਬੇਇਨਸਾਫ਼ੀ ਹੈ ਕਿ ਬੇਨੇਡਿਕਟ ਨੂੰ ਤੁਲਨਾਵਾਂ ਦੇ ਕਾਰਨ ਦੁੱਖ ਝੱਲਣਾ ਪਿਆ, ਲੋਕਾਂ ਦੇ ਤਾਹਨੇ-ਮਿਹਣੇ ਸੁਣਨੇ ਪਏ ਪਰ ਇਹ ਮਨੁੱਖੀ ਸੁਭਾਅ ਦਾ ਕੰਮ ਕਰਨ ਦਾ ਤਰੀਕਾ ਹੈ, ਜਿਸ ਨੂੰ ਨਾ ਕੋਈ ਬਦਲ ਸਕਿਆ ਤੇ ਨਾ ਸਕੇਗਾ।

**ਅਸਤੀਫਾ ਦੇਣ ਵਾਲਾ ਪਹਿਲਾ ਪੋਪ**

ਪੋਪ ਐਮਰੀਟਸ ਬੇਨੇਡਿਕਟ ਵੈਟੀਕਨ ਦੇ 16ਵੇਂ ਪੋਪ ਸਨ ਅਤੇ ਇੱਕ ਜਰਮਨ ਧਰਮ ਸ਼ਾਸਤਰੀ ਵੀ ਸਨ। ਪੋਪ ਬੇਨੇਡਿਕਟ ਅਸਤੀਫਾ ਦੇਣ ਵਾਲੇ 600 ਸਾਲਾਂ ਵਿਚ ਪਹਿਲੇ ਪੋਪ ਸਨ।

ਦੁਨੀਆਂ ਦੇ ਸਭ ਤੋਂ ਵੱਡੇ ਈਸਾਈ ਸੰਗਠਨ ਦੇ ਧਾਰਮਿਕ ਗੁਰੂ ਪੋਪ ਬੇਨੇਡਿਕਟ ਦੇ ਦੁਨੀਆਂ ਭਰ ਵਿਚ ਲਗਭਗ 1.3 ਬਿਲੀਅਨ ਪੈਰੋਕਾਰ ਹਨ। ਕੈਥੋਲਿਕ ਚਰਚ ਈਸਾਈ ਧਰਮ ਦੇ ਅੰਦਰ ਇੱਕ ਸੰਪਰਦਾ ਹੈ। 28 ਫਰਵਰੀ 2013 ਨੂੰ ਉਨ੍ਹਾਂ ਅਸਤੀਫਾ ਦੇ ਕੇ ਇਤਿਹਾਸ ਰਚ ਦਿੱਤਾ। ਪੋਪ ਦੇ ਤੌਰ 'ਤੇ ਆਪਣੇ ਲਗਭਗ ਅੱਠ ਸਾਲਾਂ ਦੌਰਾਨ, ਉਸਨੇ ਲਗਾਤਾਰ ਤਰਕ ਅਤੇ ਅਧਿਆਤਮਿਕਤਾ ਦੇ ਮਹੱਤਵ ਦੇ ਨਾਲ-ਨਾਲ ਇੱਕ ਸੂਚਿਤ ਸਮਕਾਲੀ ਸੰਸਾਰ ਵਿਚ ਕੈਥੋਲਿਕ ਚਰਚ ਦੀ ਭੂਮਿਕਾ 'ਤੇ ਜ਼ੋਰ ਦਿੱਤਾ।

ਪੋਪ ਬੇਨੇਡਿਕਟ ਨੇ ਅਜਿਹੇ ਸਮੇਂ ਪੋਪ ਦਾ ਕਾਰਜਕਾਲ ਛੱਡ ਦਿੱਤਾ, ਜਦੋਂ ਚਰਚ ਦਾ ਪ੍ਰਭਾਵ ਯੂਰਪ ਵਿਚ ਘੱਟ ਰਿਹਾ ਸੀ ਅਤੇ ਅਫਰੀਕੀ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਵਿਚ ਵਧ ਰਿਹਾ ਸੀ। 85 ਸਾਲਾ ਪੋਪ ਬੇਨੇਡਿਕਟ ਨੇ ਆਪਣੀ ਵਧਦੀ ਉਮਰ ਅਤੇ ਖ਼ਰਾਬ ਸਿਹਤ ਕਾਰਨ ਅਸਤੀਫ਼ਾ ਦੇ ਦਿੱਤਾ ਸੀ ਅਤੇ ਉਹ ਚਰਚ ਦੀਆਂ ਜ਼ਿੰਮੇਵਾਰੀਆਂ ਨੂੰ ਸਹੀ ਢੰਗ ਨਾਲ ਨਿਭਾਉਣ ਦੇ ਯੋਗ ਨਹੀਂ ਸਨ। ਉਨ੍ਹਾਂ ਕਿਹਾ ਕਿ ਚੀਜ਼ਾਂ ਬਹੁਤ ਤੇਜ਼ੀ ਨਾਲ ਬਦਲ ਰਹੀਆਂ ਹਨ ਅਤੇ ਰੱਬ ਵਿਚ ਵਿਸ਼ਵਾਸ ਵੀ ਸਵਾਲਾਂ ਦੇ ਘੇਰੇ ਵਿਚ ਹੈ। ਇਸ ਸਥਿਤੀ ਵਿਚ, ਸੰਤ ਪੀਟਰ ਦੇ ਆਦੇਸ਼ ਅਤੇ ਈਸਾਈ ਸਿਧਾਂਤਾਂ ਨੂੰ ਲਾਗੂ ਕਰਨ ਲਈ ਮਾਨਸਿਕ ਅਤੇ ਸਰੀਰਕ ਤੌਰ 'ਤੇ ਠੀਕ ਹੋਣਾ ਜ਼ਰੂਰੀ ਹੈ। ਪਰ ਮੈਂ ਦੋਵੇਂ ਸ਼ਰਤਾਂ ਪੂਰੀਆਂ ਨਹੀਂ ਕਰ ਰਿਹਾ, ਇਸ ਲਈ ਅਸਤੀਫਾ ਦੇ ਰਿਹਾ ਹਾਂ।

ਅਸਤੀਫਾ ਦੇਣ ਵਾਲਾ ਆਖਰੀ ਪੋਪ 1415 ਵਿਚ ਪੱਛਮੀ ਧਰਮ ਦੇ ਦੌਰਾਨ ਸੀ। ਇਤਿਹਾਸ ਦੇ ਇਸ ਪਲ 'ਤੇ, ਤਿੰਨ ਤੱਕ ਵਿਰੋਧੀ ਪੋਪ ਹੋ ਸਕਦੇ ਹਨ ਅਤੇ ਪੋਪ ਗ੍ਰੈਗਰੀ ਨੇ ਕੌਂਸਟੈਂਸ ਦੀ ਕੌਂਸਲ ਲਈ ਇੱਕ ਨਵਾਂ ਅਤੇ ਜਾਇਜ਼ ਪੋਂਟੀਫ਼ ਚੁਣਨ ਲਈ ਆਪਣਾ ਸਿਰਲੇਖ ਤਿਆਗ ਦਿੱਤਾ ਸੀ।

ਇਸ ਲਈ, ਹਾਂ, ਪੋਪ ਬੇਨੇਡਿਕਟ ਦਾ ਅਸਤੀਫਾ ਇੱਕ ਪ੍ਰਮੁੱਖ ਮੁੱਦਾ ਸੀ ਅਤੇ ਪਰੰਪਰਾ ਵਿਚ ਇੱਕ ਮਹੱਤਵਪੂਰਨ ਤਬਦੀਲੀ ਸੀ।

ਜਦੋਂ ਉਹ ਪੋਪ ਸੀ, ਉਸਨੇ ਕੈਥੋਲਿਕ ਚਰਚ ਵਿਚ ਵਿਆਹੇ ਪੁਰਸ਼ਾਂ ਨੂੰ ਪਾਦਰੀ ਬਣਾਉਣ ਬਾਰੇ ਆਪਣੀ ਚੁੱਪ ਤੋੜੀ। ਆਪਣੀ ਨਵੀਂ ਕਿਤਾਬ ਵਿਚ ਅਣਵਿਆਹੇ ਵਿਅਕਤੀ ਨੂੰ ਪਾਦਰੀ ਬਣਾਉਣ ਦੀ ਪਰੰਪਰਾ ਦਾ ਬਚਾਅ ਕਰਦੇ ਹੋਏ ਉਨ੍ਹਾਂ ਨੇ ਆਪਣੇ ਉੱਤਰਾਧਿਕਾਰੀ ਪੋਪ ਫਰਾਂਸਿਸ ਨੂੰ ਅਪੀਲ ਕੀਤੀ ਹੈ ਕਿ ਉਹ ਵਿਆਹੇ ਪੁਰਸ਼ਾਂ ਲਈ ਪਾਦਰੀ ਬਣਨ ਦਾ ਰਾਹ ਨਾ ਖੋਲ੍ਹਣ। ਪੋਪ ਫਰਾਂਸਿਸ ਐਮਾਜ਼ਾਨ ਵਰਗੇ ਦੂਰ-ਦੁਰਾਡੇ ਦੇ ਖੇਤਰਾਂ ਵਿਚ ਵਿਆਹੇ ਪੁਰਸ਼ਾਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦੇਣ 'ਤੇ ਵਿਚਾਰ ਕਰ ਰਹੇ ਸਨ, ਜਿੱਥੇ ਪਾਦਰੀਆਂ ਦੀ ਘਾਟ ਹੈ।

ਨਾਲ ਹੀ, 95 ਸਾਲਾ ਸਾਬਕਾ ਪੋਪ ਬੇਨੇਡਿਕਟ ਨੇ ਕਾਰਡੀਨਲ ਰੌਬਰਟ ਸਾਰਾ ਨਾਲ ਮਿਲ ਕੇ "ਫਰੌਮ ਦ ਡੈਪਥਸ ਆਫ ਅਵਰ ਹਾਰਟਸ" ਨਾਮ ਦੀ ਕਿਤਾਬ ਲਿਖੀ ਸੀ। ਬੈਨੇਡਿਕਟ ਨੇ ਕਿਤਾਬ ਵਿਚ ਲਿਖਿਆ, "ਮੈਂ ਚੁੱਪ ਨਹੀਂ ਰਹਿ ਸਕਦਾ।" ਕਿਤਾਬ ਦੇ ਦੋ ਲੇਖਕ ਸਾਰੇ ਚਰਚਾਂ ਨੂੰ ਅਪੀਲ ਕਰਦੇ ਹਨ ਕਿ ਉਹ ਅਜਿਹੀਆਂ ਭੈੜੀਆਂ ਦਲੀਲਾਂ, ਝੂਠ ਅਤੇ ਗਲਤੀਆਂ ਦੇ ਅੱਗੇ ਨਾ ਝੁਕਣ ਜੋ ਬ੍ਰਹਮਚਾਰੀ ਪੁਜਾਰੀਆਂ ਦੀ ਮਹੱਤਤਾ ਨੂੰ ਘਟਾਉਣ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਸੀ ਕਿ ਪੁਜਾਰੀ ਆਪਣੇ ਬ੍ਰਹਮਚਾਰੀ ਜੀਵਨ ਨਾਲ ਸਬੰਧਤ ਸਵਾਲਾਂ ਨੂੰ ਲੈ ਕੇ ਉਲਝਣ ਵਿਚ ਪੈ ਸਕਦੇ ਹਨ। ਇਸ ਲਈ ਇਹ ਸੇਵਾ ਹਮੇਸ਼ਾ ਅਣਵਿਆਹੇ ਵਿਆਕਤੀ ਨੂੰ ਹੀ ਪੋਪ ਦੀ ਗੱਦੀ ਲਈ ਚੁਣਿਆਂ ਜਾਣਾ ਚਾਹਿੰਦਾ ਹੈ।

1927 ਵਿਚ ਮਾਰਕਟਲ ਐਮ. ਇਨ, ਜਰਮਨੀ ਵਿਚ ਜਨਮੇ ਜੋਸਫ਼ ਰੈਟਜ਼ਿੰਗਰ, ਉਸਨੇ ਆਪਣੀ ਜਵਾਨੀ ਆਸਟ੍ਰੀਆ ਦੀ ਸਰਹੱਦ ਦੇ ਨੇੜੇ ਦੱਖਣ-ਪੂਰਬੀ ਜਰਮਨੀ ਵਿਚ ਬਿਤਾਈ। ਉਹ ਦੂਜੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ ਤੋਂ ਇੱਕ ਸਾਲ ਪਹਿਲਾਂ ਇੱਕ ਸੈਮੀਨਰੀ ਵਿਚ ਦਾਖਲ ਹੋਇਆ ਸੀ ਅਤੇ ਆਖਰਕਾਰ ਉਸਨੂੰ ਜਰਮਨ ਫੌਜ ਵਿਚ ਭਰਤੀ ਕੀਤਾ ਗਿਆ, ਜਿੱਥੇ ਉਸਨੇ ਯੁੱਧ ਦੇ ਅਖੀਰਲੇ ਦਿਨਾਂ ਵਿਚ ਛੱਡਣ ਤੋਂ ਪਹਿਲਾਂ ਇੱਕ ਐਂਟੀ-ਏਅਰਕ੍ਰਾਫਟ ਯੂਨਿਟ ਵਿਚ ਸੇਵਾ ਕੀਤੀ ਸੀ।

ਉਹ ਆਪਣੇ ਧਰਮ ਸ਼ਾਸਤਰੀ ਅਧਿਐਨਾਂ ਵਿਚ ਵਾਪਸ ਆ ਗਏ, ਅਤੇ 1951 ਵਿਚ ਇੱਕ ਨਿਯੁਕਤ ਪਾਦਰੀ ਬਣ ਗਏ। ਉਨ੍ਹਾਂ ਨੇ ਅਪ੍ਰੈਲ 2005 ਵਿਚ ਜੌਨ ਪਾਲ ਲਈ ਅੰਤਿਮ ਸੰਸਕਾਰ ਦੀ ਪ੍ਰਧਾਨਗੀ ਕੀਤੀ ਸੀ।

ਜਨਵਰੀ 2022 ਵਿਚ ਪ੍ਰਕਾਸ਼ਤ ਇਕ ਜਰਮਨ ਜਾਂਚ ਦੇ ਨਤੀਜਿਆਂ ਵਿਚ ਕਿਹਾ ਗਿਆ ਸੀ ਕਿ ਬੇਨੇਡਿਕਟ ਮਿਊਨਿਖ ਦੇ ਆਰਚਬਿਸ਼ਪ ਹੋਣ ਵੇਲੇ ਬਾਲ ਜਿਨਸੀ ਸ਼ੋਸ਼ਣ ਦੇ ਦੋਸ਼ੀ ਚਾਰ ਪਾਦਰੀਆਂ ਵਿਰੁੱਧ ਕਾਰਵਾਈ ਕਰਨ ਵਿਚ ਅਸਫਲ ਰਹੇ ਸਨ।

ਉਹ ਇੱਕ ਪੁਲਿਸ ਵਾਲੇ ਦਾ ਪੁੱਤਰ ਸੀ, ਪੇਂਡੂ ਬਾਵੇਰੀਆ ਵਿਚ ਵੱਡਾ ਹੋਇਆ ਅਤੇ 14 ਸਾਲ ਦੀ ਉਮਰ ਵਿਚ ਹਿਟਲਰ ਯੂਥ ਵਿਚ ਸ਼ਾਮਲ ਹੋ ਗਏ ਸਨ ਅਤੇ ਦੂਜੇ ਵਿਸ਼ਵ ਯੁੱਧ ਵਿਚ ਜਰਮਨ ਫੌਜ ਵਿਚ ਸੇਵਾ ਕੀਤੀ। ਯੁੱਧ ਦੇ ਅੰਤ ਵਿਚ ਅਮਰੀਕੀ ਫੌਜਾਂ ਦੁਆਰਾ ਥੋੜ੍ਹੇ ਸਮੇਂ ਲਈ ਇੱਕ ਜੰਗੀ ਕੈਦੀ ਵਜੋਂ ਰੱਖੇ ਗਏ।

ਉਹ ਬਾਅਦ ਵਿਚ ਵੈਟੀਕਨ ਵਿਚ ਇੱਕ ਪ੍ਰਮੁੱਖ ਸ਼ਖਸੀਅਤ ਬਣ ਗਏ ਅਤੇ ਕਾਰਡੀਨਲ ਰੈਟਜ਼ਿੰਗਰ ਦੇ ਰੂਪ ਵਿਚ, ਆਪਣੇ ਪੂਰਵਜ ਪੋਪ ਜੌਨ ਪਾਲ ਦੇ ਸੱਜੇ ਹੱਥ ਦੇ ਆਦਮੀ ਵਜੋਂ ਸੇਵਾ ਕੀਤੀ। ਉਸਨੇ 24 ਸਾਲਾਂ ਲਈ, ਇੱਕ ਵੈਟੀਕਨ ਵਿਭਾਗ, ਜਿਸਨੂੰ ਇੱਕ ਵਾਰ ਇਨਕਿਊਜ਼ੀਸ਼ਨ ਵਜੋਂ ਜਾਣਿਆ ਜਾਂਦਾ ਸੀ, ਧਰਮ ਦੇ ਸਿਧਾਂਤ ਲਈ ਮੰਡਲੀ ਦੀ ਅਗਵਾਈ ਕੀਤੀ, ਇੱਕ ਅਜਿਹੀ ਸਥਿਤੀ, ਜਿਸ ਨੇ ਉਸਨੂੰ "ਰੱਬ ਦਾ ਰੋਟਵੀਲਰ" ਉਪਨਾਮ ਦਿੱਤਾ।

ਉਨ੍ਹਾਂ ਦੇ ਕਾਰਜਕਾਲ ਦੌਰਾਨ, ਕਲੈਰੀਕਲ ਜਿਨਸੀ ਸ਼ੋਸ਼ਣ ਅਤੇ ਇਸ ਨੂੰ ਕਵਰ ਕਰਨ ਦੇ ਦੋਸ਼ ਸਾਹਮਣੇ ਆਉਣ ਲੱਗੇ। ਉਸਦੇ ਆਲੋਚਕਾਂ ਨੇ ਕਿਹਾ ਕਿ ਉਹ ਅਪਰਾਧਾਂ ਦੀ ਗੰਭੀਰਤਾ ਅਤੇ ਸੰਕਟ ਦੇ ਪੈਮਾਨੇ ਨੂੰ ਸਮਝਣ ਵਿਚ ਅਸਫਲ ਰਿਹਾ, ਜੋ ਅਪ੍ਰੈਲ 2005 ਵਿਚ ਪੋਪ ਚੁਣੇ ਜਾਣ ਤੋਂ ਕਈ ਸਾਲਾਂ ਬਾਅਦ ਸਿਖਰ 'ਤੇ ਪਹੁੰਚ ਗਿਆ ਸੀ।

ਜਿਨਸੀ ਸ਼ੋਸ਼ਣ ਨਾਲ ਸਬੰਧਤ ਦੋਸ਼ਾਂ, ਮੁਕੱਦਮਿਆਂ ਅਤੇ ਅਧਿਕਾਰਤ ਰਿਪੋਰਟਾਂ ਅਤੇ ਇਸ ਨੂੰ ਢੱਕਣ ਵਿਚ ਪਾਦਰੀਆਂ ਦੀ ਸ਼ਮੂਲੀਅਤ ਦੇ ਨਾਲ-ਨਾਲ, ਵੈਟੀਕਨ ਵੀ ਗੁਪਤ ਦਸਤਾਵੇਜ਼ਾਂ ਦੀ ਚੋਰੀ ਨਾਲ ਬਹੁਤ ਸਾਰੇ ਪਾਦਰੀਆਂ ਦੇ ਕਥਿਤ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਹੋਇਆ ਸੀ। ਅਕਤੂਬਰ 2012 ਵਿਚ, ਵੈਟੀਕਨ ਦੀ ਇੱਕ ਅਦਾਲਤ ਨੇ ਪੋਪ ਦੇ ਨਿੱਜੀ ਬਟਲਰ, ਪਾਓਲੋ ਗੈਬਰੀਏਲ ਨੂੰ ਕਾਗਜ਼ ਚੋਰੀ ਕਰਨ ਦਾ ਦੋਸ਼ੀ ਠਹਿਰਾਇਆ। ਉਸਨੇ ਮੁਕੱਦਮੇ ਨੂੰ ਦੱਸਿਆ ਕਿ ਉਹ "ਬਦੀ ਅਤੇ ਭ੍ਰਿਸ਼ਟਾਚਾਰ" ਦੇ ਵਿਰੁੱਧ ਕੰਮ ਕਰ ਰਿਹਾ ਸੀ।

ਪੋਪ ਦੇ ਤੌਰ 'ਤੇ ਬੇਨੇਡਿਕਟ ਦੇ ਸਮੇਂ ਵਿਚ ਪਾਦਰੀਆਂ ਨੂੰ ਸ਼ਾਮਲ ਕਰਨ ਵਾਲੇ ਬਾਲ ਜਿਨਸੀ ਸ਼ੋਸ਼ਣ ਸਕੈਂਡਲਾਂ ਦਾ ਨਤੀਜਾ ਸ਼ਾਮਲ ਸੀ, ਜੋ ਜੌਨ ਪੌਲ ਦੇ ਪੋਪ ਦੇ ਸਮੇਂ ਦੌਰਾਨ ਸਾਹਮਣੇ ਆਇਆ ਸੀ। ਉਸਦੇ ਜਵਾਬ ਵਿਚ ਪੁਜਾਰੀਆਂ ਨੂੰ ਕੱਢਣਾ ਅਤੇ ਪੀੜਤਾਂ ਤੋਂ ਮੁਆਫੀ ਮੰਗਣਾ ਅਤੇ ਉਨ੍ਹਾਂ ਨਾਲ ਮੁਲਾਕਾਤ ਕਰਨਾ ਸ਼ਾਮਲ ਸੀ।




# ਹੀਰ ਰਾਂਝੇ ਦੇ ਕਿੱਸੇ ਦਾ ਪਹਿਲਾ ਲਿਖਾਰੀ ਦਮੋਦਰ। ਕੀ ਵਾਕਿਆ ਹੀ ਉਸ ਨੇ ਇਹ ਪ੍ਰੇਮ ਕਹਾਣੀ ਅੱਖੀਂ ਵੇਖੀ ਸੀ?

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)





ਹੀਰ ਦੇ ਕਿੱਸੇ ਨੂੰ ਸਭ ਤੋਂ ਵੱਧ ਪ੍ਰਸਿੱਧੀ ਭਾਵੇਂ ਵਾਰਿਸ ਸ਼ਾਹ ਨੇ ਦਿਵਾਈ ਹੈ, ਪਰ ਅਸਲੀਅਤ ਇਹ ਹੈ ਕਿ ਇਸ ਪ੍ਰੇਮ ਕਹਾਣੀ ਨੂੰ ਸਭ ਤੋਂ ਪਹਿਲਾਂ ਕਲਮਬੰਦ ਦਮੋਦਰ ਦਾਸ ਗੁਲਾਟੀ ਨੇ ਕੀਤਾ ਸੀ। ਦਮੋਦਰ ਦੀ ਹੀਰ ਸੁਖਾਂਤਕ ਹੈ ਪਰ ਵਾਰਿਸ ਸ਼ਾਹ ਦੀ ਦੁਖਾਂਤਕ। ਦਮੋਦਰ ਦੇ ਕਿੱਸੇ ਵਿਚ ਅਖੀਰ ਹੀਰ-ਰਾਂਝੇ ਦਾ ਮਿਲਾਪ ਹੋ ਜਾਂਦਾ ਹੈ ਪਰ ਵਾਰਿਸ ਸ਼ਾਹ ਦੇ ਕਿੱਸੇ ਮੁਤਾਬਕ ਦੋਵੇਂ ਮਾਰੇ ਜਾਂਦੇ ਹਨ। ਪੰਜਾਬ ਦੀਆਂ ਸਭ ਤੋਂ ਮਕਬੂਲ ਪ੍ਰੇਮ ਕਹਾਣੀਆਂ ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਸੋਹਣੀ ਮਾਹੀਵਾਲ, ਸ਼ੀਰੀ ਫਰਿਹਾਦ ਅਤੇ ਸੱਸੀ ਪੁੰਨੂ ਵਿਚੋਂ ਹੀਰ ਰਾਂਝਾ ਸਭ ਤੋਂ ਜ਼ਿਆਦਾ ਹਰਮਨ ਪਿਆਰੀ ਹੈ। ਇਹ ਕਹਾਣੀ ਲੋਧੀ ਵੰਸ਼ ਦੇ ਰਾਜ ਪਾਟ ਦੌਰਾਨ 1451 ਤੋਂ 1471 ਈਸਵੀ ਦੇ ਦਰਮਿਆਨ ਕਿਸੇ ਸਮੇਂ ਵਾਪਰੀ ਸੀ। ਝੰਗ ਸ਼ਹਿਰ ਵਿਚ ਬਣੀ ਹੀਰ ਰਾਂਝੇ ਦੀ ਕਬਰ 'ਤੇ ਉਨ੍ਹਾਂ ਦੇ ਸਵਰਗ ਸਿਧਾਰਨ ਦੀ ਮਿਤੀ ਸੰਨ 876 ਹਿਜ਼ਰੀ (1471 ਈਸਵੀ) ਲਿਖੀ ਹੋਈ ਹੈ। ਦਮੋਦਰ ਇਸ ਕਿੱਸੇ ਵਿਚ ਵਾਰ-ਵਾਰ ਦਾਅਵਾ ਕਰਦਾ ਹੈ ਕਿ ਉਸ ਨੇ ਸਭ ਕੁਝ ਆਪਣੀ ਅੱਖੀਂ ਵੇਖਿਆ ਹੈ ਕਿਉਂਕਿ ਹੀਰ ਦੇ ਪਿੰਡ ਝੰਗ ਵਿਚ ਉਸ ਦੀ ਲੂਣ ਤੇਲ ਦੁਕਾਨ ਸੀ। ਪਰ ਹੀਰ ਰਾਂਝੇ ਦੀ ਪ੍ਰੇਮ ਕਹਾਣੀ ਦੇ ਵਾਕਿਆਤ ਦੇ ਪ੍ਰਵਾਹ ਨੂੰ ਜੇ ਬਰੀਕੀ ਨਾਲ ਵਾਚਿਆ ਜਾਵੇ, ਤਾਂ ਮਰਨ ਸਮੇਂ ਹੀਰ ਦੀ ਉਮਰ ਕਰੀਬ 23-24 ਸਾਲ ਸੀ ਤੇ ਦਮੋਦਰ ਹੀਰ ਨਾਲੋਂ ਜੇ 20-22 ਸਾਲ ਵੀ ਵੱਡਾ ਹੋਵੇ, ਤਾਂ ਉਸ ਦੀ ਜਨਮ ਮਿਤੀ 1430 ਈਸਵੀ ਦੇ ਲਾਗੇ ਚਾਗੇ ਦੀ ਹੋਣੀ ਚਾਹੀਦੀ ਸੀ।

ਉਸ ਦੀ ਜਨਮ ਤਾਰੀਖ ਬਾਰੇ ਵੀ ਵਿਵਾਦ ਹੈ, ਪਰ ਇਤਿਹਾਸਕਾਰਾਂ ਦੀ ਆਮ ਰਾਏ ਹੈ ਕਿ ਉਹ ਅਕਬਰ ਦਾ ਸਮਕਾਲੀ ਸੀ। 1471 ਈਸਵੀ ਵਿਚ ਦਿੱਲੀ ਵਿਖੇ ਲੋਧੀ ਵੰਸ਼ ਦੇ ਸੁਲਤਾਨ ਬਹਿਲੋਲ ਲੋਧੀ ਦਾ ਰਾਜ ਸੀ ਤੇ ਪੰਜਾਬ ਉਸ ਦੇ ਅਧੀਨ ਆਉਂਦਾ ਸੀ। ਦਮੋਦਰ ਦੀ ਲਿਖਤ ਹੀਰ ਵਿਚ ਵਾਰ-ਵਾਰ ਅਕਬਰ ਦਾ ਨਾਮ ਆਉਂਦਾ ਹੈ, ਜੋ 11 ਫਰਵਰੀ, 1556 ਈਸਵੀ ਨੂੰ ਭਾਰਤ ਦਾ ਸਮਰਾਟ ਬਣਿਆ ਸੀ ਤੇ ਉਸ ਦਾ ਰਾਜ 1576 ਈਸਵੀ ਤੱਕ ਪੂਰੇ ਜਲਾਲ 'ਤੇ ਪਹੁੰਚ ਚੁੱਕਾ ਸੀ। ਇਸ ਲਈ ਇਹ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਦਮੋਦਰ ਹੀਰ ਰਾਂਝੇ ਦਾ ਨਹੀਂ, ਸਗੋਂ ਅਕਬਰ ਦਾ ਸਮਕਾਲੀ ਸੀ। ਦਮੋਦਰ ਦਾ ਪੂਰਾ ਨਾਮ ਦਮੋਦਰ ਦਾਸ ਗੁਲਾਟੀ ਸੀ ਤੇ ਉਹ ਜਾਤ ਦਾ ਖੱਤਰੀ ਸੀ। ਨਵੀਆਂ ਸਾਹਿਤਕ ਖੋਜਾਂ ਅਨੁਸਾਰ ਉਸ ਦਾ ਜਨਮ 1550 ਈਸਵੀ ਦੇ ਕਰੀਬ ਝੰਗ ਦੇ ਨਜ਼ਦੀਕ ਕਿਸੇ ਪਿੰਡ ਵਿਚ ਹੋਣਾ ਅਤੇ ਮੌਤ 1610 ਈਸਵੀ ਦੇ ਕਰੀਬ ਝੰਗ ਵਿਖੇ ਹੋਈ ਮੰਨੀ ਜਾਂਦੀ ਹੈ। ਅਸਲ ਵਿਚ ਦਮੋਦਰ ਦੇ ਸਮੇਂ ਤੱਕ ਹੀਰ ਰਾਂਝੇ ਦੀ ਕਹਾਣੀ ਸੀਨਾ ਬਸੀਨਾ ਚੱਲਦੀ ਹੋਈ ਲੋਕ ਕਥਾ ਦਾ ਰੂਪ ਧਾਰਨ ਕਰ ਚੁੱਕੀ ਸੀ। ਸ਼ਾਹ ਹੁਸੈਨ, ਜੋ ਦਮੋਦਰ ਤੋਂ ਪਹਿਲਾਂ ਹੋਇਆ ਹੈ (ਜਨਮ 1539 ਤੇ ਮੌਤ 1599 ਈਸਵੀ) ਨੇ ਵੀ ਆਪਣੀਆਂ ਕਈ ਕਾਫੀਆਂ ਵਿਚ ਹੀਰ ਰਾਂਝੇ ਨਾਲ ਸਬੰਧਿਤ ਅਲੰਕਾਰਾਂ ਅਤੇ ਬਿੰਬਾਂ ਦੀ ਵਰਤੋਂ ਕੀਤੀ ਹੈ।

ਦਮੋਦਰ ਨੇ ਕਿੱਸਾ ਲਿਖਣ ਵਾਸਤੇ ਸਾਂਦਲ ਬਾਰ ਦੀ ਲਹਿੰਦੀ ਪੰਜਾਬੀ ਭਾਸ਼ਾ ਵਰਤੀ ਹੈ ਤੇ ਉਸ 'ਤੇ ਝਾਂਗੀ, ਮੁਲਤਾਨੀ, ਪੋਠੋਹਾਰੀ, ਫਾਰਸੀ ਅਤੇ ਸੂਫੀ ਸ਼ਬਦਾਵਲੀ ਦਾ ਵੀ ਕਾਫੀ ਪ੍ਰਭਾਵ ਹੈ। 500 ਸਾਲ ਦੇ ਕਰੀਬ ਪਹਿਲਾਂ ਲਿਖੇ ਗਏ ਉਸ ਦੇ ਕਿੱਸੇ ਦੀ ਬੋਲੀ ਬਹੁਤ ਹੱਦ ਤੱਕ ਅਜੋਕੀ ਮਾਝੀ (ਲਾਹੌਰ ਅਤੇ ਅੰਮ੍ਰਿਤਸਰ ਵਿਚ ਬੋਲੀ ਜਾਣ ਵਾਲੀ ਪੰਜਾਬੀ) ਨਾਲ ਮੇਲ ਖਾਂਦੀ ਹੈ। ਦਮੋਦਰ ਦੇ ਮਾਂ-ਬਾਪ ਅਤੇ ਵਾਰਸਾਂ ਬਾਰੇ ਬਹੁਤ ਘੱਟ ਪਤਾ ਲੱਗਦਾ ਹੈ। ਉਸ ਬਾਰੇ ਜੋ ਵੀ ਥੋੜ੍ਹਾ ਬਹੁਤਾ ਮਾਲੂਮ ਹੋਇਆ ਹੈ, ਉਹ ਉਸ ਦੁਆਰਾ ਲਿਖਤ ਇਸ ਕਿੱਸੇ ਅਤੇ ਕੁਝ ਹੋਰ ਲਿਖਾਰੀਆਂ ਦੀਆਂ ਲਿਖਤਾਂ ਤੋਂ ਹੀ ਹੋਇਆ ਹੈ। ਉਸ ਦੀ ਲਿਖੀ ਹੀਰ ਨੇ ਵਾਰਸ ਸ਼ਾਹ ਦੀ ਹੀਰ ਤੋਂ ਬਹੁਤ ਪਹਿਲਾਂ ਹੀ ਇਸ ਕਿੱਸੇ ਨੂੰ ਪੰਜਾਬੀਆਂ ਅਤੇ ਗੈਰ ਪੰਜਾਬੀਆਂ ਵਿਚ ਬੇਹੱਦ ਮਕਬੂਲ ਕਰ ਦਿੱਤਾ ਸੀ। ਕਿੱਸੇ ਦੀ ਸ਼ੁਰੂਆਤ ਵਿਚ ਉਹ ਆਪਣੇ ਬਾਰੇ ਦੱਸਦਾ ਹੈ ਕਿ ਦਮੋਦਰ ਮੇਰਾ ਨਾਮ ਹੈ ਤੇ ਗੁਲਾਟੀ ਮੇਰੀ ਗੋਤਰ ਹੈ। ਮੇਰਾ ਦਿਲ ਮੈਨੂੰ ਖਿੱਚ ਕੇ ਸਿਆਲਾਂ ਵੱਲ ਲੈ ਆਇਆ ਹੈ। ਦਮੋਦਰ ਬਾਰੇ ਇਹ ਵੀ ਬਹਿਸ ਚੱਲਦੀ ਹੈ ਕਿ ਸ਼ਾਇਦ ਉਹ ਸਿੱਖ ਸੀ। ਭਾਈ ਗੁਰਦਾਸ ਦੇ ਇੱਕ ਸ਼ਬਦ ਵਿਚ ਕੁਝ ਮੁੱਢਲੇ ਸਿੱਖਾਂ ਦੇ ਨਾਮ ਆਉਂਦੇ ਹਨ, ਜਿਨ੍ਹਾਂ ਵਿਚ ਇੱਕ ਨਾਮ ਦਮੋਦਰ ਵੀ ਹੈ, ਜੋ ਝੰਗ ਦੇ ਨਜ਼ਦੀਕ ਸੁਲਤਾਨਪੁਰ ਪਿੰਡ ਦਾ ਰਹਿਣ ਵਾਲਾ ਸੀ।

ਦਮੋਦਰ ਨੂੰ ਇਹ ਮਾਣ ਹਾਸਲ ਹੈ ਕਿ ਉਹ ਪਹਿਲਾ ਕਵੀ ਹੈ, ਜਿਸ ਨੇ ਮੱਧਕਾਲੀ ਸਮਾਜ ਦੀਆਂ ਗੁੰਝਲਾਂ, ਕਮੀਆਂ, ਕੁਰੀਤੀਆਂ ਅਤੇ ਜਾਇਜ਼ ਨਾਜਾਇਜ਼ ਪ੍ਰੇਮ ਤੇ ਜਿਨਸੀ ਸਬੰਧਾਂ ਬਾਰੇ ਲਿਖਣ ਦੀ ਹਿੰਮਤ ਕੀਤੀ ਸੀ। ਉਸ ਦੇ ਕਿੱਸੇ ਦੁਆਰਾ ਪੰਜਾਬ ਦੇ ਉਸ ਸਮੇਂ ਦੇ ਸਮਾਜਿਕ, ਕਬੀਲਾਈ, ਰਾਜਨੀਤਿਕ ਅਤੇ ਗੁੰਝਲਦਾਰ ਪਰਿਵਾਰਿਕ ਬਣਤਰਾਂ ਬਾਰੇ ਗਿਆਨ ਹਾਸਲ ਹੁੰਦਾ ਹੈ। ਇਹ ਪੰਜਾਬ ਦਾ ਪਹਿਲਾ ਕਿੱਸਾ ਹੈ, ਜਿਸ ਵਿਚ ਇੱਕ ਮੁਟਿਆਰ ਨੂੰ ਆਪਣੇ ਮਾਪਿਆਂ ਅਤੇ ਪਤੀ ਦੇ ਖਿਲਾਫ ਬਗਾਵਤ ਕਰਦੇ ਹੋਏ ਵਿਖਾਇਆ ਗਿਆ ਹੈ। ਇਹ ਪੰਜਾਬੀ ਦਾ ਇਸ਼ਕ ਸਬੰਧੀ ਲਿਖਿਆ ਗਿਆ ਪਹਿਲਾ ਮਹਾਂ ਕਾਵਿ ਵੀ ਹੈ, ਜਿਸ ਨੇ ਸਦੀਆਂ ਤੱਕ ਪੰਜਾਬੀ, ਹਿੰਦੀ ਅਤੇ ਫਾਰਸੀ ਆਦਿ ਦੇ ਅਣਗਿਣਤ ਲਿਖਾਰੀਆਂ, ਕਵੀਆਂ ਅਤੇ ਸ਼ਾਇਰਾਂ ਨੂੰ ਸੇਧ ਅਤੇ ਪ੍ਰੇਰਣਾ ਦਿੱਤੀ ਹੈ। ਉਸ ਦੀ ਹੀਰ ਕਾਰਨ ਹੀ ਪੀਲੂ ਨੂੰ ਮਿਰਜ਼ਾ ਸਾਹਿਬਾਂ, ਹਾਸ਼ਮ ਸ਼ਾਹ ਨੂੰ ਸੋਹਣੀ ਮਾਹੀਵਾਲ, ਸ਼ੀਰੀ ਫਰਿਹਾਦ ਅਤੇ ਸੱਸੀ ਪੁੰਨੂ ਲਿਖਣ ਦੀ ਪ੍ਰੇਰਣਾ ਮਿਲੀ ਸੀ। ਮਕਬੂਲ, ਚਿਰਾਗ ਅਵਾਨ ਅਤੇ ਵਾਰਿਸ ਸ਼ਾਹ ਦੀ ਲਿਖੀ ਹੀਰ ਦਾ ਅੰਦਾਜ਼ ਅਤੇ ਸ਼ੈਲੀ ਭਾਵੇਂ ਵੱਖਰੀ ਹੈ, ਪਰ ਕਹਾਣੀ ਅਤੇ ਆਤਮਾ ਦਮੋਦਰ ਕ੍ਰਿਤ ਹੀਰ ਵਾਲੀ ਹੀ ਹੈ। ਉਨ੍ਹਾਂ ਨੇ ਆਪਣੇ ਸਮੇਂ ਅਤੇ ਸਮਾਜਿਕ ਹਾਲਾਤ ਦੇ ਮੁਤਾਬਕ ਇਸ ਵਿਚ ਕੁਝ ਜ਼ਰੂਰੀ ਤਬਦੀਲੀਆਂ ਕੀਤੀਆਂ ਹਨ।

ਇਸ ਕਿੱਸੇ ਦਾ ਸਭ ਤੋਂ ਦਿਲਚਸਪ ਪੱਖ ਇਹ ਹੈ ਕਿ ਇਸ ਵਿਚਲੇ ਸਭ ਤੋਂ ਪਹਿਲੇ ਪਾਤਰ, ਜਿਸ ਨੂੰ ਦਮੋਦਰ ਪੇਸ਼ ਕਰਦਾ ਹੈ, ਉਹ ਦਮੋਦਰ ਖੁਦ ਹੀ ਹੈ। ਉਹ ਇਹ ਦੱਸਦਾ ਹੈ ਕਿ ਕਿੱਸੇ ਦੀ ਹਰ ਘਟਨਾ ਉਸ ਦੀਆਂ ਅੱਖਾਂ ਸਾਹਮਣੇ ਵਾਪਰੀ ਹੈ, ਜਿਸ ਨੂੰ ਉਸ ਨੇ ਲਿਖ ਕੇ ਹੂ-ਬਹੂ ਸਰੋਤਿਆਂ ਸਾਹਮਣੇ ਪੇਸ਼ ਕੀਤਾ ਹੈ। ਕਿੱਸਾ ਪੜ੍ਹਨ ਵੇਲੇ ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਉਹ ਇਸ ਦੇ ਹਰ ਮਹੱਤਵਪੂਰਣ ਮੋੜ 'ਤੇ ਹਾਜ਼ਰ ਹੈ। ਇਸ ਤਰ੍ਹਾਂ ਉਹ ਕਿੱਸੇ ਦਾ ਅਨਿੱਖੜਵਾਂ ਅੰਗ ਬਣ ਜਾਂਦਾ ਹੈ। ਪਰ ਉਹ ਘਟਨਾਵਾਂ ਨੂੰ ਸਿਰਫ ਬਿਆਨ ਕਰਦਾ ਹੈ, ਕਿਤੇ ਵੀ ਇਨ੍ਹਾਂ ਵਿਚ ਦਖਲਅੰਦਾਜ਼ੀ ਨਹੀਂ ਕਰਦਾ। ਉਸ ਦੇ ਇਸ ਨਵੀਨ ਅਤੇ ਨਿਵੇਕਲੇ ਅੰਦਾਜ਼ ਨੇ ਸਦੀਆਂ ਤੱਕ ਸਰੋਤਿਆਂ ਅਤੇ ਵਿਦਵਾਨਾਂ ਨੂੰ ਇਸ ਭੰਬਲਭੂਸੇ ਵਿਚ ਪਾਈ ਰੱਖਿਆ ਕਿ ਸ਼ਾਇਦ ਇਹ ਕਿੱਸਾ ਦਮੋਦਰ ਦੇ ਸਮੇਂ ਵਿਚ ਹੀ ਵਾਪਰਿਆ ਸੀ। ਅਸਲ ਗੱਲ ਉਨ੍ਹਾਂ ਨੂੰ ਬਹੁਤ ਬਾਅਦ ਵਿਚ ਸਮਝ ਆਈ ਕਿ ਇਹ ਇੱਕ ਬਹੁਤ ਹੀ ਅਕਲਮੰਦ ਅਤੇ ਚਤੁਰ ਕਵੀ ਦੀ ਆਪਣੀ ਲਿਖਤ ਨੂੰ ਵਜ਼ਨ ਦੇਣ ਦੀ ਇੱਕ ਸ਼ੈਲੀ ਅਤੇ ਮੌਲਿਕ ਤੇ ਨਵੀਨ ਅੰਦਾਜ਼ ਹੈ। ਲੱਗਦਾ ਹੈ ਕਿ ਇਸ ਲਿਖਣ ਸ਼ੈਲੀ ਦੀ ਪ੍ਰੇਰਣਾ ਦਮੋਦਰ ਨੇ ਮਹਾਂਭਾਰਤ ਦੇ ਯੁੱਧ ਤੋਂ ਲਈ ਹੈ। ਮਹਾਂਭਾਰਤ ਵਿਚ ਜਿਵੇਂ ਸੰਜੇ ਆਪਣੀ ਦਿਵਯ ਦ੍ਰਿਸ਼ਟੀ ਨਾਲ ਧ੍ਰਿਤਰਾਸ਼ਟਰ ਨੂੰ ਜੰਗ ਦਾ ਸਾਰਾ ਹਾਲ ਸੁਣਾਉਂਦਾ ਹੈ, ਉਸੇ ਤਰ੍ਹਾਂ ਦਮੋਦਰ ਸਰੋਤਿਆਂ ਨੂੰ ਹੀਰ ਰਾਂਝੇ ਦੀ ਪ੍ਰੇਮ ਕਹਾਣੀ ਦਾ ਹਾਲ ਸੁਣਾਉਂਦਾ ਹੋਇਆ ਉਸ ਨਾਲ ਇੱਕ-ਮਿੱਕ ਹੋ ਜਾਂਦਾ ਹੈ। ਇਸ ਅਲੰਕਾਰ ਸ਼ੈਲੀ ਦੀ ਵਰਤੋਂ ਦਮੋਦਰ ਤੋਂ ਪਹਿਲਾਂ ਪੰਜਾਬੀ ਸਾਹਿਤ ਦੇ ਕਿਸੇ ਸਾਹਿਤਕਾਰ ਨੇ ਨਹੀਂ ਸੀ ਕੀਤੀ।

# ਬਾਬਾ ਗੁਰੂਨਾਨਕ ਯੂਨੀਵਰਸਿਟੀ ਸ਼ੁਅਬਾ ਪੰਜਾਬੀ ਦਾ ਪਹਿਲਾ ਕਹਾਣੀ ਦਰਬਾਰ

-ਡਾ. ਸੱਯਦ ਗ਼ਜ਼ਨਫ਼ਰ ਬੁਖ਼ਾਰੀ
ਉਸਤਾਦ ਸ਼ੁਅਬਾ ਪੰਜਾਬੀ
ਬਾਬਾ ਗੁਰੂ ਨਾਨਕ ਯੂਨੀਵਰਸਿਟੀ
ਨਨਕਾਣਾ ਸਾਹਿਬ
(Punjab Mail USA)












ਹੱਕੀ ਗੱਲ 'ਤੇ ਇਹ ਪਈ ਮਾਂ ਬੋਲੀ ਦੇ ਕੁੱਝ ਪੁੱਤਰ ਆਪਣੀ ਮਾਂ ਬੋਲੀ ਨਾਲ਼ ਅੰਤਾਂ ਦੀ ਪ੍ਰੀਤ ਕਰਨ ਵਾਲੇ ਨੇ। ਉਹ ਹੁੱਬੇ ਵੇਲ਼ੇ ਆਪਣੀ ਮਾਂ ਬੋਲੀ ਦਾ ਨਾਂ ਉੱਚਾ ਕਰਨ ਦੇ ਆਹਰ ਵਿਚ ਰੁੱਝੇ ਰਹਿੰਦੇ ਨੇ। ਇਸ ਵੇਲ਼ੇ ਪੰਜਾਬੀ ਬੋਲੀ ਤੋਂ ਦੂਰ ਵਾਲੇ ਭੈਣਾਂ-ਭਰਾਵਾਂ ਨੂੰ ਮਾਂ ਬੋਲੀ ਦੇ ਨੇੜੇ ਲਿਆਉਣ ਦਾ ਪ੍ਰਬੰਧ ਕਰਦੇ ਨੇ। ਹੱਕੀ ਗੱਲ 'ਤੇ ਇਹ ਪਈ ਸਾਡਾ ਆਪਣੀ ਮਾਂ ਬੋਲੀ ਨਾਲ਼ ਰਿਸ਼ਤਾ ਦਿਨੋਂ-ਦਿਨ ਮਾੜਾ ਹੁੰਦਾ ਜਾ ਰਿਹਾ ਏ। ਅਸੀਂ ਆਪਣੀ ਵਸੇਬ ਰਹਿਤਲ 'ਤੇ ਮਾਂ ਬੋਲੀ ਤੋਂ ਦੂਰ ਹੁੰਦੇ ਜਾ ਰਹੇ ਹਾਂ। ਇਸ ਤਰ੍ਹਾਂ ਦੇ ਹਾਲਾਤਾਂ ਵਿਚ ਮਾਂ ਬੋਲੀ ਦੇ ਪ੍ਰਚਾਰ ਲਈ ਪ੍ਰੋਗਰਾਮ ਕਰਨਾ ਲੋੜੀਂਦਾ ਏ, ਤਾਂ ਜੋ ਨਵੀਂ ਪੀੜ੍ਹੀ ਦਾ ਰਿਸ਼ਤਾ ਮਾਂ-ਬੋਲੀ ਨਾਲ਼ ਜੋੜਿਆ ਜਾ ਸਕੇ, ਤਾਂ ਜੋ ਮਰਨ ਲਾਗੇ ਅੱਪੜੇ ਅੱਖਰਾਂ ਨੂੰ ਵਰਤ ਕੇ ਮਾਂ ਬੋਲੀ ਨੂੰ ਜੀਵਤ ਰੱਖੀਏ।

ਵੈਂਟੀਲੇਟਰ ਉੱਪਰ ਪਏ ਪੰਜਾਬੀ ਦੇ ਅੱਖਰਾਂ ਨੂੰ ਲਾਹੁਣ ਲਈ ਹੀ ਇਕ ਉਚੇਚੇ ਪ੍ਰੋਗਰਾਮ ਦਾ ਉਪਰਾਲਾ ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੇ ਸ਼ੁਅਬਾ ਪੰਜਾਬੀ ਨੇ ਕੀਤਾ। ਯੂਨੀਵਰਸਿਟੀ ਵਿਚ ਕਹਾਣੀ ਦਰਬਾਰ ਦਾ ਪ੍ਰਬੰਧ ਕੀਤਾ ਗਿਆ, ਜਿਸ ਵਿਚ ਬੀ ਇਸ ਪੰਜਾਬੀ ਦੀ ਕਲਾਸ ਦੇ ਪੜ੍ਹਿਆਰਾਂ ਨੇ ਆਪਣੀਆਂ ਲਿਖੀਆਂ ਕਹਾਣੀਆਂ ਪੜ੍ਹ ਕੇ ਸੁਣਾਈਆਂ। ਬਾਬਾ ਗੁਰੂ ਨਾਨਕ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫ਼ੈਸਰ ਡਾਕਟਰ ਮੁਹੰਮਦ ਅਫ਼ਜ਼ਲ ਹੋਰਾਂ ਦੀ ਪ੍ਰਧਾਨਗੀ ਵਿਚ ਕਹਾਣੀ ਦਰਬਾਰ ਦਾ ਇਨਾਕਾਦ ਕੀਤਾ ਗਿਆ। (ਹਾਇਰ ਐਜੂਕੇਸ਼ਨ ਪੰਜਾਬ ਦੀ ਮੀਟਿੰਗ ਕਾਰਨ ਡਾਕਟਰ ਸਾਹਿਬ ਤਸ਼ਰੀਫ਼ ਲੈਗੇ।) ਜ਼ੂਆਲੋਜ਼ੀ ਡਿਪਾਰਟਮੈਂਟ ਦੀ ਹੈੱਡ ਡਾਕਟਰ ਮਰੀਅਮ ਇਕਬਾਲ ਅਤੇ ਫ਼ਾਇਨ ਆਰਟਸ ਸ਼ੁਅਬਾ ਦੀ ਹੈੱਡ ਸ਼ਾਹਨੀਲਾ ਮੈਮ ਨੇ ਪੰਜਾਬੀ ਕਹਾਣੀ ਦਰਬਾਰ 'ਚ ਉਚੇਚੀ ਰਲਤੀ ਕੀਤੀ। ਇਸ ਪੰਜਾਬੀ ਦੇ ਪੜ੍ਹਿਆਰ ਜਾ ਜ਼ਿਬਾ ਮੁਖ਼ਤਾਰ, ਜ਼ਿਸ਼ਾਨ ਅਲੀ, ਕਮਰ ਅੱਬਾਸ ਮੁਹੰਮਦ ਆਸਿਫ਼ ਸਹਿਰ ਬਸ਼ਾਰਤ ਨੇ ਆਪਣੀਆਂ ਲਿਖੀਆਂ ਕਹਾਣੀਆਂ ਪੜ੍ਹੀਆਂ। ਮੁਕਾਬਲੇ ਦੇ ਜੇਤੂ ਜ਼ਿਸ਼ਾਨ ਅਲੀ ਰਹੇ, ਜਿਨ੍ਹਾਂ ਨੇ ਮਸੀਤ ਦੇ ਸਿਰਨਾਵੇਂ ਹੇਠ ਲਿਖੀ ਕਹਾਣੀ ਪੜ੍ਹੀ, ਉਨ੍ਹਾਂ ਨੂੰ ਡਾਕਟਰ ਮਰੀਅਮ ਇਕਬਾਲ ਅਤੇ ਮੈਮ ਸ਼ਾਹਨੀਲਾ ਜੀ ਹੋਰਾਂ ਨੇ ਸ਼ੁਅਬਾ ਪੰਜਾਬੀ ਵੱਲੋਂ ਦਮੋਦਰ ਦਾਸ ਖੱਤਰੀ ਐਵਾਰਡ ਪ੍ਰਦਾਨ ਕੀਤਾ।

ਮੇਰੀ ਜਾਚੇ ਇਹ ਨਿੱਕਾ ਜਿਹਾ ਉਪਰਾਲਾ ਸਾਡੀ ਨਵੀਂ ਪੀੜ੍ਹੀ ਨੂੰ ਪੰਜਾਬੀ ਵੱਲ ਪ੍ਰੇਰਨ ਲਈ ਉਚੇਚਾ ਕਿਰਦਾਰ ਅਦਾ ਕਰੇਗਾ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਜਨਾਬ ਪ੍ਰੋਫ਼ੈਸਰ ਡਾਕਟਰ ਮੁਹੰਮਦ ਅਫ਼ਜ਼ਲ ਜੀ ਮਾਂ ਬੋਲੀ ਨਾਲ਼ ਪ੍ਰੀਤ ਕਰਨ ਵਾਲੀ ਹਸਤੀ ਨੇ। ਉਨ੍ਹਾਂ ਦਾ ਇਹ ਮੰਨਣਾ ਏ ਪਈ ਜੇ ਅਸੀਂ ਮਾਂ ਬੋਲੀ ਤੋਂ ਮੁੱਖ ਮੋੜਾਂਗੇ ਤੇ ਫ਼ਿਰ ਮਾਂ ਬੋਲੀ ਵੀ ਸਾਡੇ ਤੋਂ ਦੁਰਾਡੀ ਹੋ ਜਾਵੇਗੀ ਕਿਉਂ ਜੇ ਮਾਂ ਬੋਲੀ ਵਿਚ ਅੰਤਾਂ ਦੀ ਅਣਖ ਹੁੰਦੀ ਏ, ਉਹ ਆਪਣੀ ਮੌਤ ਮਰ ਜਾਏਗੀ ਪਰ ਸਾਡੇ ਅੱਗੇ ਤਰਲੇ-ਮਿੰਨਤਾਂ ਨਹੀਂ ਕਰੇਗੀ ਪਈ ਮੈਨੂੰ ਲਿਖੋ, ਮੈਨੂੰ ਵਰਤੋ। ਜਨਾਬ ਵਾਈਸ ਚਾਂਸਲਰ ਡਾਕਟਰ ਅਫ਼ਜ਼ਲ ਜੀ ਹੋਰਾਂ ਨੇ ਚੋਖੀ ਵਾਰੀ ਏਸ ਗੱਲ ਦਾ ਇਜ਼ਹਾਰ ਕੀਤਾ ਕਿ ਉਨ੍ਹਾਂ ਦੇ ਦਿਲ ਦੀ ਸੱਧਰ ਏ, ਪਈ ਲਫ਼ਜ਼ਾਂ ਨਾਲ਼ ਪੜ੍ਹਿਆਰਾਂ ਦਾ ਅੰਗ ਸਾਕ ਪੱਕਾ ਪੀਡਾ ਬਣਾਇਆ ਜਾਏ। ਉਹ ਲਿਖਣ ਅਤੇ ਪੜ੍ਹਨ ਦੇ ਆਹਰ ਵਿਚ ਖੁੱਭ ਕੇ (ਰਿਜਨ), ਤਾਂ ਜੋ ਸਾਡੀ ਮਾਂ ਬੋਲੀ ਦਾ ਸੁੰਝਾ ਵੇੜ੍ਹਾ ਫ਼ਿਰ ਇਕ ਵਾਰ ਆਬਾਦ ਹੋ ਸਕੇ। ਪ੍ਰੋਗਰਾਮ ਦੇ ਅਖ਼ੀਰ ਵਿਚ ਡਾਕਟਰ ਮਰੀਅਮ ਇਕਬਾਲ ਜੀ ਨੇ ਪੰਜਾਬੀ ਕਹਾਣੀ ਅਤੇ ਇਹਦੀ ਅਜੋਕੇ ਸਮੇਂ ਵਿਚ ਅਹਿਮੀਅਤ ਬਾਰੇ ਚਾਨਣ ਪਾਇਆ। ਏਸ ਤੋਂ ਅੱਡ ਉਨ੍ਹਾਂ ਨੇ ਪੰਜਾਬੀ ਬੋਲੀ ਦੇ ਵਧਾਅ ਲਈ ਪੜ੍ਹਿਆਰਾਂ ਨੂੰ ਸੁਝਾਅ ਦਿੱਤੇ। ਸ਼ੁਅਬਾ ਪੰਜਾਬੀ ਆਉਣ ਵਾਲੇ ਸਮੇਂ ਅੰਦਰ ਹੋਰ ਇਸਰਾਂ ਦੇ ਪ੍ਰੋਗਰਾਮ ਕਰਨ ਦਾ ਇਰਾਦਾ ਰੱਖਦਾ ਏ, ਜਿਸ ਵਿਚ ਜਗਤ ਪੱਧਰ ਦੇ ਕਹਾਣੀਕਾਰਾਂ ਨੂੰ ਰਲਤੀ ਦਾ ਸੱਦਾ ਦਿੱਤਾ ਜਾਵੇਗਾ।

# ਹਰਦੀਪ ਸਭਰਵਾਲ ਦਾ 'ਔਰ ਕਿਤਨੇ ਦੁਰਯੋਧਨ' ਸਮਾਜਿਕ ਸਰੋਕਾਰਾਂ ਦਾ ਕਾਵਿ ਸੰਗ੍ਰਹਿ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਹਰਦੀਪ ਸਭਰਵਾਲ ਬਹੁ-ਭਾਸ਼ੀ ਅਤੇ ਬਹੁ-ਪੱਖੀ ਸਾਹਿਤਕਾਰ ਹੈ। ਉਹ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਕਵਿਤਾਵਾਂ ਅਤੇ ਕਹਾਣੀਆਂ ਲਿਖਦਾ ਹੈ। ਚਰਚਾ ਅਧੀਨ ਉਸ ਦਾ ਹਿੰਦੀ ਕਾਵਿ ਸੰਗ੍ਰਹਿ 'ਔਰ ਕਿਤਨੇ ਦੁਰਯੋਧਨ' ਸੰਜੀਦਾ ਵਿਸ਼ਿਆਂ ਦੀ ਤਰਜਮਾਨੀ ਕਰਦਾ ਹੈ। ਇਸ ਕਾਵਿ ਸੰਗ੍ਰਹਿ ਵਿਚ ਉਸ ਦੀਆਂ 81 ਕਵਿਤਾਵਾਂ ਹਨ। ਉਸ ਦੀਆਂ ਬਹੁਤੀਆਂ ਕਵਿਤਾਵਾਂ ਸਮਾਜਿਕ ਤਾਣੇ ਵਿਚ ਫ਼ੈਲੀਆਂ ਬੁਰਾਈਆਂ ਦਾ ਖੰਡਨ ਕਰਦੀਆਂ ਹਨ। ਇਸ ਕਾਵਿ ਸੰਗ੍ਰਹਿ ਨੂੰ ਸਮਾਜਿਕ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਨ ਵਾਲਾ ਵੀ ਕਿਹਾ ਜਾ ਸਕਦਾ ਹੈ। ਹਰਦੀਪ ਸਭਰਵਾਲ ਦੀਆਂ ਕਵਿਤਾਵਾਂ ਦੇ ਵਿਸ਼ੇ ਵੀ ਬਹੁ-ਪਰਤੀ, ਬਹੁ-ਦਿਸ਼ਾਵੀ ਅਤੇ ਬਹੁਰੰਗੀ ਹਨ। ਉਹ ਇਕ ਕਵਿਤਾ ਵਿਚ ਹੀ ਅਨੇਕਾਂ ਵਿਸ਼ਿਆਂ ਨੂੰ ਛੋਹ ਜਾਂਦਾ ਹੈ। ਉਸ ਦਾ ਕਵਿਤਾਵਾਂ ਲਿਖਣ ਦਾ ਢੰਗ ਵੀ ਨਿਵੇਕਲਾ ਹੈ। ਕਈ ਵਾਰੀ ਉਹ ਸਿੱਧੀ ਸਪਾਟ ਟਕੋਰ ਮਾਰਦਾ ਹੈ ਅਤੇ ਕਈ ਵਾਰੀ ਵਿਅੰਗ ਕਰਦਾ ਹੈ। ਕਈ ਕਵਿਤਾਵਾਂ ਵਿਚ ਪਹਿਲਾਂ ਸੁਨਹਿਰੇ ਸਮੇਂ ਦੀ ਯਾਦ ਕਰਕੇ ਸ਼ਲਾਘਾ ਕਰਦਾ ਹੈ ਅਤੇ ਵਰਤਮਾਨ ਵਿਚ ਬੁਰੇ ਵਕਤ ਦੀ ਨਿੰਦਿਆ ਪ੍ਰਗਟ ਕਰਦਾ ਹੈ। ਉਸ ਦੀਆਂ ਬਹੁਤੀਆਂ ਕਵਿਤਾਵਾਂ ਸਮਾਜ ਵਿਚ ਵਾਪਰ ਰਹੀਆਂ ਵਿਸੰਗਤੀਆਂ ਬਾਰੇ ਹਨ। ਕਵੀ ਸਮਾਜ ਪ੍ਰਤੀ ਚਿੰਤਤ ਲੱਗਦਾ ਹੈ, ਜਦੋਂ ਉਹ ਪ੍ਰੇਮੀਆਂ ਵਲੋਂ ਪ੍ਰੇਮ ਸੰਬੰਧਾਂ ਦੀ ਆੜ ਵਿੱਚ ਕੀਤੀਆਂ ਜਾਂਦੀਆਂ ਗ਼ਲਤ ਕਾਰਵਾਈਆਂ ਬਾਰੇ ਚਿੰਤਾ ਪ੍ਰਗਟ ਕਰਦਾ ਹੈ। ਉਸ ਦਾ ਸੰਗ੍ਰਹਿ ਪੜ੍ਹਨ ਤੋਂ ਬਾਅਦ ਜੋ ਪ੍ਰਭਾਵ ਪੈਂਦੇ ਹਨ, ਉਹ ਇਸ ਪ੍ਰਕਾਰ ਹਨ: ਕਵੀ ਮਹਿਸੂਸ ਕਰਦਾ ਹੈ ਕਿ ਜਾਨਵਰ ਜੰਗਲਾਂ ਵਿਚ ਹੀ ਨਹੀਂ, ਸਗੋਂ ਸਮਾਜ ਵਿਚ ਵਿਚਰ ਰਹੇ ਲੋਕ ਜਾਨਵਰਾਂ ਨਾਲੋਂ ਵੀ ਵੱਧ ਖ਼ਤਰਨਾਕ ਹਨ। ਸ਼ਾਵਾ ਵਾਹਵਾ ਖੱਟਣ ਲਈ ਲੋਕ ਲੰਗਰ ਵੰਡ ਕੇ ਅਖ਼ਬਾਰਾਂ ਵਿਚ ਫੋਟੋਆਂ ਪ੍ਰਕਾਸ਼ਤ ਕਰਵਾਉਣ ਲਈ ਉਤਾਵਲੇ ਹੁੰਦੇ ਹਨ। ਬੇਰੋਜ਼ਗਾਰੀ ਵੀ ਉਸ ਦੀਆਂ ਕਵਿਤਾਵਾਂ ਦਾ ਵਿਸ਼ਾ ਹੈ। ਪੜ੍ਹੇ-ਲਿਖੇ ਨੌਜਵਾਨ ਬੇਰੋਜ਼ਗਾਰ ਫਿਰਦੇ ਹਨ ਜਾਂ ਫਿਰ ਟਰੱਕਾਂ ਦੀ ਡਰਾਇਵਰੀ ਕਰਦੇ ਹੋਏ ਆਪਣੀ ਮਾਨਸਿਕ ਤ੍ਰਿਪਤੀ ਲਈ ਅਜੀਬ ਕਿਸਮ ਦੇ ਸਲੋਗਨ ਲਿਖ ਕੇ ਕਰਦੇ ਹਨ। ਇਸਤਰੀਆਂ ਗੱਲਾਂ ਕੁਝ ਹੋਰ ਕਰਦੀਆਂ ਹਨ ਪਰੰਤੂ ਅਮਲੀ ਤੌਰ 'ਤੇ ਲੜਕੀ ਤੇ ਨੂੰਹ ਨੂੰ ਬਰਾਬਰ ਨਹੀਂ ਸਮਝਦੀਆਂ, ਸਗੋਂ ਦਾਜ ਲੈਣ ਵਿਚ ਮੋਹਰੀ ਹੁੰਦੀਆਂ ਹਨ, ਭਾਵ ਮਖੌਟੇ ਪਾਈ ਫਿਰਦੀਆਂ ਹਨ। ਸੋਸ਼ਲ ਮੀਡੀਆ ਦੀ ਦੁਰਵਰਤੋਂ ਬਾਰੇ ਕਵੀ ਲਿਖਦਾ ਹੈ ਕਿ ਲੋਕਾਂ ਦੀ ਮਾਨਸਿਕਤਾ ਘਸੀ ਪਿਟੀ ਹੀ ਹੈ, ਪਹਿਲਾਂ ਪਖਾਨਿਆਂ ਦੀਆਂ ਦੀਵਾਰਾਂ 'ਤੇ ਅਸ਼ਲੀਲ ਗੱਲਾਂ ਲਿਖਦੇ ਸੀ, ਹੁਣ ਸੋਸ਼ਲ ਮੀਡੀਆ 'ਤੇ ਲਿਖਦੇ ਹਨ। ਗ਼ਰੀਬ 'ਤੇ ਕੋਈ ਇਤਬਾਰ






ਨਹੀਂ ਕਰਦਾ ਪਰੰਤੂ ਅਮੀਰ ਧੋਖਾ ਸੌਖਿਆਂ ਹੀ ਦੇ ਜਾਂਦਾ ਹੈ। ਹਰ ਇਨਸਾਨ ਵਿਚ ਕਾਬਲੀਅਤ ਹੁੰਦੀ ਹੈ ਪਰੰਤੂ ਉਸ ਨੂੰ ਟਟੋਲਣਾ ਪੈਂਦਾ ਹੈ। 1947 ਅਤੇ 1984 ਦਾ ਕਤਲੇਆਮ ਮਾਨਵੀ ਫ਼ਿਰਕਾਪ੍ਰਸਤੀ ਦਾ ਕਰੂਰ ਤੇ ਦਰਦਨਾਕ ਪ੍ਰਗਟਾਵਾ ਸੀ। ਕੋਈ ਧਰਮ ਹਿੰਸਾ ਦੀ ਇਜਾਜ਼ਤ ਨਹੀਂ ਦਿੰਦਾ। ਸੌੜੀ ਰਾਜਨੀਤੀ ਨੇ ਮਾਨਵਤਾ ਦਾ ਘਾਣ ਕੀਤਾ ਹੈ। ਜਾਤ ਕੋਈ ਬੁਰੀ ਨਹੀਂ ਹੁੰਦੀ ਪਰੰਤੂ ਸੋਚ ਮਾੜੀ ਹੋ ਸਕਦੀ ਹੈ। ਸਮਾਜ ਮਰਦ ਪ੍ਰਧਾਨ ਹੈ, ਘਰਾਂ ਦੇ ਬਾਹਰ ਲੱਗੀਆਂ ਨੇਮ ਪਲੇਟਾਂ ਉਨ੍ਹਾਂ ਦੀ ਔਕਾਤ ਦਾ ਪ੍ਰਗਟਾਵਾ ਕਰਦੀਆਂ ਹਨ। ਉਸ ਦੀ ਕਵਿਤਾ ਗ਼ਰੀਬਾਂ ਦੀ ਤਰਜਮਾਨੀ ਕਰਦੀ ਹੈ ਕਿ ਉਹ ਗ਼ਰੀਬ ਕਾਲੋਨੀਆਂ ਵਿਚ ਰਹਿੰਦੇ ਹੋਏ ਮਾਨਸਿਕ ਤੌਰ 'ਤੇ ਵੀ ਗ਼ਰੀਬ ਹੋ ਜਾਂਦੇ ਹਨ। ਆਪਣੀ ਸਿਹਤ ਦਾ ਆਪ ਨੁਕਸਾਨ ਕਰਦੇ ਹਨ। ਇਕ ਕਵਿਤਾ ਵਿਚ ਕਵੀ ਲਿਖਦਾ ਹੈ ਕਿ ਜਦੋਂ ਕੋਈ ਘਟਨਾ ਹੁੰਦੀ ਹੈ, ਮੌਕੇ 'ਤੇ ਮੀਡੀਆ ਅਤੇ ਨੇਤਾ ਪਹੁੰਚਦੇ ਹਨ, ਮੁਆਵਜ਼ੇ ਵੰਡੇ ਜਾਂਦੇ ਹਨ, ਇਨ੍ਹਾਂ ਖ਼ਬਰਾਂ ਦੇ ਬਹਾਨੇ ਗ਼ਲਤੀਆਂ ਦਬਾ ਲਈ ਜਾਂਦੀਆਂ ਹਨ। ਕਵੀ ਲਿਖਦਾ ਹੈ ਕਿ ਗ਼ਰੀਬ ਲੜਕੀਆਂ ਦੇ ਸਪਨੇ ਹਸੀਨ ਰਾਜਕੁਮਾਰ ਪਾਉਣ ਦੇ ਨਹੀਂ, ਸਗੋਂ ਰੋਟੀ, ਕੱਪੜਾ ਅਤੇ ਮਕਾਨ ਦੀ ਪ੍ਰਾਪਤੀ ਹੁੰਦੇ ਹਨ। ਸਮਾਜ ਦੀ ਮਾੜੀ ਪ੍ਰਣਾਲੀ, ਕਿਡਨੀ ਤੇ ਬੱਚਾ ਚੋਰ, ਇਨਸਾਫ ਦੀਆਂ ਕੁਰੀਤੀਆਂ ਦੇ ਬਾਵਜੂਦ ਵਿਸ਼ਵ ਗੁਰੂ ਬਣਨ ਲਈ ਤਿਆਰ ਤੇ ਵਿਅੰਗ। 'ਇਸ਼ਕ ਔਰ ਰੋਟੀ' ਕਵਿਤਾ ਵਿਚ ਅਮੀਰ ਆਨੰਦ ਮਾਣਦੇ ਹਨ ਅਤੇ ਗ਼ਰੀਬ ਰੋਜ਼ੀ-ਰੋਟੀ ਨੂੰ ਤਰਸਦੇ ਹਨ। ਸ਼ਾਇਰ ਬੜੇ ਸੰਜੀਦਾ ਵਿਸ਼ਿਆਂ ਬਾਰੇ ਲਿਖਦਾ ਹੈ, ਜਿਵੇਂ ਜਾਨਵਰਾਂ ਦੀ ਨਕਲ ਇਨਸਾਨ ਕਰਦੇ ਹਨ। ਇਨਸਾਨ ਜਵਾਨੀ ਵਿਚ ਬੜੇ ਦਮਗਜ਼ੇ ਮਾਰਦਾ ਹੈ ਪਰੰਤੂ ਪ੍ਰਣਾਲੀ ਵਿਚ ਆਉਂਦਿਆਂ ਹੀ ਅਹੁਦੇ ਪ੍ਰਾਪਤ ਕਰਕੇ ਸਭ ਭੁੱਲ ਜਾਂਦਾ ਹੈ। ਕਵੀ ਜ਼ਾਤ-ਪਾਤ ਅਤੇ ਦੇਸ਼ ਧਰੋਹੀ ਦੇ ਇਲਜ਼ਾਮਾਂ ਦੇ ਵਿਰੁੱਧ, ਸਹੀ ਨੁਮਾਇੰਦੇ ਚੁਣਨ, ਧਰਮ ਨਿਰਪੱਖਤਾ ਦੇ ਲੇਬਲ, ਘੱਟ ਗਿਣਤੀਆਂ 'ਤੇ ਜ਼ੁਲਮ, ਬਹੁ ਸੰਖਿਅਕਾਂ ਦੀ ਮਨਮਰਜ਼ੀ ਬਾਰੇ ਵਿਅੰਗਾਤਮਕ ਢੰਗ ਨਾਲ ਲਿਖਦਾ ਹੈ। ਉਹ ਇਹ ਵੀ ਕਹਿੰਦਾ ਹੈ ਕਿ ਲੋਕ ਜ਼ਿਆਦਤੀਆਂ ਚੁੱਪ ਕਰਕੇ ਸਹਿਣ ਦੇ ਆਦੀ ਬਣ ਗਏ ਹਨ। ਤਾਕਤ, ਹੁਸਨ ਅਤੇ ਦੌਲਤ ਵਾਲੇ ਦਾ ਜ਼ਮਾਨਾ ਹੈ। ਇਨਸਾਨ ਸਮੱਸਿਆਵਾਂ ਤੇ ਉਲਝਣਾਂ ਵਿਚ ਰੁਲਿਆ ਪਿਆ ਹੈ। ਗ਼ਰੀਬ ਨੂੰ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ 'ਤੇ ਅਮਲ ਕਰਨ ਅਤੇ ਅਧਿਆਤਮਕ ਤਲਾਸ਼ ਕਰਨ ਲਈ ਕਿਹਾ ਜਾਂਦਾ ਹੈ। ਸੱਭਿਅਕ ਲੋਕ ਹੀ ਅਸੱਭਿਅਕ ਕੰਮ ਕਰਦੇ ਹਨ। ਝੂਠ ਬੋਲਣ ਵਾਲੇ ਵਿਖਾਵਾ ਸੱਚਾਈ ਦਾ ਕਰਦੇ ਹਨ। ਦੁਕਾਨਦਾਰੀ ਦੇ ਸਾਰੇ ਪੁਰਾਣੇ ਢੰਗ ਬਦਲ ਗਏ ਹਨ। ਮਰਦ ਔਰਤ ਨੂੰ ਹੀਣ ਤੇ ਕਮਜ਼ੋਰ ਸਮਝਦਾ ਰਿਹਾ ਹੈ, ਭਾਵੇਂ ਔਰਤ ਦੇ ਸੁਪਨੇ ਰਾਣੀ ਝਾਂਸੀ ਬਣਨ ਦੇ ਨਹੀਂ ਪਰੰਤੂ ਫਿਰ ਵੀ ਪਰਿਵਾਰ ਤਾਂ ਪਾਲਦੀ ਰਹੀ ਹੈ। ਮਰਦ ਔਰਤ ਦੀ ਗੱਲ ਨਹੀਂ, ਚੰਗਾ ਇਨਸਾਨ ਬਣਨਾ ਜ਼ਰੂਰੀ ਹੈ। ਕ੍ਰਾਂਤੀ ਬਿਹਤਰੀਨ ਹਾਲਾਤ ਪੈਦਾ ਕਰਦੀ ਹੈ। ਪਿਆਰ ਅਨੇਕਾਂ ਰੰਗਾਂ ਵਿਚ ਬਦਲ ਗਿਆ ਹੈ। ਇਕ ਕਿਸਮ ਨਾਲ ਪਿਆਰ ਦੀ ਪਰਿਭਾਸ਼ਾ ਹੀ ਬਦਲ ਗਈ ਹੈ। ਇਨਸਾਨ ਦੀਆਂ ਸੂਖਮ ਭਾਵਨਾਵਾਂ ਦੇ ਖ਼ਤਮ ਹੋਣ ਨਾਲ ਇਨਸਾਨ ਮਾਨਸਿਕ ਤੌਰ 'ਤੇ ਮਰ ਜਾਂਦਾ ਹੈ। ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੀ ਪੜ੍ਹਾਈ ਦਾ ਅੰਤਰ ਬਹੁਤ ਜ਼ਿਆਦਾ ਹੈ। ਗ਼ਰੀਬ ਲੋਕ ਸਰਕਾਰੀ ਸਕੂਲਾਂ ਵਿਚ ਪੜ੍ਹਕੇ ਵੀ ਪ੍ਰਾਪਤੀਆਂ ਕਰ ਜਾਂਦੇ ਹਨ। ਅਸਮਾਜਿਕਤਾ 'ਤੇ ਚਿੰਤਾ ਕਰਨ ਦੀ ਥਾਂ ਅਮਲੀ ਰੂਪ ਵਿਚ ਕੰਮ ਕਰੋ। ਸਮੱਸਿਆਵਾਂ ਦੇ ਹੁੰਦਿਆਂ ਮੁਸਕਰਾਹਟ ਦੇ ਕੇ ਵਕਤ ਲੰਘਾ ਰਹੇ ਹਨ ਲੋਕ। ਔਰਤ ਬਾਰੇ ਲੋਕਾਂ ਦੇ ਦ੍ਰਿਸ਼ਟੀਕੋਣ, ਰਿਸ਼ਤਿਆਂ ਦੀ ਮ੍ਰਿਗ ਤ੍ਰਿਸ਼ਣਾ, ਸੁਪਨਿਆਂ ਦੇ ਗ਼ਰੀਬੀ ਹੇਠ ਦੱਬ ਜਾਣ, ਕਵਿਤਾਵਾਂ ਰੋਜ਼ਗਾਰ ਨਹੀਂ, ਰਾਸ਼ਟਰੀ ਸੋਚ ਤੋਂ ਪਰਿਵਾਰਵਾਦ ਭਾਰੂ, ਅਖੌਤੀ ਬੁੱਧੀਜੀਵੀਆਂ ਦਾ ਖੋਖਲਾਪਣ ਅਤੇ ਸਮਾਜਿਕ ਬੁਰਾਈਆਂ ਬਾਰੇ ਕਵਿਤਾਵਾਂ ਇਨਸਾਨੀਅਤ ਨੂੰ ਕੁਰੇਦਦੀਆਂ ਹਨ। 'ਔਰ ਕਿਤਨੇ ਦੁਰਯੋਧਨ' ਬਹੁਤ ਹੀ ਸੰਜੀਦਾ ਕਵਿਤਾ ਹੈ, ਜਿਸ ਵਿਚ ਵਰਤਮਾਨ ਨਿੱਜੀ ਹਿੱਤਾਂ ਦੀ ਪੂਰਤੀ ਲਈ ਅਨੇਕ ਧਿਰਧਿਰਾਸ਼ਟਰ ਪੈਦਾ ਹੋ ਚੁੱਕੇ ਹਨ ਅਤੇ ਕ੍ਰਿਸ਼ਨ ਜੀ ਦੀ ਆਮਦ ਦੀ ਉਡੀਕ ਕਰ ਰਹੇ ਹਨ। ਵਿਚਾਰਧਾਰਾ ਦੀਆਂ ਦੀਵਾਰਾਂ ਅਤੇ ਅੱਗ, ਇਨਸਾਨੀ ਮਾਨਸਿਕਤਾ ਦਾ ਉਤਰਾਅ ਚੜ੍ਹਾਅ, ਇੱਛਾਵਾਂ, ਇਮਾਨਦਾਰ ਹੋ ਕੇ ਦੁਸ਼ਮਣ ਪੈਦਾ ਕਰਨ ਅਤੇ ਅਸਲੀਅਤ ਤੋਂ ਮੁਨਕਰ ਹੋਣ ਬਾਰੇ ਵੀ ਕਮਾਲ ਦੀਆਂ ਕਵਿਤਾਵਾਂ ਲਿਖੀਆਂ ਹਨ।

ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਕਵਿਤਾਵਾਂ ਉਸ ਦੀ ਪਹਿਲੀ ਕਵਿਤਾ 'ਨਿੱਛ' ਜਿਸ ਨੂੰ ਛਿੱਕ ਵੀ ਕਿਹਾ ਜਾਂਦਾ ਹੈ, ਪੰਜਾਬੀਆਂ ਵਿਚ ਵਹਿਮਾਂ-ਭਰਮਾਂ ਦੀ ਪ੍ਰਵਿਤੀ ਦਾ ਪ੍ਰਗਟਾਵਾ ਕਰਦੀ ਹੈ ਕਿ ਨਿੱਛ ਆਉਂਦੀ ਤਾਂ ਨੱਕ 'ਤੇ ਕਿਸੇ ਵਾਤਾਵਰਨ ਦੇ ਪ੍ਰਭਾਵ ਕਰਕੇ ਹੈ ਪਰੰਤੂ ਪੰਜਾਬੀ ਇਸ ਨੂੰ ਵਹਿਮਾਂ-ਭਰਮਾਂ ਨਾਲ ਜੋੜ ਲੈਂਦੇ ਹਨ। ਏਸੇ ਤਰ੍ਹਾਂ 'ਅਸ਼ਲੀਲ ਕਵਿਤਾ' ਵਿਚ ਇਨਸਾਨ ਦੀ ਨੰਗੇਜ਼ ਬਾਰੇ ਸੋਚ ਨੂੰ ਕਵਿਤਾ ਦੀ ਨੰਗੇਜ਼ਤਾ ਨਾਲ ਜੋੜ ਕੇ ਦੱਸਿਆ ਗਿਆ ਕਿਉਂਕਿ ਕਵਿਤਾ ਵੀ ਮਨੁੱਖ ਦੇ ਮਨ ਦੀ ਸੋਚ ਦਾ ਹੀ ਪ੍ਰਮਾਣ ਹੁੰਦੀ ਹੈ। ਉਨ੍ਹਾਂ ਇਸ ਕਵਿਤਾ ਵਿਚ ਕਈ ਵਿਸ਼ੇ ਲਏ ਗਏ ਹਨ, ਜਿਨ੍ਹਾਂ ਵਿਚ ਗ਼ਰੀਬੀ, ਅਨਿਆਏ, ਭਰਿਸ਼ਟਾਚਾਰ, ਲਿੰਗ ਭੇਦ, ਕ੍ਰਾਂਤੀ, ਲਾਚਾਰੀ, ਜ਼ਾਤ-ਪਾਤ ਆਦਿ। ਇਸੇ ਤਰ੍ਹਾਂ 'ਅਜ਼ੀਬ ਬਾਤ' ਕਵਿਤਾ ਵਿਚ ਵੀ ਅੱਤਵਾਦ, ਪੁਲਿਸ ਦਾ ਕੰਮ ਕਰਨ ਦਾ ਢੰਗ, ਬੇਰੋਜ਼ਗਾਰੀ, ਆਤਮ ਹੱਤਿਆਵਾਂ ਅਤੇ ਨਸ਼ੇ ਆਦਿ ਦੇ ਦੁਰਪ੍ਰਭਾਵਾਂ ਬਾਰੇ ਲਿਖਿਆ ਹੈ। 'ਸ਼ਤਰੰਜ ਦੀ ਬਿਸਾਤ' ਕਵਿਤਾ ਵਿਚ ਰਾਜਿਆਂ-ਰਾਣੀਆਂ ਦੇ ਪਿਆਦਿਆਂ ਅਤੇ ਸਰਹੱਦਾਂ 'ਤੇ ਦੇਸ਼ ਦੀ ਰਾਖੀ ਕਰਨ ਵਾਲੇ ਜਵਾਨਾਂ ਦੇ ਫਰਜ਼ਾਂ ਬਾਰੇ ਵਿਅੰਗ ਕੀਤਾ ਗਿਆ ਹੈ। 'ਭਰੀ ਸਭਾ ਮੇਂ' ਕਵਿਤਾ ਵਿਚ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਵੀ ਨੇ ਲਿਖਿਆ ਹੈ ਕਿ ਜਦੋਂ ਜ਼ਿਆਦਤੀਆਂ ਹੁੰਦੀਆਂ ਹਨ, ਜਿਵੇਂ ਦਰੋਪਦੀ ਦਾ ਚੀਰ ਹਰਨ, ਸੀਤਾ ਨੂੰ ਬਨਵਾਸ, ਸ੍ਰੀ ਗੁਰੂ ਤੇਗ ਬਹਾਦਰ ਦੀ ਕੁਰਬਾਨੀ, ਗਾਂਧੀ ਨੂੰ ਅਫ਼ਰੀਕਾ ਵਿਚੋਂ ਕੱਢਣਾ, ਭਗਤ ਸਿੰਘ ਨੂੰ ਫਾਂਸੀ ਆਦਿ ਤਾਂ ਰਾਜਿਆਂ ਦੇ ਰਾਜ ਕਰਕੇ ਕਿਸੇ ਨੇ ਵਿਰੋਧ ਨਹੀਂ ਕੀਤਾ ਪਰੰਤੂ ਹੁਣ ਪਰਜਾਤੰਤਰ ਵਿਚ ਵੀ ਜ਼ਿਆਦਤੀਆਂ ਹਨ, ਤਾਂ ਵੀ ਕੋਈ ਬੋਲ ਨਹੀਂ ਰਿਹਾ। 'ਮੱਧ ਵਰਗ ਦੀਆਂ ਔਰਤਾਂ' ਕਵਿਤਾ ਵਿਚ ਅਮੀਰ ਅਤੇ ਮੱਧ ਵਰਗ ਦੀਆਂ ਔਰਤਾਂ ਦੀ ਜ਼ਿੰਦਗੀ ਦੇ ਅੰਤਰ ਦਾ ਪ੍ਰਗਟਾਵਾ ਕਰਦੀ ਹੈ। ਮੱਧ ਵਰਗ ਦੀਆਂ ਔਰਤਾਂ ਜੀਵਨ ਨਿਰਵਾਹ ਤੱਕ ਸੀਮਤ ਹਨ। 'ਸਮਾਨਾਰਥਿਕ' ਕਵਿਤਾ ਵਿਚ ਸਮਾਂ ਇਕੋ ਜਿਹਾ ਨਹੀਂ ਰਹਿੰਦਾ। 'ਅਪਾਹਜ' ਕਵਿਤਾ ਦਾ ਅਰਥ ਹੈ ਕਿ ਮੁਫਤਖੋਰੀ ਬੰਦ ਕਰਕੇ ਲੋਕਾਂ ਨੂੰ ਕੰਮ ਦਿੱਤਾ ਜਾਵੇ। 'ਅਨੁਤੀਰਣ ਪ੍ਰੇਮ' ਵੀ ਵਿਅੰਗਾਤਮਕ ਕਵਿਤਾ ਹੈ, ਜਿਸ ਵਿਚ ਪ੍ਰੇਮ ਦੀ ਦੁਰਵਰਤੋਂ ਦਾ ਪ੍ਰਗਟਾਵਾ ਹੈ। ਕਵੀ ਲਿਖਦਾ ਹੈ ਕਿ ਸੱਚਾਈ ਦਾ ਢੋਂਗ ਰਚਣ ਵਾਲੇ ਜਿੱਤ ਜਾਂਦੇ ਹਨ। ਸੱਚੇ ਲੋਕਾਂ ਨੂੰ ਹਮੇਸ਼ਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭ੍ਰਿਸ਼ਟਾਚਾਰ, ਮਹਿੰਗਾਈ ਬੇਰੋਜ਼ਗਾਰੀ ਕਰਕੇ ਇਨਸਾਫ ਦੀ ਉਮੀਦ ਖ਼ਤਮ ਹੁੰਦੀ ਦਿਖਾਈ ਦਿੰਦੀ ਹੈ, ਜਦੋਂ ਹਰਿਆਣਾ ਵਿਚ ਪੱਤਰਕਾਰ ਦੀ ਮੌਤ ਦਾ ਇਨਸਾਫ ਲੈਣ ਲਈ ਬੈਠੀਆਂ ਔਰਤਾਂ 'ਤੇ ਲਾਠੀਆਂ ਬਰਸਦੀਆਂ ਹਨ। ਲੋਕਾਂ ਦੀ ਜ਼ਮੀਰ ਮਰ ਗਈ ਹੈ। ਲੋਕਾਂ ਦੀ ਆਵਾਜ਼ ਸਰਕਾਰ ਤੱਕ ਪਹੁੰਚਾਉਣ ਵਾਲੇ ਪੱਤਰਕਾਰ ਬੇਈਮਾਨ ਹੋ ਗਏ ਹਨ। ਲੋਕਤੰਤਰ ਵਿਚ ਲੁਟੇਰਿਆਂ ਦਾ ਬੋਲਬਾਲਾ ਹੈ। ਨਫ਼ਰਤ ਫ਼ੈਲਾਈ ਜਾ ਰਹੀ ਹੈ। ਬਲਾਤਕਾਰੀ ਇਨਸਾਨੀਅਤ ਦਾ ਘਾਣ ਕਰ ਰਹੇ ਹਨ। ਕਵੀ ਦਾ ਭਵਿੱਖ ਸੁਨਹਿਰੀ ਲੱਗਦਾ ਹੈ।

118 ਪੰਨਿਆਂ, 300 ਰੁਪਏ ਕੀਮਤ ਵਾਲਾ ਕਾਵਿ ਸੰਗ੍ਰਹਿ ਸ਼ਬਦ ਆਹੂਤੀ ਪਬਲੀਕੇਸ਼ਨ ਨਵੀਂ ਦਿੱਲੀ ਨੇ ਪ੍ਰਕਾਸ਼ਤ ਕੀਤਾ ਹੈ।

# ਪੁਸਤਕ ਪੜਚੋਲ : ਰਿਸ਼ਤਿਆਂ 'ਚੋਂ ਨਿੱਘ ਭਾਲਦੀ ਪੁਸਤਕ 'ਰਿਸ਼ਤਿਆਂ ਦਾ ਨਿੱਘ'

ਤੇਜਿੰਦਰ ਚੰਡਿਹੋਕ
ਰਿਟਾ. ਏ.ਐੱਸ.ਪੀ.- ਬਰਨਾਲਾ
ਸੰਪਰਕ ਨੰ: 95010-00224
(Punjab Mail USA)






ਪੁਸਤਕ ਦਾ ਨਾਂ : ਰਿਸ਼ਤਿਆਂ ਦਾ ਨਿੱਘ
ਲੇਖਕ: ਪੁਨੀਤ ਗੁਪਤਾ
ਕੀਮਤ : 150/- ਰੁਪਏ
ਪੰਨੇ : 80
ਪ੍ਰਕਾਸ਼ਕ: ਤਾਲਿਫ਼ ਪ੍ਰਕਾਸ਼ਨ- ਬਰਨਾਲਾ।

'ਰਿਸ਼ਤਿਆਂ ਦਾ ਨਿੱਘ' ਪੁਨੀਤ ਗੁਪਤਾ ਦਾ ਪਲੇਠਾ ਮਿੰਨੀ ਕਹਾਣੀ ਸੰਗ੍ਰਹਿ ਹੈ। ਇਸ ਪੁਸਤਕ ਨਾਲ ਹੀ ਉਸਨੇ ਪੰਜਾਬੀ ਸਾਹਿਤ ਜਗਤ ਵਿਚ ਪ੍ਰਵੇਸ਼ ਕੀਤਾ ਹੈ। ਪੁਸਤਕ ਵਿਚ ਵੱਖ-ਵੱਖ ਪਹਿਲੂਆਂ ਨੂੰ ਲੈ ਕੇ ਕਹਾਣੀ 'ਨਿੱਘ' ਤੋਂ 'ਕੁਬੇਰ ਦਾ ਖ਼ਜ਼ਾਨਾ' ਤੱਕ 56 ਕਹਾਣੀਆਂ ਨੂੰ ਸੰਕਲਨ ਕੀਤਾ ਗਿਆ ਹੈ। ਆਪਣੇ ਮਾਤਾ-ਪਿਤਾ ਨੂੰ ਸਮਰਪਿਤ ਪੁਸਤਕ ਲੇਖਕਾ ਨੇ ਪਾਠਕਾਂ ਸਾਹਮਣੇ ਆਪਣੇ ਵਿਚਾਰ ਵਿਅਕਤ ਕਰਦਿਆਂ ਲਿਆਂਦੀ ਹੈ। ਉਹ ਆਪਣੀ ਮਾਂ ਨੂੰ ਲੇਖਣੀ ਦਾ ਪ੍ਰੇਰਨਾ ਸਰੋਤ ਮੰਨਦੀ ਹੈ। ਤੇਜਾ ਸਿੰਘ ਤਿਲਕ ਹੁਰਾਂ ਇਸ ਪੁਸਤਕ ਦੇ ਵਿਸ਼ੇ ਅਤੇ ਕਲਾ ਬਾਰੇ ਆਪਣੇ ਵਿਚਾਰ ਵੀ ਰੱਖੇ ਹਨ।

ਪੁਸਤਕ ਵਿਚ ਪ੍ਰਵਾਸ- ਮਤਰੇਈ ਮਾਂ ਦਾ ਦੁੱਖ- ਰਿਸ਼ਤਿਆਂ ਵਿਚਲੀ ਕੜਵਾਹਟ- ਸ਼ਰਾਬ ਵਰਗੀ ਮਾੜੀ ਆਦਤ- ਜਾਤ-ਪਾਤ ਦੀ ਸਮੱਸਿਆ- ਧੀਆਂ ਦੀ ਪੈਦਾਇਸ਼ ਸਬੰਧੀ ਨਕਾਰਾਤਮਕ ਸੋਚ- ਹਰ ਚੀਜ਼ ਮੁਫ਼ਤ ਪ੍ਰਾਪਤ ਕਰਨੀ- ਪੰਜਾਬ ਦੇ ਵਿਗੜਦੇ ਹਾਲਾਤ- ਬਜ਼ੁਰਗਾਂ ਦੀ ਦੁਰਦਸ਼ਾ ਅਤੇ ਅਮੀਰੀ- ਗ਼ਰੀਬੀ ਦਾ ਫ਼ਰਕ ਵਰਗੀਆਂ ਉਣਤਾਈਆਂ ਲੈ ਕੇ ਲਿਖੀਆਂ ਗਈਆਂ ਕਹਾਣੀਆਂ ਹਨ। ਬਹੁਤ ਡੂੰਘੇ ਅਰਥਾਂ ਨੂੰ ਪੇਸ਼ ਕਰਦੀਆਂ ਹਨ ਇਹ ਮਿੰਨੀ ਕਹਾਣੀਆਂ।

ਪੁਸਤਕ ਦੀ ਪਹਿਲੀ ਕਹਾਣੀ 'ਨਿੱਘ' ਤੋਂ ਹੀ 'ਰਿਸ਼ਤਿਆਂ ਦਾ ਨਿੱਘ' ਦਾ ਅਹਿਸਾਸ ਹੋਣ ਲੱਗਦਾ ਹੈ, ਜਦੋਂ ਮੀਤੋ ਤਾਈ ਗਰਮ ਕੱਪੜਿਆਂ ਵਿਚੋਂ ਹੀ ਆਪਣੇ ਵਿਦੇਸ਼ ਗਏ ਉਸ ਦੇ ਪੁੱਤਰ ਤੋਂ ਦੂਰੀ ਦਾ ਨਿੱਘ ਗਰਮੀ ਦੇ ਮਹੀਨੇ ਵਿਚ ਵੀ ਟੋਪੀ ਪਾ ਕੇ ਅਹਿਸਾਸ ਕਰਦੀ ਹੈ। ਇਹ ਸਾਡੇ ਲੋਕਾਂ ਦੀ ਤ੍ਰਾਸਦੀ ਬਣ ਗਿਆ ਹੈ। ਕਹਾਣੀਆਂ ਵਿਚ ਸਰੀਰ ਦੀ ਤੰਦਰੁਸਤੀ ਨਾਲੋਂ ਦਿਮਾਗ ਦੀ ਤੰਦਰੁਸਤੀ ਪ੍ਰਬਲ ਦਿੱਸਦੀ ਹੈ। 'ਮੁਰਝਾਇਆ ਫੁੱਲ' ਕਹਾਣੀ ਬੱਚਿਆਂ ਦੀ ਪ੍ਰਗਤੀ ਨੂੰ ਫੁੱਲਾਂ ਵਾਂਗ ਦਰਸਾਉਂਦੀ ਹੈ ਜਾਂ ਇਉਂ ਕਹਿ ਲਉ ਕਿ ਬੱਚੇ ਵੀ ਫੁੱਲਾਂ ਵਰਗੇ ਹੀ ਹੁੰਦੇ ਹਨ। 'ਹੌਸਲਾ' ਕਹਾਣੀ ਘਰ ਵਿਚ ਰਹਿੰਦੇ ਬਜ਼ੁਰਗਾਂ ਨੂੰ ਇੱਕ ਤਾਕਤ ਦਰਸਾਉਂਦੀ ਹੈ। 'ਪੁਤਲਾ' ਮਤਰੇਈ ਮਾਂ ਦਾ ਦੁੱਖ ਵਿਅਕਤ ਕਰਦੀ ਹੈ। ਸਮਾਜ ਵਿਚ ਰਿਸ਼ਤਿਆਂ ਵਿਚ ਕਿੰਨੀ ਕੜਵਾਹਟ ਹੈ- ਇਹ ਬਿਆਨ ਕਰਦੀ ਹੈ ਕਹਾਣੀ 'ਸੱਪ'। ਇਸੇ ਤਰ੍ਹਾਂ ਮਿੰਨੀ ਕਹਾਣੀ 'ਚੜ੍ਹਦੀ ਕਲਾ' ਮਨੁੱਖਤਾ ਦੀ ਮਾਨਸਿਕਤਾ ਨੂੰ ਪੇਸ਼ ਕਰਦੀ ਹੈ ਕਿ ਅਸੀਂ ਇਸ ਚੀਜ਼ ਦੇ ਆਦੀ ਹੋ ਗਏ ਹਾਂ ਕਿ ਜੇ ਸਾਨੂੰ ਕੋਈ ਵਸਤੂ ਮੁਫ਼ਤ ਪ੍ਰਾਪਤ ਹੁੰਦੀ ਹੈ, ਤਾਂ ਉਸਨੂੰ ਬਿਨਾਂ ਕਾਰਨ ਵੀ ਹਾਸਲ ਕਰ ਲਈਏ।

ਇੰਜ ਹੀ ਕਹਾਣੀ 'ਭੇਗ' ਬਚਪਨ ਦੀਆਂ ਯਾਦਾਂ ਸਮੇਟਦੀ ਹੈ। 'ਮਾਨਸ ਕੀ ਜਾਤ' ਕਹਾਣੀ ਜਿੱਥੇ ਜਾਤ-ਪਾਤ ਦੀ ਬੁਰਾਈ ਨੂੰ ਉਜਾਗਰ ਕਰਦੀ ਹੈ- ਉੱਥੇ ਸੁਰੇਸ਼ ਆਪਣੀ ਮਾਂ ਨੂੰ ਭਾਈ ਘਨ੍ਹੱਈਆ ਦੇ ਹਵਾਲੇ ਨਾਲ ਸਭ ਨੂੰ ਬਰਾਬਰ ਹੋਣ ਦੀ ਸਿੱਖਿਆ ਦਿੰਦਾ ਹੈ। ਕਹਾਣੀ 'ਪ੍ਰੀਤਮ ਸਿੰਘ' ਵਿਚ ਇਹ ਪੰਕਤੀਆਂ 'ਰਿਟਾਇਰਡ ਫ਼ੌਜੀ ਪ੍ਰੀਤਮ ਸਿੰਘ ਸੱਥ ਵਿਚ ਬੈਠੇ ਕੁੱਝ ਸਿਆਣਿਆਂ ਦੀ ਕਾਵਾਂ ਰੌਲੀ ਸੁਣ ਕੇ ਬੋਲ ਪੈਂਦਾ ਹੈ-ਗੱਲ ਤਾਂ ਭਾਈ ਪ੍ਰੀਤਮ ਸਿੰਘ ਨੇ ਸਿਆਣੀ ਕਰੀ ਆ---।' ਪ੍ਰੀਤਮ ਸਿੰਘ ਹੀ ਪ੍ਰੀਤਮ ਸਿੰਘ ਆਪਣੇ ਆਪ ਨੂੰ ਪ੍ਰੀਤਮ ਸਿੰਘ ਕਹਿੰਦਾ ਪ੍ਰਤੀਤ ਹੁੰਦਾ ਹੈ, ਜਦਕਿ ਪ੍ਰੀਤਮ ਸਿੰਘ ਦੀ ਥਾਂ ਕਿਸੇ ਹੋਰ ਦਾ ਨਾਮ ਹੋਣਾ ਚਾਹੀਦਾ ਸੀ।

ਇਸੇ ਤਰ੍ਹਾਂ ਕਹਾਣੀਆਂ ਵਿਚ ਦੂਜੀ ਭਾਸ਼ਾ ਦੇ ਸ਼ਬਦਾਂ ਦੀ ਵਰਤੋਂ ਵੀ ਅਖ਼ਰਦੀ ਹੈ। ਜਿਵੇਂ 'ਭੇਡਾਂ' ਕਹਾਣੀਆਂ ਵਿਚ ਕਈ ਸ਼ਬਦ ਅੰਗਰੇਜ਼ੀ ਦੇ ਸ਼ਾਮਲ ਹਨ, ਜਿਨ੍ਹਾਂ ਨੂੰ 'ਅੰਗਰੇਜ਼ੀ' ਸ਼ਬਦਾਂ ਵਿਚ ਹੀ ਅੰਕਿਤ ਕੀਤਾ ਗਿਆ ਹੈ। ਜਦੋਂਕਿ ਪੰਜਾਬੀ ਦੀ ਪੁਸਤਕ ਵਿਚ ਸ਼ਬਦ ਭਾਸ਼ਾ ਭਾਵੇਂ ਅੰਗਰੇਜ਼ੀ ਦੀ ਹੋਵੇ ਪਰ ਲਿੱਪੀ ਪੰਜਾਬੀ ਹੋਣੀ ਚਾਹੀਦੀ ਹੈ। ਕੁੱਝ ਸ਼ਬਦ ਜਿਵੇਂ 'ਟੀ.ਬੀ' ਦੀ ਥਾਂ 'ਟੀ.ਵੀ' ਅਤੇ 'ਬਖ਼ਤ' ਦੀ ਥਾਂ 'ਵਕਤ' ਲਿਖਣਾ ਸਹੀ ਹੁੰਦਾ ਹੈ। ਇਨ੍ਹਾਂ ਕਹਾਣੀਆਂ ਵਿਚ ਮੁਹਾਵਰੇ- ਅਖਾਣਾਂ ਦੀ ਵੀ ਵਰਤੋਂ ਕਰਕੇ ਇਨ੍ਹਾਂ ਦੀ ਰੌਚਕਤਾ ਵਧੀ ਹੈ।

ਇਹ ਸਾਰੀਆਂ ਕਹਾਣੀਆਂ ਕਿਸੇ ਨਾ ਕਿਸੇ ਭਾਵਨਾ ਨਾਲ ਜੁੜੀਆਂ ਹੋਈਆਂ ਹਨ। ਉਹ ਭਾਵੇਂ ਧੀਆਂ ਦੇ ਜੰਮਣ ਨੂੰ ਲੈ ਕੇ ਮਾੜੀ ਸੋਚ ਨਾਲ ਜਾਂ ਸ਼ਰਾਬ ਵਰਗੇ ਮਾੜੇ ਨਸ਼ੇ ਨਾਲ ਸਬੰਧਿਤ ਹੋਣ। ਭਾਵੇਂ ਉਹ ਰਿਸ਼ਤਿਆਂ ਦੀ ਕੜਵਾਹਟ ਦਰਸਾਉਂਦੀਆਂ ਹੋਣ ਜਾਂ ਫਿਰ ਮਤਰਏ ਰਿਸ਼ਤੇ ਦਾ ਦੁਖਾਂਤ ਪੇਸ਼ ਕਰਦੀਆਂ ਹੋਣ। ਪਰ ਇਹ ਕਹਾਣੀਆਂ ਆਪਣੇ ਆਪ ਵਿਚ ਬਹੁਤ ਡੂੰਘੇ ਅਰਥਾਂ ਅਤੇ ਇੱਕ ਸੁਝਾਅ ਲੈ ਕੇ ਆਉਂਦੀਆਂ ਹਨ।

ਪੁਸਤਕ ਵਿਚਲੀਆਂ ਕਹਾਣੀਆਂ ਰਿਸ਼ਤਿਆਂ ਦਾ ਨਿੱਘ- ਮੋਹ- ਕਿਤਾਬੀ ਚੋਰ- ਮੁਰਦਿਆਂ ਦੀ ਦੁਨੀਆਂ- ਬੇਗਾਨੀ- ਪੇਟ ਨਾ ਪਈਆਂ ਰੋਟੀਆਂ- ਆਪਣੇ ਆਲੀ- ਦਿਮਾਗੋਂ ਪਿਆਰ- ਅਖ਼ਬਾਰ- ਕੁਦਰਤੀ ਸਾਹ- ਨੈੱਟ- ਸਤਿਸੰਗ- ਅਣਖ- ਦੁੱਖ ਭੰਜਨੀ ਬੇਰੀ- ਰੱਬ ਝੂਠ ਨਾ ਬੁਲਾਏ- ਘਰ ਦਾ ਜਿੰਦਰਾ ਅਤੇ ਕੁਬੇਰ ਦਾ ਖ਼ਜ਼ਾਨਾ ਆਦਿ ਵੀ ਪੜ੍ਹਨਯੋਗ ਹਨ।

ਪੁਨੀਤ ਗੁਪਤਾ ਦਾ ਇਹ ਪਲੇਠਾ ਮਿੰਨੀ ਕਹਾਣੀ ਸੰਗ੍ਰਹਿ ਹੈ, ਜਿਸ ਕਰਕੇ ਕਾਫੀ ਸ਼ਬਦਾਂ- ਵਾਕਾਂ ਅਤੇ ਸੁਧਾਈ ਦੀ ਲੋੜ ਮਹਿਸੂਸ ਹੁੰਦੀ ਹੈ। ਪੁਸਤਕ ਦੀਆਂ ਹੱਥਲੀਆਂ ਕਹਾਣੀਆਂ ਵਿਚ ਇਸਤਰੀ ਪਾਤਰਾਂ ਦੀ ਕਾਫੀ ਬਹੁਤਾਤ ਹੈ। ਤਕਰੀਬਨ ਸਾਰੀਆਂ ਕਹਾਣੀਆਂ ਵਿਚ ਨਾਇਕਾਵਾਂ ਔਰਤਾਂ ਹਨ ਅਤੇ ਉਨ੍ਹਾਂ ਦੇ ਨਾਵਾਂ ਵਿਚ ਵੀ ਵਿਭਿੰਨਤਾ ਨਹੀਂ ਹੈ।

ਸਾਨੂੰ ਆਸ ਹੈ ਕਿ ਉਕਤ ਅਖ਼ਰਦੀਆਂ ਉਣਤਾਈਆਂ ਲੇਖਕਾ ਆਪ ਹੀ ਮਹਿਸੂਸ ਕਰੇਗੀ ਅਤੇ ਭਵਿੱਖ ਵਿਚ ਹੋਰ ਚੰਗੀਆਂ ਅਤੇ ਉਸਾਰੂ ਕਹਾਣੀਆਂ ਲੈ ਕੇ ਪਾਠਕਾਂ ਦੀ ਸੱਥ ਵਿਚ ਆਵੇਗੀ।

ਆਮੀਨ।

### 10 ਫ਼ਰਵਰੀ ਸ਼ਹੀਦੀ 'ਤੇ ਵਿਸ਼ੇਸ਼ ਲੇਖ

# ਸ਼ਾਮ ਸਿੰਘ ਅਟਾਰੀ ਵਾਲਾ



-ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)



ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਜਦ ਜਰਨੈਲਾਂ ਦੀ ਗੱਲ ਹੁੰਦੀ ਹੈ, ਤਾਂ ਸ਼ਾਮ ਸਿੰਘ ਅਟਾਰੀ ਵਾਲੇ ਦਾ ਨਾਮ ਬੜੇ ਮਾਣ ਨਾਲ ਲਿਆ ਜਾਂਦਾ ਹੈ। ਇਸ ਦਾ ਜਨਮ ਪਿਤਾ ਭਾਈ ਨਿਹਾਲ ਸਿੰਘ ਅਤੇ ਮਾਤਾ ਸ਼ਮਸ਼ੇਰ ਕੌਰ ਦੀ ਕੁੱਖੋਂ 1785 ਨੂੰ ਪਿੰਡ ਅਟਾਰੀ ਵਿਖੇ ਹੋਇਆ। ਇਨ੍ਹਾਂ ਦੇ ਵੱਡੇ ਵਡੇਰੇ ਦਾ ਨਾਮ ਕਾਹਨ ਚੰਦ ਸੀ। ਇਨ੍ਹਾਂ ਦਾ ਖ਼ਾਨਦਾਨ ਜੈਸਲਮੇਰ ਦੇ ਭੱਟੀ ਰਾਜਪੂਤਾਂ ਨਾਲ ਜੁੜਿਆ ਹੋਇਆ ਹੈ।

ਇਨ੍ਹਾਂ ਦਾ ਖਾਨਦਾਨ 1580 ਨੂੰ ਮਾਲਵੇ ਦੇ ਖੇਤਰ ਫੂਲ ਮਹਿਰਾਜ ਵਿਚ ਆਬਾਦ ਹੋਇਆ, ਫਿਰ ਇਨ੍ਹਾਂ ਲੁਧਿਆਣਾ ਜ਼ਿਲ੍ਹੇ ਵਿਚ ਜਗਰਾਉਂ ਕੋਲ 1735 ਵਿਚ ਕਾਉਂਕੇ ਕਲਾਂ ਪਿੰਡ ਵਸਾਇਆ। ਇੱਥੇ ਦੇ ਦੋ ਭਰਾ ਸਨ ਕੌਰਾ ਅਤੇ ਗੌਰਾ, ਦੋਨੋ ਹੀ ਸ੍ਰੀ ਅੰਮ੍ਰਿਤਸਰ ਤੋਂ ਅੰਮ੍ਰਿਤ ਛੱਕ ਕੇ ਸਿੰਘ ਸੱਜ ਗਏ। ਕੌਰਾ ਦਾ ਨਾਮ ਕੌਰ ਸਿੰਘ ਬਣ ਗਿਆ, ਗੋਰਾ ਦਾ ਨਾਮ ਗੌਰ ਸਿੰਘ ਬਣ ਗਿਆ।

ਜਿਸ ਥਾਂ 'ਤੇ ਅਟਾਰੀ ਪਿੰਡ ਵਸਿਆ ਹੋਇਆ ਹੈ, ਉਸ ਥਾਂ 'ਤੇ ਪਹਿਲਾਂ ਥੇਹ ਸੀ। ਥੇਹ 'ਤੇ ਮਹੰਤ ਰਹਿੰਦੇ ਸਨ। ਉਨ੍ਹਾਂ ਨੂੰ ਚੋਰਾਂ, ਡਾਕੂਆਂ ਨੇ ਕਈ ਵਾਰ ਲੁੱਟਿਆ। ਡਾਕੂਆਂ ਤੋਂ ਤੰਗ ਆ ਕੇ ਮਹੰਤਾਂ ਨੇ ਦੋਵੇ ਭਰਾਵਾਂ ਕੋਲ ਆਪਣੀ ਰੱਖਿਆ ਦੀ ਬੇਨਤੀ ਕੀਤੀ। ਮਹੰਤਾਂ ਨੇ ਦੋਨੋ ਭਰਾਵਾਂ ਨੂੰ ਇੱਥੇ ਤਿੰਨ ਮੰਜ਼ਿਲਾ ਮਕਾਨ ਬਣਾ ਦਿੱਤਾ, ਇਸ ਦਾ ਨਾਮ ਅਟਾਰੀ ਰੱਖ ਦਿੱਤਾ। ਇਹ ਦੋਨੋਂ ਭਰਾ ਕਾਉਂਕੇ ਕਲਾਂ ਤੋਂ ਉੱਠ ਕੇ ਅਟਾਰੀ ਆ ਵਸੇ। ਸ਼ਾਮ ਸਿੰਘ ਅਟਾਰੀ ਗੌਰਾ ਸਿੰਘ ਦਾ ਪੋਤਾ ਸੀ।

ਸ਼ਾਮ ਸਿੰਘ ਅਟਾਰੀ ਵਾਲੇ ਚੰਗੇ ਘੋੜ ਸਵਾਰ, ਤੀਰ ਅੰਦਾਜ਼ ਤੇ ਤਲਵਾਰ ਦੇ ਧਨੀ ਸਨ। ਇਸ ਕਰਕੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਕਰ ਲਏ ਗਏ।

ਸ਼ਾਮ ਸਿੰਘ ਅਟਾਰੀ ਵਾਲੇ ਨੇ ਮੁਲਤਾਨ ਦੀ ਲੜਾਈ ਅਤੇ ਕਸ਼ਮੀਰ ਦੀ ਲੜਾਈ ਵਿਚ ਬਹੁਤ ਬਹਾਦਰੀ ਵਿਖਾਈ। ਮਹਾਰਾਜਾ ਰਣਜੀਤ ਸਿੰਘ ਨੇ ਖੁਸ਼ ਹੋ ਕੇ ਹੀਰਿਆਂ ਭਰੀ ਕਲਗੀ ਅਟਾਰੀ ਵਾਲੇ ਨੂੰ ਇਨਾਮ ਵਜੋਂ ਦਿੱਤੀ।

ਸ਼ਾਮ ਸਿੰਘ ਅਟਾਰੀ ਵਾਲੇ ਦੀ ਪੁੱਤਰੀ ਨਾਨਕੀ ਦੀ ਸ਼ਾਦੀ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌ ਨਿਹਾਲ ਸਿਘ ਨਾਲ ਕਰ ਦਿੱਤੀ ਗਈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਹੀ ਭਾਵੇਂ ਡੋਗਰਿਆਂ ਨੇ ਸਿੱਖ ਰਾਜ ਨੂੰ ਹਜ਼ਮ ਕਰਨ ਦੀਆਂ ਵਿਉਂਤਬੰਦੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ ਪਰ ਮਹਾਰਾਜਾ ਦਾ ਪ੍ਰਭਾਵ ਇਤਨਾ ਸੀ ਕਿ ਡੋਗਰੇ ਚੁੱਪ ਕਰਕੇ ਸਮੇਂ ਦੀ ਉਡੀਕ ਕਰਨ ਲੱਗ ਪਏ। ਮਹਾਰਾਜਾ ਰਣਜੀਤ ਸਿੰਘ ਦੀ ਅੱਖਾਂ ਮੀਟਣ ਦੀ ਦੇਰ ਸੀ, ਮਹਾਰਾਜਾ ਦੇ ਪਰਿਵਾਰ ਦੀ ਆਪਸੀ ਫੁੱਟ ਸ਼ੁਰੂ ਹੋ ਗਈ। ਇਸ ਫੁੱਟ ਵਿਚ ਡੋਗਰਿਆਂ ਦਾ ਹੱਥ ਸੀ। ਡੋਗਰੇ ਨੇ ਸਿੱਖ ਰਾਜ ਨੂੰ ਸਮੇਟਣ ਲਈ ਗੁੱਝੀਆਂ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਨ੍ਹਾਂ ਦੀਆਂ ਚਾਲਾਂ ਨੂੰ ਜਾਣ ਕੇ ਸ਼ਾਮ ਸਿੰਘ ਅਟਾਰੀ ਵਾਲਾ ਫੌਜ ਦੀ ਨੌਕਰੀ ਛੱਡ ਕੇ ਅਟਾਰੀ ਆ ਗਿਆ।

ਸਭਰਾਵਾਂ ਦੀ ਲੜਾਈ ਤੋਂ ਪਹਿਲਾਂ ਜਿੰਨੀਆਂ ਵੀ ਸਿੱਖ ਫੌਜਾਂ ਦੀਆਂ ਅੰਗਰੇਜ਼ਾਂ ਨਾਲ ਲੜਾਈਆਂ ਹੋਈਆਂ, ਜਿਸ ਤਰਾਂ ਫੇਰੂ ਦੀ ਲੜਾਈ, ਮੁੱਦਕੀ ਦੀ ਲੜਾਈ, ਬੱਦੋਵਾਲ ਤੇ ਆਲੀਵਾਲ ਦੀ ਲੜਾਈ ਇਨ੍ਹਾਂ ਵਿਚ ਡੋਗਰਿਆਂ ਦੀ ਗੱਦਾਰੀ ਕਾਰਨ ਸਿੱਖ ਫੌਜਾਂ ਦੀ ਹਾਰ ਹੁੰਦੀ ਰਹੀ, ਜਦ ਸਿੱਖ ਫੌਜਾਂ ਦੀ ਵਾਂਗਡੋਰ ਸੰਭਾਲਣ ਵਾਲਾ ਕੋਈ ਵਫ਼ਾਦਾਰ ਜਰਨੈਲ ਨਾ ਰਿਹਾ, ਤਾਂ ਮਹਾਰਾਣੀ ਜਿੰਦ ਕੌਰ ਨੇ ਮਹਾਰਾਜਾ ਰਣਜੀਤ ਸਿੰਘ ਦਾ ਪੁਰਾਣਾ ਮਿੱਤਰ, ਰਿਸ਼ਤੇਦਾਰ ਅਤੇ ਮਹਾਰਾਜੇ ਦੀ ਫੌਜ ਵਿਚ ਰਹਿ ਚੁੱਕਿਆ ਜਰਨੈਲ ਸ਼ਾਮ ਸਿੰਘ ਅਟਾਰੀ ਵਾਲਾ ਨੂੰ ਚਿੱਠੀ ਲਿੱਖ ਭੇਜੀ। ਮਹਾਰਾਣੀ ਜਿੰਦ ਕੌਰ ਨੇ ਉਸ ਵਿਚ ਲਿਖਿਆ, ਲਾਹੌਰ ਦਰਬਾਰ ਸੰਕਟ ਵਿਚ ਘਿਰਿਆ ਹੋਇਆ ਹੈ। ਇਸ ਵੇਲੇ ਸ਼ਾਹੀ ਦਰਬਾਰ ਵਿਚ ਤੁਹਾਡੀ ਖਾਸ ਜ਼ਰੂਰਤ ਹੈ। ਸਿੱਖ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਪੱਗ ਨੂੰ ਸਲਾਮਤ ਰੱਖਣ ਖ਼ਾਤਰ ਤੁਸੀਂ ਜੰਗ ਦੇ ਮੈਦਾਨ ਵਿਚ ਜਾਵੋ, ਉੱਥੇ ਜਾ ਕੇ ਫੌਜ ਦੀ ਵਾਗਡੋਰ ਸੰਭਾਲੋ, ਅੰਗਰੇਜ਼ਾਂ ਨਾਲ ਆਰ-ਪਾਰ ਦੀ ਲੜਾਈ ਲੜੀ ਜਾ ਰਹੀ ਹੈ।

ਚਿੱਠੀ ਪੜ੍ਹ ਕੇ ਸ਼ਾਮ ਸਿੰਘ ਅਟਾਰੀ ਵਾਲੇ ਦਾ ਚੇਹਰਾ ਲਾਲ ਹੋ ਗਿਆ, ਖ਼ੂਨ ਉਬਾਲੇ ਖਾਣ ਲੱਗਾ। ਉਨ੍ਹਾਂ ਨੇ ਅਰਦਾਸ ਕੀਤੀ, ਮੈਂ ਜੰਗ ਜਿੱਤ ਕੇ ਵਾਪਸ ਮੁੜਾਂਗਾ, ਨਹੀਂ ਫਿਰ ਉੱਥੇ ਸ਼ਹੀਦੀ ਪ੍ਰਾਪਤ ਕਰਾਂਗਾ।

ਸ਼ਾਮ ਸਿੰਘ ਅਟਾਰੀ ਵਾਲੇ ਕੋਲ ਕੁਝ ਨਿੱਜੀ ਫੌਜ ਸੀ, ਕੁਝ ਸਿੱਖ ਫੌਜੀ ਸਨ, ਜੋ ਸਿੱਖ ਰਾਜ ਦੀ ਪਾਟੋ ਧਾੜ ਦੇ ਕਾਰਨ ਘਰੇ ਆ ਬੈਠੇ ਸਨ। ਉਨ੍ਹਾਂ ਨੂੰ ਨਾਲ ਲੈ ਕੇ ਆਪਣੇ ਪਰਿਵਾਰ ਨੂੰ ਫ਼ਤਿਹ ਬੁਲਾ ਕੇ ਸ਼ਾਮ ਸਿੰਘ ਅਟਾਰੀ ਵਾਲਾ 9 ਫ਼ਰਵਰੀ, 1846 ਨੂੰ ਸਭਰਾਵਾਂ ਦੇ ਮੈਦਾਨ ਵਿਚ ਪੁੱਜ ਗਿਆ।

ਅੰਗਰੇਜ਼ ਗਵਰਨਰ ਜਰਨਲ ਲਾਰਡਿੰਗ ਹਾਰਡਿੰਗ ਨੇ ਰਾਜਾ ਗੁਲਾਬ ਸਿੰਘ ਨੂੰ ਮਿਲਣ ਵਾਸਤੇ ਸੱਦਾ ਭੇਜਿਆ। ਉਹ ਤੇਜ਼ ਸਿੰਘ ਤੇ ਲਾਲ ਸਿੰਘ ਫੌਜ ਦੇ ਕਮਾਂਡਰਾਂ ਨੂੰ ਨਾਲ ਲੈ ਕੇ ਲਾਰਡ ਹਾਰਡਿੰਗ ਨੂੰ ਜਾ ਮਿਲਿਆ। ਉਸ ਨਾਲ ਲਿਖਤੀ ਸਮਝੌਤਾ ਹੋਇਆ, ਤੂੰ ਬਿਨ੍ਹਾ ਲੜਾਈ ਤੋਂ ਸਿੱਖਾਂ ਦੀ ਹਾਰ ਮੰਨਵਾ ਦੇ, ਤੈਨੂੰ ਜਿੱਤ ਕੇ ਸਿੱਖ ਰਾਜ ਵਿਚੋਂ ਜੰਮੂ ਕਸ਼ਮੀਰ ਦਾ ਮਾਲਕ ਬਣਾ ਦੇਵਾਂਗੇ, ਤੇਜ਼ ਸਿੰਘ ਨੇ 9 ਫ਼ਰਵਰੀ ਦੀ ਸ਼ਾਮ ਨੂੰ ਅਟਾਰੀ ਵਾਲੇ ਨੂੰ ਆ ਕੇ ਕਿਹਾ, ਤੁਸੀਂ ਅੰਗਰੇਜ਼ਾਂ ਨਾਲ ਲੜਾਈ ਨਾ ਲੜੋ! ਅੰਗਰੇਜ਼ਾਂ ਕੋਲ ਬਹੁਤ ਸਾਰੀ ਸੈਨਾ ਅਤੇ ਬਰੂਦ ਪਹੁੰਚ ਚੁੱਕਿਆ ਹੈ, ਐਵੇਂ ਜਾਨਾਂ ਨਾ ਗਵਾਓ, ਇਹ ਲੜਾਈ ਅੰਗਰੇਜ਼ਾਂ ਨੇ ਜਿੱਤ ਲੈਣੀ ਹੈ।

ਸ਼ਾਮ ਸਿੰਘ ਅਟਾਰੀ ਵਾਲੇ ਨੇ ਤੇਜ਼ ਸਿੰਘ ਨੂੰ ਕਿਹਾ, ਮੈਂ ਸੌਂਹ ਖਾ ਕੇ ਅਟਾਰੀ ਤੋਂ ਤੁਰਿਆ ਹਾਂ, ਇਕ ਸਿਰਾ ਕਰਕੇ ਹੀ ਹਟਾਂਗਾ। ਇਹ ਸੁਣ ਸਿੱਖ ਫੌਜਾਂ ਵਿਚ ਜੋਸ਼ ਭਰ ਗਿਆ, ਉਹ ਵੀ ਲੜਾਈ ਲੜਨ ਲਈ ਤਿਆਰ ਹੋ ਗਈਆਂ।

10 ਫ਼ਰਵਰੀ, 1846 ਨੂੰ ਦਿਨ ਚੜ੍ਹਦੇ ਨਾਲ ਅੰਗਰੇਜ਼ਾਂ ਨੇ ਸਿੱਖ ਫ਼ੌਜਾਂ ਤੇ ਤੋਪਾਂ ਨਾਲ ਗੋਲਿਆਂ ਦੀ ਵਰਖਾ ਸ਼ੁਰੂ ਕਰ ਦਿੱਤੀ। ਸਿੱਖਾਂ ਨੇ ਸਤਲੁਜ ਦਰਿਆ ਦੇ ਨਾਲ ਢਾਈ ਮੀਲ ਲੰਬੀ ਮੋਰਚਾਬੰਦੀ ਕਰ ਲਈ ਸੀ। ਸਿੱਖਾਂ ਨੇ ਵੀ ਆਪਣੀਆਂ ਤੋਪਾਂ ਵਿਚੋਂ ਬਰੂਦ ਦੇ ਗੋਲੇ ਅੰਗਰੇਜ਼ਾਂ ਵੱਲ ਖੋਲ੍ਹ ਦਿੱਤੇ, ਤਿੰਨ ਘੰਟੇ ਦੀ ਜ਼ਬਰਦਸਤ ਲੜਾਈ ਹੋਣ ਪਿੱਛੋਂ, ਨਾ ਸਿੱਖ ਫੌਜ ਪਿੱਛੇ ਹਟੀ, ਨਾ ਅੰਗਰੇਜ਼ ਫੌਜ਼ ਪਿੱਛੇ ਹਟੀ।

ਪਿਛਲੀਆਂ ਚਾਰ ਲੜਾਈਆਂ ਵਿਚ ਅੰਗਰੇਜ਼ ਸਿੱਖਾਂ ਦੀ ਬਹਾਦਰੀ ਦੇ ਕਾਰਨਾਮੇ ਵੇਖ ਚੁੱਕੇ ਸਨ, ਜੋ ਪਲਟਣਾ ਸਿੱਖ ਰਾਜ ਨਾਲ ਪਹਿਲਾਂ ਨਹੀਂ ਲੜੀਆਂ ਸਨ, ਉਹ ਚਾਰ ਪਲਟਣਾਂ ਨੂੰ ਸਰ ਰਾਬਰਟ ਡਿੱਕ ਨੇ ਆਪਣੇ ਨਾਲ ਲੈ ਕੇ ਲਾਲ ਸਿੰਘ ਨੇ ਜਿਵੇਂ ਮੁਖ਼ਬਰੀ ਕਰਕੇ ਅਗਰੇਜ਼ਾਂ ਨੂੰ ਦੱਸਿਆ ਸੀ, ਉਸ ਮੁਤਾਬਕ ਦੱਖਣੀ ਹਿੱਸੇ 'ਤੇ ਹੱਲਾ ਬੋਲ ਦਿੱਤਾ। ਤੋਪਾਂ ਦੀ ਮਾਰ ਨੇ ਬਾਹੀ ਵਿਚ ਪਾੜ ਪਾ ਦਿੱਤਾ। ਸਿੱਖ ਵੀ ਘੱਟ ਨਹੀਂ ਸਨ, ਉਨ੍ਹਾਂ ਨੇ ਤੋਪਾਂ ਦੇ ਅਜਿਹੇ ਗੋਲੇ ਛੱਡੇ, ਰਾਬਰਟ ਡਿੱਕ ਨੂੰ ਜ਼ਖ਼ਮੀ ਹੋ ਕੇ ਪਿੱਛੇ ਮੁੜਨਾ ਪਿਆ।

ਇੰਨੇ ਚਿਰ ਨੂੰ ਉੱਥੇ ਸ਼ਾਮ ਸਿੰਘ ਅਟਾਰੀ ਵਾਲਾ ਵੀ ਪਹੁੰਚ ਗਿਆ, ਜਦ ਲਾਲ ਸਿੰਘ ਤੇ ਤੇਜ਼ ਸਿੰਘ ਨੇ ਦੇਖਿਆ, ਟੱਕਰ ਫਸਵੀਂ ਚੱਲ ਰਹੀ ਹੈ, ਇਸ ਤਰ੍ਹਾਂ ਸਿੱਖਾਂ ਦੀ ਹਾਰ ਕਿਸ ਤਰ੍ਹਾਂ ਹੋਵੇਗੀ? ਇੱਥੇ ਸ਼ਾਮ ਸਿੰਘ ਅਟਾਰੀ ਵਾਲਾ ਵੀ ਪਹੁੰਚ ਚੁੱਕਿਆ ਹੈ, ਤਾਂ ਲਾਲ ਸਿੰਘ ਆਪਣੀ ਫੌਜ ਸਣੇ ਉਥੋਂ ਭੱਜ ਪਿਆ, ਥੋੜ੍ਹੇ ਚਿਰ ਬਾਅਦ ਤੇਜ਼ ਸਿੰਘ ਵੀ ਆਪਣੀ 6 ਹਜ਼ਾਰ ਫੌਜਾਂ ਨੂੰ ਨਾਲ ਲੈ ਕੇ ਭੱਜ ਪਿਆ। ਲਾਲ ਸਿੰਘ ਜਾਂਦਾ ਹੋਇਆ ਇੱਕ ਹੋਰ ਮਾੜਾ ਕੰਮ ਕਰ ਗਿਆ, ਜੋ ਬਾਰੂਦ ਦੀਆਂ ਬੇੜੀਆਂ ਸਨ, ਉਹ ਵੀ ਦਰਿਆ ਵਿਚ ਸੁੱਟ ਗਿਆ। ਸਿੱਖਾਂ ਨੇ ਜੋ ਪੁੱਲ ਦਰਿਆ ਦੇ ਉੱਪਰ ਬਾਰੂਦ ਅਤੇ ਰਾਸ਼ਨ ਪਾਣੀ ਲਿਆਉਣ ਲਈ ਬਣਾਇਆ ਸੀ, ਉਸ ਦੀ ਰਾਖੀ ਤੇਜ਼ ਸਿੰਘ ਕਰ ਰਿਹਾ ਸੀ, ਤੇਜ਼ ਸਿੰਘ ਜਾਂਦਾ ਹੋਇਆ ਤੋਪਾਂ ਦੇ ਗੋਲਿਆਂ ਨਾਲ ਪੁੱਲ ਤੋੜ ਗਿਆ। ਸਤਲੁਜ ਦਰਿਆ ਤੋਂ ਪਾਰ ਗੁਲਾਬ ਸਿੰਘ ਇਨ੍ਹਾਂ ਨੂੰ ਉਡੀਕ ਰਿਹਾ ਸੀ, ਇਹ ਉਸ ਨਾਲ ਚਲੇ ਗਏ।

ਦੂਰ ਮਾਰ ਕਰਨ ਵਾਲੀਆਂ ਤੋਪਾਂ ਜੋ ਦਰਿਆ ਦੇ ਪਿਛਲੇ ਪਾਸੇ ਬੀੜੀਆਂ ਹੋਈਆਂ ਸਨ, ਉਨ੍ਹਾਂ ਨੂੰ ਚਲਾਉਣ ਵਾਸਤੇ ਮੁਸਲਮਾਨ ਖੜ੍ਹੇ ਸਨ। ਮੁਸਲਮਾਨ ਵੀ ਤੋਪਾਂ ਦਾ ਮੂੰਹ ਉੱਪਰ ਕਰਕੇ ਚਲਾਉਂਦੇ, ਤਾਂ ਕਿ ਕੋਈ ਗੋਲਾ ਅੰਗਰੇਜ਼ਾਂ ਦੇ ਨਾਂ ਲੱਗੇ, ਇਹ ਗੋਲੇ ਅੰਗਰੇਜ਼ਾਂ ਦੇ ਉੱਪਰ ਦੀ ਜਾ ਕੇ ਪਿਛਲੇ ਪਾਸੇ ਡਿੱਗਦੇ।

ਜਦ ਸਿੱਖ ਫੌਜ ਦੇ ਗਦਾਰ ਜਰਨੈਲ ਦੁਸ਼ਮਣਾਂ ਨਾਲ ਰੱਲ ਕੇ ਭੱਜ ਗਏ, ਫਿਰ ਜਿੱਤ ਦੀ ਆਸ ਕਿਸ ਤੋਂ ਰੱਖੀ ਜਾ ਸਕਦੀ ਸੀ? ਸਿੱਖ ਫੌਜਾਂ ਨੂੰ ਕਮਾਂਡਰ ਦੀ ਘਾਟ ਆ ਗਈ? ਸਿਖਾਂ ਕੋਲ ਬਰੂਦ ਮੁੱਕ ਚੱਲਿਆ ਸੀ, ਜਦ ਨਵੀਆਂ ਬਰੂਦ ਦੀਆਂ ਪੇਟੀਆਂ ਖੋਲ੍ਹੀਆਂ, ਉਨ੍ਹਾਂ ਵਿਚੋਂ ਰੇਤ ਅਤੇ ਸਰ੍ਹੋਂ ਦੇ ਦਾਣੇ ਨਿਕਲਣੇ ਸ਼ੁਰੂ ਹੋ ਗਏ। ਸਿੱਖ ਕੀ ਕਰਦੇ? ਅੰਗਰੇਜ਼ ਫੌਜ ਸਿੱਖਾਂ ਦੇ ਮੋਰਚਿਆਂ ਵਿਚ ਤਿੰਨ ਥਾਵਾਂ 'ਤੇ ਦਾਖਲ ਹੋ ਗਈ, ਫਿਰ ਦਿਲ ਛੱਡ ਚੁੱਕੇ ਸਿੱਖ ਖਿਲਰਨੇ ਸ਼ੁਰੂ ਹੋ ਗਏ। ਸਿੱਖਾਂ ਕੋਲ ਸ਼ਹੀਦ ਹੋਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਰਹਿ ਗਿਆ ਸੀ। ਦਰਿਆ ਦਾ ਪੁਲ ਤੋੜਿਆ ਹੋਣ ਕਰਕੇ ਸਿੱਖ ਪਿੱਛੇ ਵੀ ਨਹੀਂ ਮੁੜ ਸਕਦੇ ਸਨ।

ਸ਼ਾਮ ਸਿੰਘ ਅਟਾਰੀ ਵਾਲੇ ਦਾ ਚਿੱਟਾ ਸਫ਼ੈਦ ਦਾੜ੍ਹਾ, ਚਿੱਟੀ ਸਫ਼ੈਦ ਪੱਗ, ਥੱਲੇ ਚਿੱਟਾ ਘੋੜਾ ਉਸ ਨੇ ਅੰਗਰੇਜ਼ਾਂ ਮੂਹਰੇ ਹਥਿਆਰ ਸੁੱਟ ਕੇ ਈਨ ਮੰਨ ਕੇ ਬੇ-ਗੈਰਤਾਂ ਵਾਲੀ ਮੌਤ ਮਰਨ ਨਾਲੋਂ ਲੜਾਈ ਲੜ ਕੇ ਹੀ ਮਰਨਾ ਠੀਕ ਸਮਝਿਆ। ਸ਼ਾਮ ਸਿੰਘ ਅਟਾਰੀ ਵਾਲੇ ਨੇ ਸਿੱਖਾਂ ਨੂੰ ਜੋਸ਼ ਭਰੇ ਲਹਿਜ਼ੇ ਨਾਲ ਕਿਹਾ, ਹੁਣ ਆਖਰੀ ਹਥਿਆਰ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਕੀਤੀ ਹੋਈ ਤਲਵਾਰ ਹੀ ਹੈ। ਇਸ ਨੂੰ ਮਿਆਨ ਵਿਚੋਂ ਧੂਹ ਲਵੋ! ਸ਼ਾਮ ਸਿੰਘ ਅਟਾਰੀ ਵਾਲੇ ਦੇ ਕਹਿਣ 'ਤੇ ਸਿੱਖਾਂ ਨੇ ਮਿਆਨਾਂ ਵਿਚੋਂ ਤਲਵਾਰਾਂ ਕੱਢ ਲਈਆਂ, ਹੱਲਾਸ਼ੇਰੀ ਵਿਚ ਹੋ ਕੇ ਜੈਕਾਰੇ ਛੱਡਦੇ ਵੈਰੀਆਂ 'ਤੇ ਢਹਿ ਪਏ।

ਸ਼ਾਮ ਸਿੰਘ ਅਟਾਰੀ ਵਾਲੇ ਨੇ 50 ਨੰਬਰ ਪਲਟਨ 'ਤੇ ਹੱਲਾ ਬੋਲ ਦਿੱਤਾ। ਅੰਗਰੇਜ਼ਾਂ ਨੇ ਵੀ ਤੋਪਾਂ ਦੇ ਮੂੰਹ ਖੋਲ੍ਹ ਦਿੱਤੇ। ਸ਼ਾਮ ਸਿੰਘ ਅਟਾਰੀ ਵਾਲਾ ਤਲਵਾਰ ਨਾਲ ਹੱਥੋ-ਹੱਥੀਂ ਲੜਦਾ ਵੈਰੀਆਂ ਨੂੰ ਮੌਤ ਦੇ ਲੜ ਲਾਉਂਦੇ ਨੇ ਅੰਗਰੇਜ਼ ਜਰਨੈਲ ਸਰ ਰਾਬਰਟ ਡਿਕ ਨੂੰ ਮਾਰ ਦਿੱਤਾ। ਫਿਰ ਵੈਰੀਆਂ ਨੇ ਚਾਰੇ ਪਾਸੇ ਤੋਂ ਰਲ ਕੇ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਘੇਰਾ ਪਾ ਲਿਆ। ਉਹ ਸੂਰਮਾਂ ਸੱਤ ਗੋਲੀਆਂ ਖਾ ਕੇ ਦੁਸ਼ਮਣਾਂ ਦਾ ਟਾਕਰਾ ਕਰਦਾ ਹੋਇਆ ਘੋੜੇ ਤੋਂ ਥੱਲੇ ਡਿੱਗਦੇ ਸਾਰ ਹੀ ਸ਼ਹੀਦੀ ਪਾ ਗਿਆ। ਸਰਦਾਰ ਮੇਵਾ ਸਿੰਘ ਤੇ ਸਰਦਾਰ ਜੈਮਲ ਸਿੰਘ ਨਿਹੰਗ ਵੀ ਨਾਲ ਹੀ ਸ਼ਹੀਦ ਹੋ ਗਏ। ਇਹ ਸਿੱਖ ਰਾਜ ਦੀ ਅੰਗਰੇਜ਼ਾਂ ਨਾਲ ਅਖੀਰਲੀ ਲੜਾਈ ਸੀ, ਜੋ ਡੋਗਰਿਆਂ ਦੇ ਧੋਖੇ ਨਾਲ ਅੰਗਰੇਜ਼ਾਂ ਨੇ ਦੁਪਿਹਰ ਤੱਕ ਜਿੱਤ ਲਈ। ਇਸ ਲੜਾਈ ਦੀ ਹਾਰ ਨਾਲ ਸਿੱਖ ਰਾਜ ਦਾ ਸੂਰਜ ਸਦਾ ਲਈ ਡੁੱਬ ਗਿਆ ਸੀ। ਸ਼ਾਹ ਮਹੁੰਮਦ ਨੇ ਲਿਖਿਆ:

'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ'

ਅੰਗਰੇਜ਼ਾਂ ਨੇ ਲੜਾਈ ਦੇ ਮੈਦਾਨ ਵਿਚੋਂ ਸਿਰਫ ਸ਼ਾਮ ਸਿੰਘ ਅਟਾਰੀ ਵਾਲੇ ਦੇ ਮ੍ਰਿਤਕ ਸਰੀਰ ਨੂੰ ਹੀ ਚੁੱਕਣ ਦਿੱਤਾ। ਇਸ ਦਾ ਸਸਕਾਰ ਅਟਾਰੀ ਵਿਖੇ 12 ਫ਼ਰਵਰੀ, 1846 ਨੂੰ ਕੀਤਾ ਗਿਆ। ਇਨ੍ਹਾਂ ਦੀ ਸਪੁਤਨੀ ਬੀਬੀ ਦਾਸਾਂ ਨੂੰ ਨਾਲ ਸਤੀ ਕਰ ਦਿੱਤਾ ਗਿਆ। ਇਨ੍ਹਾਂ ਦੀ ਸਮਾਧ 'ਤੇ 10 ਫ਼ਰਵਰੀ ਨੂੰ ਅਟਾਰੀ ਵਿਖੇ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ। ਇਸ ਜਰਨੈਲ ਦੀ ਸ਼ਹੀਦੀ ਨਾਲ ਹੀ ਸਿੱਖ ਰਾਜ ਦਾ ਅੰਤ ਹੋ ਗਿਆ। ਇਸ ਨੂੰ ਸਦਾ ਹੀ ਯਾਦ ਕੀਤਾ ਜਾਂਦਾ ਰਹੇਗਾ।

# ਰਸਾਤਲ ਵੱਲ ਜਾ ਰਹੀ ਨੌਜਵਾਨੀ

ਸੰਜੀਵ ਸਿੰਘ ਸੈਣੀ
ਮੋਹਾਲੀ
78889-66168
(Punjab Mail USA)



ਜ਼ਿੰਦਗੀ ਅਨਮੋਲ ਖ਼ਜ਼ਾਨਾ ਹੈ। ਜ਼ਿੰਦਗੀ ਦੇ ਹਰ ਪਲ ਦਾ ਹਰ ਇਨਸਾਨ ਆਨੰਦ ਮਾਣਦਾ ਹੈ। ਮਾਂ-ਬਾਪ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹਨ, ਤਾਂ ਜੋ ਉਨ੍ਹਾਂ ਨੂੰ ਇਹ ਹੁੰਦਾ ਹੈ ਕਿ ਕੱਲ੍ਹ ਨੂੰ ਉਨ੍ਹਾਂ ਦਾ ਭਵਿੱਖ ਵਧੀਆ ਬਣ ਜਾਵੇ। ਮਾਂ-ਬਾਪ ਆਪ ਤੰਗੀਆਂ ਕੱਟ ਕੇ ਔਲਾਦ ਦੇ ਸੁਨਹਿਰੀ ਭਵਿੱਖ ਲਈ ਬਹੁਤ ਮਿਹਨਤ ਕਰਦੇ ਹਨ। ਪੱਛਮੀ ਸੱਭਿਅਤਾ ਦਾ ਬਹੁਤ ਜ਼ਿਆਦਾ ਬੋਲਬਾਲਾ ਹੋ ਗਿਆ ਹੈ। ਨੌਜਵਾਨੀ ਕੁਰਾਹੇ ਪੈ ਗਈ ਹੈ। ਨੌਜਵਾਨ ਨੈਤਿਕ ਕਦਰਾਂ-ਕੀਮਤਾਂ ਨੂੰ ਭੁੱਲ ਚੁੱਕੇ ਹਨ। ਕਿਸੇ ਦੀ ਵੀ ਇੱਜ਼ਤ ਕਰਨਾ ਹੀ ਨਹੀਂ ਜਾਣਦੇ। ਸਮੇਂ ਦੀ ਬਿਲਕੁਲ ਵੀ ਕਦਰ ਨਹੀਂ ਕਰਦੇ। ਇਹ ਨਹੀਂ ਦੇਖਦੇ ਕਿ ਰਿਸ਼ਤੇ ਵਿਚ ਇਹ ਮੇਰੇ ਤੋ ਕਿੰਨਾ ਕੁ ਵੱਡਾ ਹੈ? ਜਾਂ ਇਹ ਬੰਦਾ ਮੇਰਾ ਰਿਸ਼ਤੇ ਵਿਚ ਕੀ ਲੱਗਦਾ ਹੈ। ਮਾਂ-ਪਿਉ ਦਾ ਸਤਿਕਾਰ ਕਰਨਾ, ਤਾਂ ਬਿਲਕੁੱਲ ਭੁੱਲ ਚੁੱਕੇ ਨੇ। ਆਪਣੇ ਦਾਦਾ-ਦਾਦੀ ਤੱਕ ਦਾ ਬਿਲਕੁਲ ਵੀ ਆਦਰ-ਮਾਣ ਨਹੀਂ ਕਰਦੇ। ਇਨਸਾਨੀਅਤ ਸ਼ਰਮਸ਼ਾਰ ਹੋ ਚੁੱਕੀ ਹੈ। ਮਾਂ-ਪਿਓ ਦੇ ਸਾਹਮਣੇ ਬੋਲਦੇ ਹਨ। ਮਾਂ-ਪਿਓ ਦੇ ਨੱਕ ਵਿਚ ਦਮ ਤੱਕ ਕਰ ਰੱਖਿਆ ਹੈ। ਮਾਂ ਪਿਉ ਦਾ ਬਿਲਕੁਲ ਵੀ ਸਤਿਕਾਰ ਨਹੀਂ ਕਰਦੇ ਹਨ। ਸਹਿਣਸ਼ੀਲਤਾ ਬਿਲਕੁਲ ਖਤਮ ਹੋ ਚੁੱਕੀ ਹੈ। ਬਰਦਾਸ਼ਤ ਸ਼ਕਤੀ ਅੱਜਕੱਲ੍ਹ ਦੀ ਨੌਜਵਾਨ ਪੀੜ੍ਹੀ ਵਿਚ ਬਿਲਕੁਲ ਵੀ ਨਹੀਂ ਹੈ। ਜੇ ਮਾਂ-ਪਿਓ ਬੱਚਿਆਂ ਨੂੰ ਉਨ੍ਹਾਂ ਦੀ ਗਲਤੀ ਕਰਕੇ ਝਿੜਕ ਵੀ ਦਿੰਦੇ ਹਨ, ਤਾਂ ਬੱਚੇ ਜਾਂ ਤਾਂ ਗ਼ਲਤ ਕਦਮ ਚੁੱਕ ਲੈਂਦੇ ਹਨ ਜਾਂ ਮਾਂ-ਬਾਪ ਨੂੰ ਕੌੜੇ ਬੋਲ ਬੋਲ ਦਿੰਦੇ ਹਨ। ਹਵਾ ਅਜਿਹੀ ਚੱਲ ਰਹੀ ਹੈ ਕਿ ਜੇ ਝਿੜਕ ਵੀ ਦਿੰਦੇ ਹਨ, ਤਾਂ ਬੱਚੇ ਖ਼ੁਦਕੁਸ਼ੀ ਤੱਕ ਕਰ ਰਹੇ ਹਨ। ਬੱਚਿਆਂ ਕੋਲੋਂ ਅੱਜਕੱਲ੍ਹ ਦੇ ਮਾਪੇ ਬੇਇੱਜ਼ਤੀ ਤੱਕ ਕਰਵਾ ਰਹੇ ਹਨ। ਮਾਂ-ਬਾਪ ਇਹ ਕਹਿੰਦੇ ਹਨ ਕਿ ਮਰਨ ਲਈ ਸਾਨੂੰ ਥਾਂ ਤੱਕ ਨਹੀਂ ਮਿਲ ਰਹੀ ਹੈ, ਜੋ ਉਨ੍ਹਾਂ ਨੂੰ ਉਨ੍ਹਾਂ ਦੀ ਔਲਾਦ ਕੱਬੇ ਬੋਲ ਬੋਲਦੀ ਹੈ। ਮਾਂ-ਬਾਪ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੰਦੇ ਹਨ। ਆਪਣੀ ਗਲਤੀ ਬਿਲਕੁਲ ਵੀ ਨਹੀਂ ਮੰਨਦੇ। ਕਿਹੋ ਜਿਹਾ ਸਮਾਂ ਆ ਚੁੱਕਿਆ ਹੈ? ਬਰਦਾਸ਼ਤ ਸ਼ਕਤੀ ਬਿਲਕੁਲ ਵੀ ਨਹੀਂ ਰਹੀ ਹੈ। ਬੱਚਿਆਂ ਦੀ ਅੱਜਕਲ੍ਹ ਸੰਗਤ ਬਹੁਤ ਜ਼ਿਆਦਾ ਗਲਤ ਹੋ ਰਹੀ ਹੈ। ਗਲਤ ਸੰਗਤ ਕਾਰਨ ਬੱਚੇ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਅੱਜ ਨਸ਼ਿਆਂ ਦਾ ਦੈਂਤ ਹਰ ਰੋਜ਼ ਪੰਜਾਬ ਵਿਚ ਪਤਾ ਨਹੀਂ ਕਿੰਨੀਆਂ ਹੀ ਜਾਨਾਂ ਨਿਗਲ ਰਿਹਾ ਹੈ। ਚਿੱਟੇ ਨੇ ਪੰਜਾਬ ਦੀ ਜਵਾਨੀ ਖਤਮ ਕਰ ਦਿੱਤੀ ਹੈ। ਹਲਕੀ ਉਮਰ ਦੇ ਨੌਜਵਾਨ ਇੰਜੈਕਸ਼ਨ ਲਗਾ ਰਹੇ ਹਨ। ਖ਼ਬਰ ਪੜ੍ਹੀ ਕਿ ਪਿਓ ਪੁੱਤ ਨਸ਼ਿਆਂ ਕਾਰਨ ਮਰ ਚੁੱਕੇ ਨੇ। ਪਤਨੀ ਆਪਣੇ ਪੇਕੇ ਘਰ ਚਲੀ ਗਈ ਹੈ। ਪਿੱਛੋਂ ਵਿਧਵਾ ਮਾਂ ਆਪਣੇ ਪੋਤਰਿਆਂ ਨੂੰ ਦਿਹਾੜੀ ਕਰ ਕੇ ਪਾਲ ਰਹੀ ਹੈ। ਨਸ਼ੇੜੀਆਂ ਨੇ ਆਪਣੇ ਘਰ ਦਾ ਸਮਾਨ ਤੱਕ ਵੇਚਣਾ ਸ਼ੁਰੂ ਕਰ ਦਿੱਤਾ ਹੈ। ਹੁਣ ਗੁਆਂਢੀ ਮੁਲਕ ਪਾਕਿਸਤਾਨ ਤੋਂ ਡ੍ਰੋਨ ਰਾਹੀਂ ਲਗਾਤਾਰ ਨਸ਼ਿਆਂ ਦੀ ਸਪਲਾਈ ਹੋ ਰਹੀ ਹੈ। ਸਰਹੱਦੀ ਜ਼ਿਲ੍ਹਿਆਂ ਵਿਚ ਹਰ ਰੋਜ਼ ਪਤਾ ਨਹੀਂ ਬੀ.ਐੱਸ.ਐੱਫ. ਵੱਲੋਂ ਕਿੰਨੀ ਹੀ ਹੈਰੋਇਨ ਫੜੀ ਜਾਂਦੀ ਹੈ। ਹਾਲ ਹੀ ਵਿਚ ਖ਼ਬਰ ਪੜ੍ਹੀ ਕਿ ਲੁਧਿਆਣਾ ਵਿਖੇ ਇੱਕ ਨਾਬਾਲਿਗ ਕਬੱਡੀ ਖਿਡਾਰੀ ਦੀ ਨਸ਼ੇ ਦੇ ਟੀਕੇ ਕਾਰਣ ਮੌਤ ਹੋਈ ਹੈ। ਇੰਨੇ ਜ਼ਿਆਦਾ ਮਾੜੇ ਹਾਲਾਤ ਹੋ ਚੁੱਕੇ ਹਨ ਕਿ ਜੇ ਨਸ਼ੇ ਲਈ ਪੈਸੇ ਨਹੀਂ ਮਿਲਦੇ, ਤਾਂ ਨਸ਼ੇੜੀ ਵੱਲੋਂ ਆਪਣੇ ਘਰ ਦਾ ਸਾਰਾ ਸਮਾਨ ਵੇਚਣ ਦੀ ਖ਼ਬਰ ਪੜ੍ਹੀ। ਪੁੱਤ ਕਪੁੱਤ ਬਣ ਰਹੇ ਹਨ। ਔਲਾਦ ਬੁਢਾਪੇ ਵਿਚ ਮਾਂ-ਬਾਪ ਦਾ ਸਹਾਰਾ ਹੁੰਦੀ ਹੈ। ਕਿੰਨੇ ਲਾਡ ਚਾਅ ਨਾਲ ਮਾਂ ਬਾਪ ਔਲਾਦ ਨੂੰ ਪਾਲਦੇ ਹਨ। ਹਾਲ ਹੀ ਵਿਚ ਹੁਸ਼ਿਆਰਪੁਰ ਵਿਖੇ ਇਕ ਨਸ਼ੇੜੀ ਪੁੱਤ ਵੱਲੋਂ ਆਪਣੀ ਮਾਂ ਤੋਂ ਨਸ਼ੇ ਲਈ ਪੈਸੇ ਮੰਗੇ। ਪੈਸੇ ਨਾ ਦੇਣ 'ਤੇ ਨਸ਼ੇੜੀ ਨੇ ਤੇਜ਼ਧਾਰ ਹਥਿਆਰਾਂ ਨਾਲ ਆਪਣੀ ਮਾਂ ਹੀ ਜ਼ਖਮੀ ਕਰ ਦਿੱਤੀ। ਜ਼ਖਮਾਂ ਦੀ ਤਾਬ ਨਾ ਸਹਿੰਦੀ ਹੋਈ ਮਾਂ ਨੇ ਦਮ ਤੋੜ ਦਿੱਤਾ। ਇਨਸਾਨੀਅਤ ਸ਼ਰਮਸ਼ਾਰ ਹੋ ਚੁੱਕੀ ਹੈ। ਜੇਲ੍ਹਾਂ ਵਿਚ ਲਗਾਤਾਰ ਨਸ਼ਿਆਂ ਦੀ ਹੋ ਰਹੀ ਸਪਲਾਈ ਰੁੱਕਣ ਦਾ ਨਾਮ ਨਹੀਂ ਲੈ ਰਹੀ ਹੈ। ਹਾਲਾਂਕਿ ਸੂਬਾ ਸਰਕਾਰ ਰਾਹੀਂ ਪਤਾ ਨਹੀਂ ਕਿੰਨੇ ਹੀ ਨਸ਼ਾ ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਨਸ਼ਾ ਸਪਲਾਈ ਕਰਨ ਵਾਲੇ ਅਨਸਰਾਂ ਨੂੰ ਲਗਾਤਾਰ ਨੱਥ ਪਾਈ ਜਾ ਰਹੀ ਹੈ। ਬੇਰੁਜ਼ਗਾਰੀ ਕਾਰਨ ਵੀ ਨੌਜਵਾਨੀ ਨਸ਼ਿਆਂ ਵਿਚ ਗ੍ਰਸਤ ਹੋ ਰਹੀ ਹੈ। ਨਸ਼ਿਆਂ ਤੋਂ ਬਚਣ ਲਈ ਮਾਂ-ਪਿਉ ਨੌਜਵਾਨਾਂ ਨੂੰ ਵਿਦੇਸ਼ਾਂ ਵੱਲ ਭੇਜ ਰਹੇ ਹਨ। ਮਾਂ-ਬਾਪ ਨੂੰ ਇਹ ਹੁੰਦਾ ਹੈ ਕਿ ਕੱਲ੍ਹ ਨੂੰ ਉਨ੍ਹਾਂ ਦਾ ਬੱਚਾ ਕੋਈ ਨਸ਼ਾ ਕਰਨ ਨਾ ਲੱਗ ਜਾਵੇ। ਬੱਚਿਆਂ ਨੂੰ ਆਪਣੇ ਮਾਂ-ਪਿਓ ਦੀ ਕਦਰ ਕਰਨੀ ਚਾਹੀਦੀ ਹੈ। ਨੌਜਵਾਨੀ ਆਉਣ ਵਾਲੇ ਸਮੇਂ ਦਾ ਭਵਿੱਖ ਹੈ। ਅੱਜ ਨੌਜਵਾਨੀ ਨੂੰ ਬਚਾਉਣ ਦੀ ਲੋੜ ਹੈ। ਬੱਚਿਆਂ ਦਾ ਫਰਜ਼ ਬਣਦਾ ਹੈ ਕਿ ਸਮਾਜ ਵਿਚ ਵਿਚਰਦੇ ਹੋਏ ਉਹ ਆਪਣੇ ਨੈਤਿਕ ਕਦਰਾਂ-ਕੀਮਤਾਂ ਦੀ ਪਾਲਣਾ ਕਰਨ। ਹਰ ਇੱਕ ਦਾ ਸਤਿਕਾਰ ਕਰਨ। ਛੋਟਿਆਂ ਨਾਲ ਪਿਆਰ ਕਰਨ।

# ਚੁਣੌਤੀ ਬਣਿਆ ਪੰਜਾਬ ਦੇ ਪਿੰਡਾਂ ਦਾ ਵਿਕਾਸ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)





ਪੰਜਾਬ 'ਚ ਜਦੋਂ ਵੀ ਕਿਸੇ ਸਿਆਸੀ ਧਿਰ ਦੀ ਸਰਕਾਰ ਹੋਂਦ ਵਿਚ ਆਉਂਦੀ ਹੈ, ਉਸ ਵਲੋਂ ਪਿੰਡਾਂ ਦੇ ਵਿਕਾਸ ਦੀ ਗੱਲ ਕੀਤੀ ਜਾਂਦੀ ਹੈ। ਮੌਜੂਦਾ ਸਰਕਾਰ ਨੇ 500 "ਸਮਾਰਟ ਵਿਲੇਜ" ਬਣਾਕੇ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦਾ ਟੀਚਾ ਮਿਥਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਹਰ ਬਲਾਕ ਦੇ ਪੰਜ-ਪੰਜ ਪਿੰਡਾਂ 'ਚ ਸਿਹਤ, ਸਿੱਖਿਆ, ਖੇਡਾਂ, ਸੈਨੀਟੇਸ਼ਨ ਅਤੇ ਪੀਣ ਵਾਲੇ ਸ਼ੁੱਧ ਪਾਣੀ ਦੀ ਸਹੀ ਵਿਵਸਥਾ ਕੀਤੀ ਜਾਵੇਗੀ। ਸਰਕਾਰ ਵਲੋਂ ਪਿੰਡਾਂ 'ਚ ਛੋਟੇ ਸੂਚਨਾ ਕੇਂਦਰ ਸਥਾਪਤ ਕੀਤੇ ਜਾਣ ਦੀ ਵੀ ਯੋਜਨਾ ਹੈ, ਤਾਂ ਕਿ ਪੇਂਡੂ ਨੌਜਵਾਨ ਰੁਜ਼ਗਾਰਤ ਹੋ ਸਕਣ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਨੇ ਇਸ ਮੰਤਵ ਲਈ "ਮੇਰਾ ਪਿੰਡ ਮੇਰੀ ਰੂਹ" ਮੁਹਿੰਮ ਆਰੰਭੀ ਹੈ। ਸਰਕਾਰ ਨੇ 9 ਟੀਚੇ ਮਿੱਥੇ ਹਨ। ਪਿੰਡ 'ਚ ਹਰੇਕ ਨੂੰ ਰੋਟੀ ਮਿਲੇ, ਪਿੰਡ ਸਿਹਤਮੰਦ ਬਣੇ, ਬੱਚਿਆਂ ਦੀ ਸਿਹਤ-ਸੰਭਾਲ ਪਿੰਡ 'ਚ ਚੰਗੀ ਹੋਵੇ, ਪਿੰਡ 'ਚ ਸਾਫ਼-ਸੁਥਰਾ ਪਾਣੀ ਮਿਲੇ, ਪਿੰਡ ਸਾਫ਼-ਸੁਥਰਾ ਅਤੇ ਹਰਿਆ-ਭਰਿਆ ਹੋਵੇ, ਪਿੰਡ 'ਚ ਆਪਣਾ ਭਰਵਾਂ ਬੁਨਿਆਦੀ ਢਾਂਚਾ ਹੋਵੇ, ਪਿੰਡ 'ਚ ਸਮਾਜਿਕ ਨਿਆਂ ਮਿਲੇ, ਪਿੰਡਾਂ 'ਚ ਪ੍ਰਬੰਧਕੀ ਢਾਂਚਾ ਮਜ਼ਬੂਤ ਹੋਵੇ ਅਤੇ ਖ਼ਾਸ ਕਰਕੇ ਔਰਤਾਂ ਸੁਰੱਖਿਅਤ ਹੋਣ। ਇਹ ਸਾਰੇ ਕੰਮ ਪਿੰਡ ਪੰਚਾਇਤਾਂ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੇ ਜ਼ੁੰਮੇ ਲਾਏ ਗਏ ਹਨ, ਜਿਨ੍ਹਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਹਾੜੀ, ਸਾਉਣੀ ਉਹ ਪਿੰਡਾਂ 'ਚ ਗ੍ਰਾਮ ਸਭਾ ਦਾ ਇਜਲਾਸ ਕਰਕੇ ਪਿੰਡਾਂ ਦੇ ਕੀਤੇ ਜਾਣ ਵਾਲੇ ਕੰਮਾਂ ਦੀ ਪਹਿਲ ਨਿਰਧਾਰਤ ਕਰਨ ਅਤੇ ਲੋਕਾਂ ਦੇ ਸਹਿਯੋਗ ਨਾਲ ਕੰਮ ਕਰਨ।

ਪਿੰਡਾਂ ਦੇ ਵਿਕਾਸ ਦੀ ਜ਼ਿੰਮੇਵਾਰੀ ਪਿੰਡ ਪੰਚਾਇਤ 'ਤੇ ਹੈ, ਜਿਸ ਨੂੰ ਪਿੰਡ ਦੀ ਇਕਾਈ ਗ੍ਰਾਮ ਸਭਾ (ਪਿੰਡ ਦੇ ਸਮੂਹ ਵੋਟਰਾਂ ਦੀ ਸੰਸਥਾ) ਚੁਣਦੀ ਹੈ। ਮੌਜੂਦਾ ਸਮੇਂ 'ਚ ਸਰਪੰਚ ਦੀ ਸਿੱਧੀ ਚੋਣ ਤੋਂ ਇਲਾਵਾ ਵਾਰਡ ਬੰਦੀ ਨਾਲ ਪੰਚ ਚੁਣੇ ਜਾਂਦੇ ਹਨ। ਇਹ ਪੰਜ ਸਾਲਾਂ ਲਈ ਚੁਣੀ ਹੋਈ ਪੰਚਾਇਤ, ਪਿੰਡ ਦੇ ਵਿਕਾਸ ਲਈ ਜ਼ਿੰਮੇਵਾਰ ਹੁੰਦੀ ਹੈ। ਪਰ ਪਿਛਲੇ ਕੁਝ ਸਮੇਂ ਤੋਂ ਪਿੰਡ ਪੰਚਾਇਤਾਂ 'ਚ ਉੱਚ ਵਿਕਾਸ ਪੰਚਾਇਤ ਅਧਿਕਾਰੀਆਂ ਦੇ ਮਜ਼ਬੂਤ ਸ਼ਿਕੰਜੇ ਨੇ ਪੰਚਾਇਤਾਂ ਦਾ ਸਥਾਨਕ ਸਰਕਾਰ ਦਾ ਬਿੰਬ ਬੁਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ। ਚੁਣੀਆਂ ਪੰਚਾਇਤਾਂ ਨੂੰ ਬਲਾਕ ਵਿਕਾਸ ਪੰਚਾਇਤ ਅਫ਼ਸਰਾਂ, ਪੰਚਾਇਤ ਸਕੱਤਰਾਂ, ਗ੍ਰਾਮ ਸੇਵਕਾਂ, ਮਨਰੇਗਾ ਅਫ਼ਸਰਾਂ ਉਤੇ ਪੂਰੀ ਤਰ੍ਹਾਂ ਨਿਰਭਰ ਬਣਾ ਦਿੱਤਾ ਗਿਆ ਹੈ। ਮੌਜੂਦਾ ਸਮੇਂ 'ਚ ਹਾਲਤ ਇਥੋਂ ਤੱਕ ਬਦਤਰ ਹਨ ਕਿ ਪੰਚਾਇਤ ਸਕੱਤਰਾਂ, ਬਲਾਕ ਵਿਕਾਸ ਅਫ਼ਸਰਾਂ ਦੀ ਕਮੀ ਹੈ, ਦੋ-ਦੋ ਦਰਜਨ ਦੇ ਲਗਭਗ ਪਿੰਡਾਂ ਨੂੰ ਇੱਕ ਪੰਚਾਇਤ ਸਕੱਤਰ ਕੰਟਰੋਲ ਕਰਦਾ ਹੈ, ਜੋ ਵਿਕਾਸ ਦੇ ਕੰਮਾਂ ਲਈ ਮਤਾ ਪਾਉਂਦਾ ਹੈ, ਬੈਂਕਾਂ ਦਾ ਹਿਸਾਬ-ਕਿਤਾਬ ਰੱਖਦਾ ਹੈ, ਪੰਚਾਇਤਾਂ ਦੀਆਂ ਮੀਟਿੰਗਾਂ 'ਤੇ ਇਜਲਾਸ ਕਰਵਾਉਂਦਾ ਹੈ। ਕੀ ਇਸ ਸਥਿਤੀ 'ਚ ਕੋਈ ਪੰਚਾਇਤ ਆਪਣੇ ਤੌਰ 'ਤੇ ਕੋਈ ਸਾਰਥਕ ਕੰਮ ਚਲਾ ਸਕਦੀ ਹੈ? ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਫਗਵਾੜਾ ਦੇ 91 ਪਿੰਡ ਹਨ। ਇਨ੍ਹਾਂ 91 ਪਿੰਡਾਂ ਦੀਆਂ ਪੰਚਾਇਤਾਂ ਦੇ ਕੰਮ ਚਲਾਉਣ ਲਈ ਸਿਰਫ਼ ਤਿੰਨ ਪੰਚਾਇਤ ਸਕੱਤਰ ਹਨ, ਫਗਵਾੜਾ 'ਚ ਕੋਈ ਪੱਕਾ ਬਲਾਕ ਵਿਕਾਸ 'ਤੇ ਪੰਚਾਇਤ ਅਫ਼ਸਰ ਨਹੀਂ। ਸੁਲਤਾਨਪੁਰ ਲੋਧੀ ਦਾ ਵਿਕਾਸ ਅਤੇ ਪੰਚਾਇਤ ਅਫ਼ਸਰ ਇਥੋਂ ਦਾ ਕੰਮ ਕਦੇ ਕਦਾਈ ਆ ਕੇ ਕੰਮ ਵੇਖਦਾ ਹੈ, ਜਿਸ ਕੋਲ ਇੱਕ ਹੋਰ ਜ਼ਿਲ੍ਹੇ ਜਲੰਧਰ ਦੇ ਇੱਕ ਬਲਾਕ ਦਾ ਵੀ ਚਾਰਜ਼ ਹੈ। ਕੀ ਤਿੰਨ ਵਿਕਾਸ ਬਲਾਕਾਂ ਨੂੰ ਇੱਕ ਅਫ਼ਸਰ ਚਲਾ ਸਕਦਾ ਹੈ? ਕੀ ਨਿਰਧਾਰਤ ਟੀਚੇ ਪੂਰੇ ਕਰ ਸਕਦਾ ਹੈ?

ਪੰਚਾਇਤ ਦੇ ਆਮਦਨ ਦੇ ਸਾਧਨ ਸੀਮਤ ਹਨ। ਕੁਝ ਰਕਮ ਪੰਚਾਇਤ ਨੂੰ ਆਪਣੀ ਸ਼ਾਮਲਾਟ ਦੇ ਜ਼ਮੀਨੀ ਹਾਲੇ ਤੋਂ ਪ੍ਰਾਪਤ ਹੁੰਦੀ ਹੈ। ਕੁਝ ਰਕਮ ਕੇਂਦਰ ਸਰਕਾਰ ਤੋਂ। ਇਸ ਸਮੇਂ 13ਵੇਂ ਅਤੇ 14ਵੇਂ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਤੋਂ ਵਿਕਾਸ ਕੰਮਾਂ ਲਈ ਪ੍ਰਾਪਤ ਹੁੰਦੀ ਹੈ ਅਤੇ ਵਿਕਾਸ ਅਤੇ ਪੰਚਾਇਤ ਦੇ ਕੁਝ ਵਿਕਾਸ ਕਾਰਜ ਮਗਨਰੇਗਾ ਸਕੀਮ ਅਧੀਨ ਕੀਤੇ ਜਾਂਦੇ ਹਨ ਅਤੇ ਕੁਝ ਸੂਬਾ ਸਰਕਾਰ ਦੇ ਪੇਂਡੂ ਵਿਕਾਸ ਫੰਡ ਤੋਂ ਪ੍ਰਾਪਤ ਫੰਡਾਂ ਰਾਹੀਂ ਕਰਦੀ ਹੈ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਦੀ ਇੱਕ ਰਿਪੋਰਟ ਮੁਤਾਬਕ ਸੂਬੇ ਭਰ 'ਚ ਪੰਚਾਇਤ ਦੀ 6.68 ਲੱਖ ਏਕੜ ਪੰਚਾਇਤ ਸ਼ਾਮਲਾਟ ਜ਼ਮੀਨ ਹੈ, ਜਿਸ ਵਿਚੋਂ 4.98 ਲੱਖ ਏਕੜ ਵਾਹੀ ਯੋਗ ਨਹੀਂ ਹੈ, ਇਸ ਜ਼ਮੀਨ ਵਿਚ ਵਣ, ਸੜਕਾਂ, ਸਕੂਲ, ਡਿਸਪੈਂਸਰੀਆਂ, ਛੱਪੜ ਆਦਿ ਹਨ, ਸਿਰਫ਼ 1.70 ਲੱਖ ਏਕੜ ਪੰਚਾਇਤੀ ਜ਼ਮੀਨ ਵਾਹੀਯੋਗ ਹੈ। ਇਸਨੂੰ ਪੰਚਾਇਤ ਮਹਿਕਮਾ ਪੰਚਾਇਤਾਂ ਰਾਹੀਂ ਬੋਲੀ 'ਤੇ ਖੇਤੀ ਲਈ ਦੇਂਦਾ ਹੈ ਅਤੇ ਪਿਛਲੇ ਸਾਲ ਇਸਨੂੰ 384 ਕਰੋੜ ਦੀ ਕਮਾਈ ਹੋਈ। ਪਰ ਇਸ ਵਿਚੋਂ 18412 ਏਕੜ ਜ਼ਮੀਨ ਉਤੇ ਲੋਕਾਂ ਪ੍ਰਾਈਵੇਟ ਸੰਸਥਾਵਾਂ ਆਦਿ ਨਾਜਾਇਜ਼ ਕਬਜ਼ੇ ਹਨ। ਇਨ੍ਹਾਂ ਕਬਜ਼ਿਆਂ ਨੂੰ ਛੁਡਾਉਣ ਲਈ ਕਈ ਥਾਈਂ ਕਾਨੂੰਨੀ ਚਾਰਾਜੋਈ ਹੋਈ ਹੈ, ਪਰ ਦਹਾਕਿਆਂ ਤੋਂ ਇਹ ਕੇਸ ਲੰਬਿਤ ਹੋਣ ਕਾਰਨ 3893 ਏਕੜ ਜ਼ਮੀਨ ਛੁਡਵਾਈ ਨਹੀਂ ਜਾ ਸਕੀ। ਕਾਨੂੰਨ ਅਨੁਸਾਰ ਪੰਚਾਇਤ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਦੀ ਅਦਾਲਤ 'ਚ ਨਾਜਾਇਜ਼ ਕਬਜ਼ਾ ਛੁਡਾਉਣ ਲਈ ਕੇਸ ਦਾਇਰ ਕਰਦੀਆਂ ਹਨ, ਜਿਸਦੀ 6 ਮਹੀਨੇ 'ਚ ਸੁਣਵਾਈ ਤੇ ਫੈਸਲਾ ਜ਼ਰੂਰੀ ਹੁੰਦਾ ਹੈ, ਪਰ ਇਹ ਕੇਸ ਸਿਆਸੀ ਸਰਪ੍ਰਸਤੀ ਕਾਰਨ ਸਾਲਾਂਬੱਧੀ ਲਟਕਦੇ ਹਨ, ਉਪਰੰਤ ਡਾਇਰੈਕਟਰ ਪੰਚਾਇਤਾਂ ਕੋਲ ਅਪੀਲ ਅਤੇ ਫਿਰ ਪੰਜਾਬ ਹਰਿਆਣਾ ਹਾਈ ਕੋਰਟ 'ਚ ਅਪੀਲਾਂ ਕਾਰਨ ਪੰਚਾਇਤ ਦੀ ਆਮਦਨ ਦੇ ਵਸੀਲਿਆਂ ਵਾਲੀ ਜ਼ਮੀਨ ਨਾਜਾਇਜ਼ ਕਬਜ਼ਾ ਧਾਰੀਆਂ ਕੋਲ ਪਈ ਰਹਿੰਦੀ ਹੈ। ਇੱਕ ਸਰਕਾਰੀ ਅੰਦਾਜ਼ੇ ਅਨੁਸਾਰ ਨਾਜਾਇਜ਼ ਕਬਜ਼ਾਧਾਰੀਆਂ ਨੇ ਪੰਚਾਇਤਾਂ ਦੀ 2000 ਕਰੋੜ ਮੁੱਲ ਦੀ ਜ਼ਮੀਨ 'ਤੇ ਕਬਜ਼ੇ ਕੀਤੇ ਹੋਏ ਹਨ, ਜਿਸ ਬਾਰੇ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਇਹ ਕਬਜ਼ੇ ਸਿਆਸੀ ਸ਼ਹਿ ਕਾਰਨ ਸਮਾਜ ਦੇ ਧੱਕੇ ਧੌਂਸ ਵਾਲੇ ਲੋਕਾਂ ਵਲੋਂ ਕੀਤੇ ਗਏ ਹੋਏ ਹਨ।

ਪਿੰਡਾਂ ਦੇ ਵਿਕਾਸ ਲਈ ਮਗਨਰੇਗਾ ਸਕੀਮ ਨੂੰ ਦੇਸ਼ ਭਰ 'ਚ ਪੇਂਡੂ ਵਿਕਾਸ ਅਤੇ ਪੇਂਡੂ ਰੁਜ਼ਗਾਰ ਲਈ ਵੱਡੀ ਯੋਜਨਾ ਮੰਨਿਆ ਜਾ ਰਿਹਾ ਹੈ। ਪੰਜਾਬ 'ਚ ਵੀ ਇਹ ਲਾਗੂ ਹੈ। ਪਰ ਮਗਨਰੇਗਾ ਦਾ ਪੰਜਾਬ 'ਚ ਜੋ ਹਾਲ ਹੈ ਜਾਂ ਕਿੰਨਾ ਕੁ ਵਿਕਾਸ 'ਚ ਯੋਗਦਾਨ ਹੈ, ਉਹ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੀ ਇੱਕ ਰਿਪੋਰਟ ਤੋਂ ਵੇਖਿਆ-ਪੜ੍ਹਿਆ ਜਾ ਸਕਦਾ ਹੈ। ਅੰਕੜੇ ਦੱਸਦੇ ਹਨ ਕਿ ਵਿੱਤੀ ਵਰ੍ਹੇ 2022-23 'ਚ ਪੰਜਾਬ ਨਰੇਗਾ ਨੇ 1.52 ਲੱਖ ਕੰਮ (ਪਹਿਲੇ ਸਾਲਾਂ ਦੇ ਅਤੇ ਇਸ ਸਾਲ ਦੇ) ਉਲੀਕੇ ਸਨ, ਜਿਸ ਵਿਚੋਂ 8 ਮਹੀਨਿਆਂ 'ਚ (ਨਵੰਬਰ 2022) ਤੱਕ ਸਿਰਫ਼ 18.78 ਫ਼ੀਸਦੀ ਹੀ ਪੂਰੇ ਕੀਤੇ ਗਏ। ਸੂਬੇ ਨੇ ਸਕੀਮ ਅਧੀਨ 1500 ਕਰੋੜ ਖ਼ਰਚਣੇ ਸਨ, ਜਿਸ ਵਿਚ 853.46 ਕਰੋੜ ਹੀ ਖ਼ਰਚੇ (56.9 ਫ਼ੀਸਦੀ)। ਕੁੱਲ ਮਿਲਾਕੇ ਪੰਜਾਬ 'ਚ 153 ਵਿਕਾਸ ਬਲਾਕ ਹਨ। ਜਿਨ੍ਹਾਂ ਅਧੀਨ 13,326 ਗ੍ਰਾਮ ਪੰਚਾਇਤਾਂ ਹਨ। ਇਨ੍ਹਾਂ ਵਿਚੋਂ 654 ਪੰਚਾਇਤਾਂ ਇਹੋ ਜਿਹੀਆਂ ਹਨ, ਜਿਨ੍ਹਾਂ 'ਚ ਮਗਨਰੇਗਾ ਸਕੀਮ ਅਧੀਨ ਇੱਕ ਵੀ ਪੈਸਾ ਨਹੀਂ ਖਰਚਿਆ ਗਿਆ। ਮਗਨਰੇਗਾ ਸਕੀਮ ਅਧੀਨ 60 ਫ਼ੀਸਦੀ ਮਜ਼ਦੂਰੀ ਅਤੇ 40 ਫੀਸਦੀ ਮਟੀਰੀਅਲ (ਸਮਾਨ) 'ਤੇ ਖਰਚਿਆ ਜਾਣਾ ਹੁੰਦਾ ਹੈ। ਇਸ ਰਕਮ ਵਿਚੋਂ 25 ਫ਼ੀਸਦੀ ਸੂਬੇ ਦਾ ਹਿੱਸਾ ਹੁੰਦਾ ਹੈ। ਇਸ ਵਰ੍ਹੇ 'ਚ ਲੇਬਰ ਦਾ ਹਿੱਸਾ ਤਾਂ 71 ਫ਼ੀਸਦੀ ਖ਼ਰਚ ਦਿੱਤਾ ਗਿਆ ਪਰ ਮਟੀਰੀਅਲ ਦਾ ਹਿੱਸਾ ਸਿਰਫ਼ 28.56 ਖਰਚਿਆ ਗਿਆ। ਜਿਸਦਾ ਸਿੱਧਾ ਭਾਵ ਇਹ ਹੈ ਕਿ ਵਰਕਰਾਂ ਦੇ ਸਾਲਾਨਾ 100 ਦਿਨ ਦਾ ਰੁਜ਼ਗਾਰ ਪੈਦਾ ਕਰਨ ਲਈ ਸੜਕਾਂ, ਛੱਪੜ ਆਦਿ ਸਾਫ਼ ਕਰਨ ਉਤੇ ਹੀ ਮਜ਼ਦੂਰੀ ਕਰਵਾ ਦਿੱਤੀ ਗਈ, ਵਿਕਾਸ ਦੇ ਕੰਮਾਂ ਦੀ ਅਣਦੇਖੀ ਹੋਈ, ਜਿਸਦਾ ਸਿੱਧਾ ਕਾਰਨ ਸੂਬੇ ਵਿਚ ਰੇਤਾ, ਬਜਰੀ ਅਤੇ ਹੋਰ ਸਮਾਨ ਦੀ ਕਮੀ ਜਾਂ ਵੱਧ ਰੇਟਾਂ 'ਤੇ ਮਿਲਣਾ ਹੈ, ਕਿਉਂਕਿ ਇਮਾਰਤੀ ਮਟੀਰੀਅਲ ਨਾ ਮਿਲਣ ਕਾਰਨ ਪੇਂਡੂ ਵਿਕਾਸ ਦੇ ਕੰਮ ਠੱਪ ਪਏ ਹਨ ਅਤੇ ਬਹੁਤੇ ਥਾਈ ਪੰਚਾਇਤਾਂ ਦੇ ਖ਼ਾਤਿਆਂ 'ਚ ਫੰਡ ਤਾਂ ਹਨ, ਪਰ ਖ਼ਰਚੇ ਨਹੀਂ ਜਾ ਰਹੇ। ਉਂਜ ਵੀ ਮਗਨਰੇਗਾ 'ਚ ਕੋਈ ਵੀ ਨਵਾਂ ਪ੍ਰਾਜੈਕਟ ਆਨਲਾਈਨ ਦਾਖ਼ਲ ਹੁੰਦਾ ਹੈ, ਜਿਸ 'ਚ ਨਿਰਧਾਰਤ ਇਮਾਰਤੀ ਮਟੀਰੀਅਲ ਦਾ ਭਾਅ ਨੀਅਤ ਹੈ। ਭਾਵ ਜੇਕਰ ਕੋਈ ਉਸਾਰੀ ਕਰਨੀ ਹੈ, ਤਾਂ ਸੀਮਿੰਟ ਪਰਤੀ ਬੋਰਾ ਦੀ ਕੀਮਤ 300 ਰੁਪਏ ਪ੍ਰਤੀ ਬੋਰਾ ਹੈ, ਪਰ ਮਾਰਕੀਟ 'ਚ 400 ਰੁਪਏ ਤੋਂ ਉਪਰ ਹੈ, ਤਾਂ ਇਸ ਰੇਟ ਦਾ ਫ਼ਰਕ ਕਿਹੜੀ ਪੰਚਾਇਤ ਜਾਂ ਅਧਿਕਾਰੀ ਚੁੱਕੇਗਾ? ਉਂਜ ਵੀ ਜਿਵੇਂ ਮਾਰਕੀਟ ਵਿਚ ਮਜ਼ਦੂਰੀ ਦਾ ਪ੍ਰਤੀ ਦਿਨ ਰੇਟ 400 ਰੁਪਏ ਤੋਂ 500 ਰੁਪਏ ਹੈ, ਜਦਕਿ ਮਗਨਰੇਗਾ 'ਚ ਇਹ ਰੇਟ 250 ਤੋਂ 300 ਰੁਪਏ ਪ੍ਰਤੀ ਦਿਹਾੜੀ ਹੈ।

ਭਾਰਤੀ ਸੰਵਿਧਾਨ ਵਿਚ 73ਵੀਂ ਸੋਧ ਜੋ 1992 'ਚ ਪਾਸ ਕੀਤੀ ਗਈ ਅਤੇ ਅਪ੍ਰੈਲ 1993 'ਚ ਇਹ ਸੋਧ ਲਾਗੂ ਹੋਈ, ਇਸ ਵਿਚ ਪੰਚਾਇਤੀ ਸੰਸਥਾਵਾਂ ਨੂੰ ਜ਼ਮੀਨੀ ਪੱਧਰ 'ਤੇ ਸੂਬਾਈ ਅਤੇ ਕੇਂਦਰੀ ਸਕੀਮਾਂ ਲਾਗੂ ਕਰਨ ਲਈ ਵੱਧ ਅਧਿਕਾਰ ਮਿਲੇ। ਗ੍ਰਾਮ ਸਭਾ ਦੀ ਸਥਾਪਨਾ ਹੋਈ। ਪੰਚਾਇਤਾਂ ਅਧੀਨ 29 ਮਹਿਕਮੇ ਲਿਆਂਦੇ ਗਏ। ਪਰ ਇਹ ਅਧਿਕਾਰ ਧਰੇ ਧਰਾਏ ਰਹਿ ਗਏ, ਸਿਆਸਤਦਾਨਾਂ ਅਤੇ ਅਫ਼ਸਰਸ਼ਾਹੀ ਨੇ ਪੰਚਾਇਤਾਂ ਨੂੰ ਇਨ੍ਹਾਂ ਅਧਿਕਾਰਾਂ ਦੀ ਵਰਤੋਂ ਕਰਨ ਹੀ ਨਾ ਦਿੱਤੀ। ਪੰਚਾਇਤਾਂ ਨੂੰ ਦਿੱਤੇ ਜਾਂਦੇ ਫੰਡਾਂ ਨੂੰ ਵੀ ਅਤੇ ਇਸ ਦੇ ਖ਼ਰਚ ਨੂੰ ਵੀ ਸੂਬਿਆਂ ਦੀਆਂ ਸਰਕਾਰਾਂ ਨੇ "ਫੰਡ ਨਿਯਮਿਤ" ਕਰਨ ਦੇ ਨਾਮ ਉਤੇ ਲਗਭਗ ਆਪਣੇ ਅਧੀਨ ਕਰ ਲਿਆ। ਹੁਣ ਸਥਿਤੀ ਇਹ ਹੈ ਕਿ ਪੰਚਾਇਤਾਂ ਸਥਾਨਕ ਸਰਕਾਰਾਂ ਵਜੋਂ ਨਹੀਂ, ਸਗੋਂ ਸੂਬਾ ਸਰਕਾਰ ਦੇ ਇੱਕ ਮਹਿਕਮੇ ਦੇ ਅੰਗ ਵਜੋਂ ਹੀ ਚੱਲਦੀਆਂ ਦਿੱਸਦੀਆਂ ਹਨ। ਉਂਜ ਵੀ ਪੰਚਾਇਤਾਂ ਨੂੰ ਮਿਲਣ ਵਾਲੇ ਫੰਡਾਂ ਦੀ ਕਮੀ ਵੀ ਪੇਂਡੂ ਵਿਕਾਸ ਦੇ ਆੜੇ ਆ ਰਹੀ ਹੈ।

ਪੰਜਾਬ 'ਚ ਪਿੰਡਾਂ ਦੇ ਵਿਕਾਸ ਲਈ ਪਹਿਲੀਆਂ ਸਰਕਾਰਾਂ ਵਲੋਂ ਵੀ ਟੀਚੇ ਮਿੱਥੇ ਜਾਂਦੇ ਰਹੇ ਹਨ, ਕਦੇ ਮਾਡਲ ਸਕੀਮ ਬਣਾਈ ਗਈ, ਕਦੇ ਕੋਈ ਹੋਰ ਸਕੀਮ, ਚੁਣੇ ਪਿੰਡਾਂ ਲਈ ਲੱਖਾਂ-ਕਰੋੜਾਂ ਦੀਆਂ ਸਰਕਾਰੀ ਗ੍ਰਾਂਟਾਂ ਸਿਆਸੀ ਆਧਾਰ 'ਤੇ ਦਿੱਤੀਆਂ ਗਈਆਂ, ਕਈ ਪਿੰਡਾਂ 'ਚ ਪ੍ਰਵਾਸੀ ਪੰਜਾਬੀਆਂ ਨੇ ਪਿੰਡਾਂ ਦੇ ਸੁਧਾਰ ਲਈ ਬੁਨਿਆਦੀ ਢਾਂਚਾ ਬਣਾਇਆ, ਖੇਡ ਸਟੇਡੀਅਮ, ਸਕੂਲ ਇਮਾਰਤਾਂ ਆਦਿ ਦੀ ਉਸਾਰੀ ਕੀਤੀ, ਪਰ ਪਿੰਡਾਂ ਦੇ ਸਮੂਹਿਕ ਵਿਕਾਸ ਲਈ ਪਿੰਡ ਪੱਧਰੀ ਜਾਂ ਬਲਾਕ ਪੱਧਰੀ ਕੋਈ ਵੀ ਪਲਾਨਿੰਗ (ਯੋਜਨਾ) ਦੀ ਅਣਹੋਂਦ ਰਹੀ। ਬਹੁਤੇ ਪਿੰਡ 'ਚ ਬੇਲੋੜਾ ਬੁਨਿਆਦੀ ਢਾਂਚਾਂ ਉਸਾਰਿਆ ਗਿਆ ਅਤੇ ਪਿੰਡ 'ਚ ਲੋੜੀਂਦੀਆਂ ਸੁਵਿਧਾਵਾਂ ਪ੍ਰਦਾਨ ਨਾ ਕੀਤੀਆਂ ਗਈਆਂ। ਆਮ ਤੌਰ 'ਤੇ ਗਲੀਆਂ, ਨਾਲੀਆਂ ਪੱਕੀਆਂ ਕਰਨ, ਗੰਦੇ ਪਾਣੀ ਦੇ ਨਿਕਾਸ ਆਦਿ ਤੱਕ ਹੀ ਪਿੰਡਾਂ ਦਾ ਵਿਕਾਸ ਸੀਮਤ ਕਰ ਦਿੱਤਾ ਗਿਆ।

ਲੋੜ ਤਾਂ ਇਸ ਗੱਲ ਦੀ ਸੀ ਕਿ ਪੰਚਾਇਤਾਂ ਨੂੰ ਸਥਾਨਕ ਸਰਕਾਰ ਵਜੋਂ ਵਿਕਸਤ ਕੀਤਾ ਜਾਂਦਾ। ਹਰ ਪਿੰਡ ਅਤੇ ਫਿਰ ਹਰ ਦਸ ਪਿੰਡਾਂ ਦੇ ਕਲਸਟਰ ਬਣਾਕੇ ਪਿੰਡਾਂ ਦੇ ਵਿਕਾਸ ਦੀ ਰੂਪ ਰੇਖਾ ਤਿਆਰ ਹੁੰਦੀ। ਬਲਾਕ ਪੱਧਰ 'ਤੇ ਸਮੂਹਿਕ ਪੇਂਡੂ ਵਿਕਾਸ ਲਈ ਯੋਜਨਾਵਾਂ ਬਣਦੀਆਂ। ਕਿਥੇ ਹਸਪਤਾਲ ਖੋਲ੍ਹਣਾ ਹੈ, ਕਿਥੇ ਲੋੜ ਅਨੁਸਾਰ ਹਾਈ, ਪ੍ਰਾਈਮਰੀ ਸਕੂਲ ਖੋਲ੍ਹਿਆ ਜਾਣਾ ਹੈ, ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ ਹੈ, ਨੌਜਵਾਨਾਂ ਲਈ ਵੋਕੇਸ਼ਨਲ ਸੈਂਟਰ ਖੋਲ੍ਹਣੇ ਹਨ, ਵੱਡੇ ਖੇਡ ਮੈਦਾਨ ਦੀ ਵਿਵਸਥਾ ਕਿਥੇ ਹੋਵੇ ਅਤੇ ਫੰਡਾਂ ਦੀ ਵਿਵਸਥਾ ਸੂਬਾ ਅਤੇ ਕੇਂਦਰ ਸਰਕਾਰ ਸਿਆਸੀ ਪੱਧਰ 'ਤੇ ਨਹੀਂ, ਸਗੋਂ ਇਲਾਕੇ ਦੀਆਂ ਲੋੜਾਂ ਅਨੁਸਾਰ ਕਰੇ।

ਪਰ ਇਹ ਸਭ ਕੁਝ ਸਿਆਸੀ ਰੌਲੇ-ਰੱਪੇ, ਪੇਂਡੂ ਧੜੇਬੰਦੀ, ਅਨਪੜ੍ਹਤਾ, ਅਗਿਆਨਤਾ ਦੀ ਭੇਂਟ ਚੜ੍ਹ ਗਿਆ। ਇਸ ਵੇਲੇ ਪੰਜਾਬ ਦਾ ਪੰਚਾਇਤੀ ਢਾਂਚਾ ਤਾਂ ਬੁਰੀ ਤਰ੍ਹਾਂ ਇਸ ਲਪੇਟ ਵਿਚ ਹੈ। ਜਦੋਂ ਗ੍ਰਾਂਟ ਇਹ ਤਹਿ ਕਰਕੇ ਦੇਣ ਦੀ ਪਿਰਤ ਹੋਵੇ ਕਿ ਕਿਸ ਪਿੰਡ ਤੇ ਕਿਸ ਪੰਚਾਇਤ ਨੇ ਵੋਟਾਂ ਕਿਸ ਸਿਆਸੀ ਧਿਰ ਨੂੰ ਪਾਈਆਂ ਹਨ ਅਤੇ ਸਿਆਸਤਦਾਨ ਹਾਕਮ ਵੀ ਇਹ ਲਿਸਟਾਂ ਚੁੱਕੀ ਫਿਰਨ ਅਤੇ ਥਾਣੇ ਕਚਿਹਰੀ ਪੰਚਾਇਤਾਂ ਜਾਂ ਉਨ੍ਹਾਂ ਨਾਲ ਜੁੜੇ ਲੋਕਾਂ ਨੂੰ ਖ਼ੱਜਲ ਕਰਨ ਤਾਂ ਫਿਰ ਵੱਧ ਅਧਿਕਾਰ, ਪਿੰਡ ਦਾ ਵਿਕਾਸ ਤਾਂ ਕਿਵੇਂ ਵੀ ਸੰਭਵ ਨਹੀਂ ਹੋ ਸਕਦਾ।

ਪੰਜਾਬ ਦਾ ਪਿੰਡ, ਪੰਜਾਬ ਦਾ ਪੰਚਾਇਤੀ ਸਿਸਟਮ ਸਿਆਸੀ ਚੁੰਗਲ 'ਚ ਫਸ ਚੁੱਕਾ ਹੈ, ਸੁਚੇਤ ਲੋਕ ਹੀ ਗ੍ਰਾਮ ਸਭਾਵਾਂ ਨੂੰ ਜਾਗ੍ਰਿਤ ਕਰਕੇ, ਪੰਜਾਬ ਦੀ ਵਿਰਾਸਤ ਪੰਚ-ਪ੍ਰਧਾਨੀ ਸਿਸਟਮ ਨੂੰ ਮੁੜ ਸਥਾਪਿਤ ਕਰ ਸਕਦੇ ਹਨ।




Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਲੋਕ ਕਾਫ਼ਿਰ ਕਾਫਰ ਆਖਦੇ



ਡਾ.ਅਜੀਤ ਸਿੰਘ ਕੋਟਕਪੂਰਾ
(Punjab Mail USA)



ਪੰਜਾਬੀ ਸੂਫ਼ੀ ਕਾਵਿ ਦੇ ਚਾਰ ਮੀਨਾਰ ਸਮਝੇ ਜਾਂਦੇ ਹਨ : ਬਾਬਾ ਫਰੀਦ ਜੀ, ਸ਼ਾਹ ਹੁਸੈਨ, ਸੁਲਤਾਨ ਬਾਹੂ ਅਤੇ ਬੁੱਲ੍ਹੇ ਸ਼ਾਹ। ਬਾਬਾ ਫਰੀਦ ਜੀ ਨੇ ਬਾਰਵੀਂ ਤੋਂ ਪੰਦਰਵੀਂ ਸਦੀ ਦਰਮਿਆਨ ਇਸ ਕਾਵਿ ਦੀ ਪ੍ਰਤੀਨਿਧਤਾ ਕੀਤੀ। ਸ਼ਾਹ ਹੁਸੈਨ ਨੇ ਸੌਲ੍ਹਵੀਂ ਸਦੀ ਦੀ, ਸੁਲਤਾਨ ਬਾਹੂ ਨੇ ਸਤਾਰ੍ਹਵੀਂ ਸਦੀ ਦੀ ਅਤੇ ਬੁੱਲ੍ਹੇ ਸ਼ਾਹ ਨੇ ਅਠਾਰ੍ਹਵੀਂ ਸਦੀ ਦੀ ਪ੍ਰਤੀਨਿਧਤਾ ਕੀਤੀ ਸੀ। ਸਾਰੇ ਵਿਦਵਾਨਾਂ ਦੁਆਰਾ ਹੀ ਸੂਫ਼ੀਆਂ ਲਈ ਵਲੀ ਸ਼ਬਦ ਦਾ ਪ੍ਰਯੋਗ ਹੀ ਕੀਤਾ ਹੈ। ਨਬੀ ਸ਼ਬਦ ਤੋਂ ਵੱਖ ਇਸ ਸ਼ਬਦ ਦੇ ਅਰਥ ਕੁਝ ਇਸ ਤਰ੍ਹਾਂ ਪ੍ਰਗਟਾਏ ਗਏ ਹਨ। ਨਬੀ ਉਹ ਹੁੰਦਾ ਹੈ, ਜਿਸ ਨੂੰ ਅੱਲ੍ਹਾ ਨੇ ਆਪਣੇ ਲਈ ਚੁਣਿਆ ਹੈ ਅਤੇ ਵਲੀ ਉਹ ਹੈ, ਜਿਸਨੇ ਅੱਲ੍ਹਾ ਨੂੰ ਆਪਣੇ ਲਈ ਚੁਣਿਆ ਹੈ। ਇਸ ਤਰ੍ਹਾਂ ਨਬੀ ਪੈਗ਼ੰਬਰ ਹੋ ਗਿਆ ਅਤੇ ਵਲੀ ਆਸ਼ਕ ਹੋ ਗਿਆ। ਅੱਲ੍ਹਾ ਨੇ ਆਪਣੀ ਬਾਣੀ ਨਬੀ ਰਾਹੀਂ ਆਪਣੀ ਰਚਨਾ ਤੱਕ ਪੁੱਜਦੀ ਕੀਤੀ ਪ੍ਰੰਤੂ ਸੂਫ਼ੀ ਆਪਣੇ ਕਾਵਿ ਰਾਹੀਂ ਆਪਣੇ ਅੱਲ੍ਹਾ ਤੱਕ, ਆਪਣੇ ਮੂਲ ਤੱਕ, ਆਪਣੇ ਇਸ਼ਕ ਤੱਕ ਪੁੱਜਾ। ਇਸ ਕਾਵਿ ਅੰਦਰ ਵਸੀ ਖ਼ੂਬਸੂਰਤੀ ਇਸ ਪ੍ਰੇਮ ਭਾਵ ਦੀ ਸ਼ਿੱਦਤ ਕਾਰਨ ਹੋਂਦਸ਼ੀਲ ਹੈ। ਸ਼ਿੱਦਤ ਦੀ ਹਾਜ਼ਰੀ ਹੀ ਕਾਫੀ ਕਾਵਿ ਨੂੰ ਜਨਮ ਦਿੰਦੀ ਹੈ। ਬੁੱਲੇ ਨੇ ਆਪਣੇ ਸ਼ਬਦਾਂ ਵਿਚ ਕੁਝ ਇਸ ਤਰ੍ਹਾਂ ਵਰਨਣ ਕੀਤਾ ਹੈ ਕਿ:-

ਘੁੰਘਟ ਚੁੱਕ ਓ ਸੱਜਣਾ ,
ਹੁਣ ਸ਼ਰਮਾ ਕਾਹਨੂੰ ਰੱਖੀਆਂ ਵੇ।

ਵਲੀ ਉਹ ਹੈ, ਜਿਸ ਨੂੰ ਅੱਲ੍ਹਾ ਨੇ ਅਪਣਾ ਲਿਆ ਹੈ ਅਤੇ ਸੂਫ਼ੀ ਸ਼ਬਦ ਸਫ਼ਾ ਸ਼ਬਦ ਤੋਂ ਬਣਿਆ ਹੈ, ਜਿਸ ਦਾ ਅਰਥ ਪਾਕ ਪਵਿੱਤਰ ਹੋਣ ਤੋਂ ਹੈ। ਉਹ ਦਿਲ ਜਿਸ ਨੇ ਆਪਣੇ ਆਪ ਨੂੰ ਇਤਨਾ ਸਾਫ ਪਾਕ ਕਰ ਲਿਆ, ਤਾਂ ਜੋ ਉਸ ਦਾ ਇਸ਼ਕ ਇਸ ਦੇ ਅੰਦਰ ਵਸਣ ਤੋਂ ਇਨਕਾਰ ਕਰ ਹੀ ਨਾ ਸਕੇ। ਇਹ ਅਵਸਥਾ ਹੀ ਇਹੋ ਜਿਹਾ ਕਾਵਿ ਰਚ ਸਕਦੀ ਹੈ:-

ਤੇਰੇ ਜਿਹਾ ਮੈਨੂੰ ਹੋਰ ਨਾ ਕੋਈ, ਢੂੰਢਾਂ ਜੰਗਲ ਬੇਲੇ ਰੋਹੀ,
ਢੂੰਢਾਂ ਤਾਂ ਸਾਰਾ ਜਹਾਨ ਵੇ ਵੇਹੜੇ ਆ ਵੜ ਮੇਰੇ।

ਉਸ ਦਾ ਅੱਲ੍ਹਾ ਨਬੀ ਦੇ ਅੱਲ੍ਹਾ ਨਾਲੋਂ ਇਥੇ ਆ ਕੇ ਵੱਖਰਾ ਹੋ ਜਾਂਦਾ ਹੈ। ਅੱਲ੍ਹਾ ਦੀ ਦੀਦਾਰੀ ਕਰਾਮਾਤ ਨਾਲ ਨਬੀ ਭੈ ਭੀਤ ਹੋ ਜਾਂਦਾ ਹੈ ਅਤੇ ਬੁੱਲ੍ਹਾ ਨੂਰੋ-ਨੂਰ ਹੋ ਉੱਠਦਾ ਹੈ। ਇਸ ਹਾਲਤ ਵਿਚ ਨੂਰੋ-ਨੂਰ ਹੋਇਆ ਬੁੱਲ੍ਹਾ ਨੱਚ ਉੱਠਦਾ ਹੈ ਅਤੇ ਗੀਤ ਬਣ ਜਾਂਦਾ ਹੈ, ਪ੍ਰੇਮ ਦਾ ਇਸ਼ਕ ਦਾ ਗੀਤ। ਨਬੀ ਦੀ ਵਹੀ ਅਤੇ ਸੂਫ਼ੀ ਦੀ ਬਾਣੀ ਇਸ ਤਰੀਕੇ ਨਾਲ ਇੱਕ ਦੂਜੇ ਤੋਂ ਭਿੰਨ੍ਹ ਹੋ ਜਾਂਦੀਆਂ ਹਨ। ਇਸ ਬਰੀਕ ਲੀਕ ਨੂੰ ਲੱਭਣ ਤੋਂ ਬਿਨਾ ਸੂਫ਼ੀ ਕਾਵਿ ਅਧਿਐਨ ਨੂੰ ਕਿਉਂ ਪ੍ਰੇਰਿਤ ਕਰਦਾ ਹੈ। ਉਸ ਦੀ ਰਸਨਾ ਬਿਨਾ ਕਿਸੇ ਉਚੇਚ ਤੋਂ ਅੱਜ ਵੀ ਬੁੱਲ੍ਹੇ ਸ਼ਾਹ ਦੀ ਕਾਫੀ ਨਾਲ ਸੁਆਦ ਦੀ ਭਰੀ-ਭਰੀ ਰਹਿੰਦੀ ਹੈ। ਇਸ ਵਿਚਲੀ ਘੁੰਡੀ ਹੀ ਪੰਜਾਬੀਆਂ ਅੰਦਰ ਪਿਆਸ ਨੂੰ ਵਧਾਉਂਦੀ ਹੈ।

ਅੱਲ੍ਹਾ ਜਿਸ ਨੂੰ ਪਿਆਰ ਕਰਦਾ ਹੈ, ਉਹ ਨਬੀ ਹੈ ਅਤੇ ਜਿਸ ਨੂੰ ਅੱਲ੍ਹਾ ਨਾਲ ਇਸ਼ਕ ਹੋ ਜਾਂਦਾ ਹੈ, ਉਸ ਨੂੰ ਸੂਫ਼ੀ ਕਿਹਾ ਜਾਂਦਾ ਹੈ। ਅੱਲ੍ਹਾ ਨੂੰ ਸਿੱਧਮ ਸਿੱਧਾ ਮਿਲ ਲੈਣ ਦੇ ਲੋਕਾਂ ਦੇ ਚਾਅ ਅੱਗੇ ਪੁਜਾਰੀ ਵਰਗ ਖੰਦਕ ਬੰਦ ਉਚਾਰਦਾ ਹੈ। ਬੁੱਲ੍ਹੇ ਦਾ ਕਾਵਿ ਇਸ ਖੰਦਕ ਨੂੰ ਮਿਟਾਉਣ ਦਾ ਹੋਕਾ ਹੋ ਨਿਬੜਦਾ ਹੈ, ਇਸ ਤਰ੍ਹਾਂ ਨਾਲ ਇਹ ਕਾਵਿ ਲੋਕਾਈ ਦੀ ਹੀ ਜ਼ੁਬਾਨ ਹੋ ਜਾਇਆ ਕਰਦਾ ਹੈ। ਉਸ ਨੇ ਲਿਖਿਆ ਹੈ ਕਿ:-

ਬੁੱਲ੍ਹਿਆ ਧਰਮਸ਼ਾਲਾ ਧੜਵਾਈ ਰਹਿੰਦੇ, ਠਾਕੁਰ ਦੁਆਰੇ ਠੱਗ,
ਵਿਚ ਮਸੀਤਾਂ ਕੁਸਤੀਏ ਰਹਿੰਦੇ ਤੇ ਆਸ਼ਕ ਰਹਿਣ ਅਲੱਗ।

ਇਸ ਢੰਗ ਨਾਲ ਉਸ ਨੂੰ ਆਪਣੇ ਅੰਦਰੋਂ ਪੁਜਾਰੀ ਵਰਗ ਦੇ ਕਰਮਕਾਂਡ ਤੋਂ ਮੁਕਤੀ ਦਾ ਮਾਰਗ ਨਜ਼ਰ ਆਉਂਦਾ ਹੈ। ਉਸ ਨੇ ਲਿਖਿਆ ਹੈ ਕਿ:-

ਬੁੱਲ੍ਹਿਆ ਆਸ਼ਕ ਹੋਇਓਂ ਰੱਬ ਦਾ, ਮੁਲਾਮਤ ਹੋਈ ਲਾਖ।
ਲੋਕ ਕਾਫ਼ਿਰ ਕਾਫਰ ਆਖਦੇ, ਤੂੰ ਆਹੋ ਆਹੋ ਆਖ।

ਅੱਜ ਵੀ ਪੁਜਾਰੀਆਂ ਅਤੇ ਲੋਕਾਂ ਦੇ ਦਰਮਿਆਨ ਇਹ ਝਗੜਾ ਚੱਲ ਹੀ ਰਿਹਾ ਹੈ। ਅੱਜ ਵੀ ਬੁੱਲ੍ਹਾ ਪੰਜਾਬੀ ਲੋਕ ਮਨ ਦੀ ਜੀਭ ਬਣਿਆ ਹੋਇਆ ਨਜ਼ਰੀ ਪੈਂਦਾ ਹੈ। ਉਸ ਦੇ ਰਚੇ ਹੋਏ ਦੋਹੜੇ ਤਾਂ ਪੰਜਾਬੀ ਭਾਸ਼ਾ ਦੇ ਮੁਹਾਵਰੇ ਹੀ ਬਣ ਚੁੱਕੇ ਹਨ, ਜਿਵੇਂ:-

ਬੁੱਲ੍ਹਿਆ ਪੀ ਸ਼ਰਾਬ ਤੇ ਖਾ ਕਬਾਬ, ਹੇਠ ਬਾਲ ਹੱਡਾਂ ਦੀ ਅੱਗ,
ਚੋਰੀ ਕਰ ਤੇ ਭੰਨ ਘਰ ਰੱਬ ਦਾ, ਉਸ ਠੱਗਾਂ ਦੇ ਠੱਗ ਨੂੰ ਠੱਗ।

ਅਤੇ ਉਹ ਲਿਖਦਾ ਹੈ ਕਿ:-

ਬੁੱਲ੍ਹੇ ਨੂੰ ਲੋਕੀਂ ਮੱਤਾਂ ਦਿੰਦੇ, ਬੁੱਲ੍ਹਿਆਂ ਤੂੰ ਜਾ ਬਹੁ ਮਸੀਤੀਂ।
ਵਿਚ ਮਸੀਤਾਂ ਕਿ ਕੁਝ ਹੁੰਦਾ, ਜੇ ਦਿਲੋਂ ਨਮਾਜ਼ ਨਾ ਕੀਤੀ।
ਬਾਹਰੋਂ ਪਾਕ ਕੀਤੇ ਕਿ ਹੁੰਦਾ, ਜੇ ਅੰਦਰੋਂ ਨਾ ਗਈ ਪਲੀਤੀ।
ਬਿਨ ਮੁਰਸ਼ਿਦ ਕਾਮਲ ਬੁੱਲ੍ਹਿਆਂ, ਤੇਰੀ ਐਵੇਂ ਗਈ ਇਬਾਦਤ ਕੀਤੀ।

ਉਨ੍ਹਾਂ ਵਲੋਂ ਰਚੇ ਬਹੁਤ ਸਾਰੇ ਮੁਖੜੇ ਤੇ ਦੋਹੜੇ ਅੱਜ ਦੀ ਪੰਜਾਬੀ ਲੋਕ ਗਾਇਕੀ ਦੀ ਰੂਹ ਬਣ ਚੁੱਕੇ ਹਨ। ਇਹ ਦਿਲ ਅੰਦਰ ਵਸਦੀ ਖੁਲ ਖਿਆਲੀ ਦੀ ਤਰਜ਼ਮਾਨੀ ਕਰਨ ਤੋਂ ਇਲਾਵਾ ਪੰਜਾਬੀਆਂ ਦੇ ਦਿਲਾਂ ਅੰਦਰ ਆਪਣੇ ਪਿਆਰ ਤੋਂ ਸਾਹ ਜਿੰਨੀ ਵਿਥ ਦੀ ਦੂਰੀ ਨੂੰ ਝੱਲ ਸਕਣ ਦਾ ਜਿਗਰਾ ਨਹੀਂ ਰੱਖ ਸਕਦੇ ਅਤੇ ਨਾ ਹੀ ਅੱਲ੍ਹਾ ਨੂੰ ਆਪਣੇ ਇਸ਼ਕ ਨੂੰ ਉਹ ਅੱਖੋਂ ਓਹਲੇ ਛੁਪੇ ਰਹਿਣਾ ਬਖ਼ਸ਼ਦੇ ਹਨ। ਕਦੇ ਕਾਜ਼ੀ ਤੇ ਮੁੱਲਾਂ ਨੇ ਬੁੱਲ੍ਹੇ ਦੀ ਲਾਸ਼ ਨੂੰ ਕਬਰ ਵਿਚ ਪਾਉਣ ਵਾਸਤੇ ਕਸੂਰ ਦੇ ਕਬਰਿਸਤਾਨ ਅੰਦਰ ਢਾਈ ਗਜ਼ ਜ਼ਮੀਨ ਦੇਣ ਦੀ ਆਗਿਆ ਨਹੀਂ ਦਿੱਤੀ ਸੀ। ਅੱਜ ਦਾ ਕਸੂਰ ਸ਼ਹਿਰ ਬੁੱਲ੍ਹੇ ਦੀ ਕਬਰ ਦੁਆਲੇ ਹੀ ਵਸਿਆ ਹੋਇਆ ਦਿਖਾਈ ਦੇ ਰਿਹਾ ਹੈ।

ਬੁੱਲ੍ਹੇ ਸ਼ਾਹ ਦਾ ਅਸਲ ਨਾਂ ਅਬਦੁੱਲਾ ਜਾਂ ਅਬਦੁੱਲਾ ਸ਼ਾਹ ਸੀ, ਆਪਣੇ ਅਸਲ ਨਾਂ ਦੇ ਸਬੰਧ ਵਿਚ ਬੁੱਲ੍ਹੇ ਨੇ ਲਿਖਿਆ ਹੈ ਕਿ:-

ਹੁਣ ਇਨ੍ਹ ਅਲਾਹ ਆਖ ਕੇ ਤੁਮ ਕਰੋ ਦੁਆਈਂ,
ਪੀਆ ਹੀ ਸਭ ਹੋ ਗਿਆ, ਅਬਦੁੱਲਾ ਨਾਹੀਂ।

ਬੁੱਲ੍ਹਾ ਇਕ ਪ੍ਰਸਿੱਧ ਸੱਯਦ ਪਰਿਵਾਰ ਨਾਲ ਸਬੰਧ ਰੱਖਦਾ ਸੀ। ਬੁੱਲ੍ਹੇ ਸ਼ਾਹ ਦਾ ਜਨਮ ਕਸੂਰ (ਪੱਛਮੀ ਪਾਕਿਸਤਾਨ) ਦੇ ਨੇੜੇ ਪਿੰਡ ਪਾਂਡੋਕੇ ਵਿਖੇ ਹੋਇਆ। ਬੁੱਲ੍ਹੇ ਦੇ ਜਨਮ ਅਤੇ ਕਾਲ ਵੱਸ ਹੋਣ ਦੀਆਂ ਤਰੀਕਾਂ ਦੇ ਸਬੰਧ ਵਿਚ ਵਿਦਵਾਨਾਂ ਦੇ ਮਤਭੇਦ ਹਨ ਪ੍ਰੰਤੂ ਇਹ ਮੰਨ ਲਿਆ ਗਿਆ ਹੈ ਕਿ ਬੁੱਲ੍ਹੇ ਸ਼ਾਹ ਦਾ ਜਨਮ 1680 ਈਸਵੀ ਵਿਚ ਹੋਇਆ ਅਤੇ ਮ੍ਰਿਤੂ ਦਾ ਸਾਲ 1758 ਈਸਵੀ ਠੀਕ ਹਨ। ਉਸ ਦੇ ਪਿਤਾ ਦਾ ਨਾਂ ਸਯਦ ਮੁਹੰਮਦ ਜਾਂ ਮੀਆਂ ਮੁਹੰਮਦ ਦਰਵੇਸ਼ ਸੀ, ਜੋ ਆਪਣੇ ਹੀ ਪਿੰਡ ਵਿਚ ਪੜ੍ਹਾਉਣ ਦਾ ਕੰਮ ਕਰਦਾ ਸੀ। ਸਯਦ ਮੁਹੰਮਦ ਬਹੁਤ ਹੀ ਨੇਕ ਅਤੇ ਪ੍ਰਭੂ ਭਗਤ ਵਿਅਕਤੀ ਹੋਇਆ ਹੈ, ਉਸ ਦੇ ਅੰਦਰ ਆਪਣੇ ਪੁੱਤਰ ਬੁੱਲ੍ਹੇ ਨੂੰ ਉਚੇਰੀ ਵਿਦਿਆ ਦੇਣ ਦੀ ਰੀਝ ਸੀ।

ਇੱਕ ਰਵਾਇਤ ਅਨੁਸਾਰ ਉਸ ਦਾ ਜਨਮ ਰਿਆਸਤ ਬਹਾਵਲਪੁਰ ਦੇ ਮਸ਼ਹੂਰ ਪਿੰਡ ਉੱਚ-ਗਿਲਾਨੀਆ ਵਿਚ ਹੋਇਆ। ਉਹ ਅਜੇ 6 ਮਹੀਨੇ ਦਾ ਹੀ ਸੀ ਕਿ ਉਸ ਦੇ ਮਾਪੇ ਉਸ ਨੂੰ ਉੱਚ-ਗਿਲਾਨੀਆ ਤੋਂ ਪਹਿਲਾਂ ਮਲਕਵਾਲ ਤੇ ਫਿਰ ਕੁਝ ਦਿਨ ਠਹਿਰ ਕੇ ਪਾਂਡੋਕੇ ਜ਼ਿਲ੍ਹਾ ਲਾਹੌਰ ਆ ਗਏ। ਉਨ੍ਹਾਂ ਦਾ ਬਚਪਨ ਪਾਂਡੋਕੇ ਵਿਚ ਹੀ ਬੀਤਿਆ। ਪੜ੍ਹਾਈ-ਲਿਖਾਈ ਦੇ ਨਾਲ ਉਹ ਡੰਗਰ ਵੀ ਚਾਰਨ ਲੱਗੇ। ਇੱਕ ਦਿਨ ਉਹ ਡੰਗਰ ਲੈ ਕੇ ਬਾਹਰ ਗਏ ਅਤੇ ਇੱਕ ਰੁੱਖ ਦੀ ਸੰਘਣੀ ਛਾਂ ਹੇਠਾਂ ਸੌਂ ਗਏ। ਡੰਗਰਾਂ ਨੇ ਇਕ ਜ਼ਿਮੀਂਦਾਰ ਜੀਵਨ ਖਾਂ ਦੇ ਖੇਤ ਦਾ ਨਾਸ਼ ਕਰ ਦਿੱਤਾ ਕਿਉਂ ਜੋ ਡੰਗਰ ਉਸ ਦੇ ਖੇਤ ਅੰਦਰ ਵੜ ਗਏ ਸਨ। ਜ਼ਿਮੀਂਦਾਰ ਪੂਰੇ ਰੋਹ ਵਿਚ ਵਾਗੀ ਨੂੰ ਸਜਾ ਦੇਣ ਖਾਤਿਰ ਅੱਗੇ ਵਧਿਆ। ਉਥੇ ਉਸ ਨੇ ਡਿਠਾ ਕਿ ਬੁੱਲ੍ਹੇ ਸ਼ਾਹ ਤਾਂ ਸੁਤਾ ਪਿਆ ਹੈ ਅਤੇ ਇੱਕ ਫਨੀਅਰ ਸੱਪ ਨੇ ਸਾਇਆ ਕੀਤਾ ਹੋਇਆ ਹੈ। ਉਹ ਦੌੜ ਕੇ ਪਿੰਡ ਗਿਆ ਅਤੇ ਮੌਲਵੀ ਸਾਹਿਬ ਨੂੰ ਸ਼ਿਕਾਇਤ ਕੀਤੀ ਕੇ ਤੁਹਾਡੇ ਪੁੱਤ ਨੇ ਮੇਰਾ ਖੇਤ ਉਜਾੜ ਦਿੱਤਾ ਤੇ ਉਹ ਉਥੇ ਮੋਇਆ ਪਿਆ ਹੈ। ਉਹ ਘਬਰਾ ਕੇ ਭੱਜੇ ਭੱਜੇ ਆਏ, ਵੇਖਿਆ ਕੇ ਲੜਕਾ ਤਾਂ ਅਰਾਮ ਨਾਲ ਸੁੱਤਾ ਪਿਆ ਹੈ। ਸੱਪ ਇਨ੍ਹਾਂ ਦਾ ਸ਼ੋਰ ਸੁਣ ਕੇ ਨੱਸ ਗਿਆ। ਬੁੱਲ੍ਹੇ ਸ਼ਾਹ ਉੱਠ ਬੈਠਾ। ਪਿਓ ਨੇ ਆਖਿਆ ਕਿ ਅਸੀਂ ਪ੍ਰਦੇਸੀ ਇਥੋਂ ਦੇ ਜ਼ਿਮੀਂਦਾਰਾਂ ਦਾ ਮੁਕਾਬਲਾ ਨਹੀਂ ਕਰ ਸਕਦੇ, ਤੂੰ ਧਿਆਨ ਰੱਖਿਆ ਕਰ ਅਤੇ ਡੰਗਰਾਂ ਨੂੰ ਕਿਸੇ ਖੇਤ ਵਲ ਨਾ ਜਾਣ ਦਿਆ ਕਰ। ਦੇਖ ਡੰਗਰਾਂ ਨੇ ਜੀਵਨ ਖਾਂ ਦਾ ਖੇਤ ਉਜਾੜ ਸੁਟਿਆ ਹੈ। ਬੁੱਲ੍ਹੇ ਨੇ ਆਖਿਆ ਕੇ ਜੀਵਨ ਖਾਂ ਦਾ ਖੇਤ ਤਾਂ ਬਿਲਕੁਲ ਠੀਕ ਹੈ। ਜਦੋਂ ਸਾਰਿਆਂ ਨੇ ਜਾ ਕੇ ਦੇਖਿਆ ਤਾਂ ਖੇਤ ਸੱਚਮੁੱਚ ਹੀ ਹਰਿਆ ਭਰਿਆ ਸੀ। ਜੀਵਨ ਖਾਂ ਇਸ ਕਰਾਮਾਤ ਨੂੰ ਦੇਖ ਕੇ ਹੈਰਾਨ ਹੋ ਗਿਆ ਅਤੇ ਉਹ ਖੇਤ ਉਸ ਨੇ ਆਪ ਦੀ ਨਜ਼ਰ ਗੁਜ਼ਾਰ ਦਿੱਤਾ, ਜੋ ਹੁਣ ਤੱਕ ਸਾਈਂ ਮੁਹੰਮਦ ਦਰਵੇਸ਼ ਦੇ ਮਜ਼ਾਰ ਦੀ ਮਲਕੀਅਤ ਹੈ।

ਬੁੱਲ੍ਹੇ ਸ਼ਾਹ ਨੇ ਆਪਣੀ ਮੁੱਢਲੀ ਸਿੱਖਿਆ ਦੂਸਰੇ ਬਾਲਕਾਂ ਵਾਂਗ ਆਪਣੇ ਪਿੰਡ ਪਾਂਡੋਕੇ ਦੇ ਮਦਰੱਸੇ ਵਿਚ ਹੀ ਪ੍ਰਾਪਤ ਕੀਤੀ। ਪਿੰਡ ਦਾ ਮਦਰੱਸਾ ਬੁੱਲ੍ਹੇ ਸ਼ਾਹ ਦੇ ਪਿਤਾ ਸਖੀ ਮੁਹੰਮਦ ਦਰਵੇਸ਼ ਜੀ ਹੀ ਚਲਾ ਰਹੇ ਸਨ। ਵਾਰਿਸ ਦੀ ਤਰ੍ਹਾਂ ਬੁੱਲ੍ਹੇ ਨੂੰ ਵੀ ਘਰ ਵਾਲਿਆਂ ਦਾ ਸੁਖ ਨਸੀਬ ਨਹੀਂ ਹੋਇਆ ਸੀ। ਕੇਵਲ ਉਸ ਦੀ ਭੈਣ ਨੇ ਹੀ ਸਹੀ ਅਰਥ ਵਿਚ ਉਸ ਨੂੰ ਸਮਝਿਆ। ਉਹ ਵੀ ਬੁੱਲ੍ਹੇ ਵਾਂਗਰਾਂ ਪੱਕੀ ਸੂਫ਼ੀ ਸੀ ਅਤੇ ਸਾਰੀ ਉਮਰ ਹੀ ਕੁਆਰੀ ਰਹੀ। ਉਨ੍ਹਾਂ ਦਿਨਾਂ ਵਿਚ ਕਸੂਰ (ਜ਼ਿਲ੍ਹਾ ਲਾਹੌਰ) ਇਸਲਾਮੀ ਵਿਦਿਆ ਦਾ ਇੱਕ ਪ੍ਰਸਿੱਧ ਕੇਂਦਰ ਸੀ। ਉਥੋਂ ਦੇ ਖੇਸਗੀ ਪਠਾਣ ਵੱਡੇ ਜੱਥੇ ਵਾਲੇ ਸਨ। ਔਰੰਗਜ਼ੇਬ ਤਾਂ ਸਿੱਖਾਂ ਨਾਲ ਲਾਹੌਰ ਤੇ ਸਰਹੰਦ ਵਿਚਕਾਰ ਉਲਝਿਆ ਹੋਇਆ ਸੀ। ਲਾਹੌਰ ਦਾ ਸੂਬੇਦਾਰ ਅਬਦ-ਅਲ-ਸਮਦ ਖਾਂ ਤੇ ਫਿਰ ਜ਼ਕਰੀਆ ਖਾਂ ਸਿੱਖਾਂ ਪਿੱਛੇ ਬੁਰੀ ਤਰ੍ਹਾਂ ਪਿਆ ਹੋਇਆ ਸੀ। ਕਸੂਰ ਇਕ ਤਰ੍ਹਾਂ ਦਾ ਆਜ਼ਾਦ ਤੇ ਅਮਨ ਵਿਚ ਸੀ ਅਤੇ ਲਾਹੌਰ ਰਾਜ ਦਾ ਇਸ ਉਪਰ ਕੋਈ ਕੁੰਡਾ ਜਾਂ ਅੰਕੁਸ਼ ਨਹੀਂ ਸੀ। ਚਾਰੇ ਪਾਸਿਆਂ ਤੋਂ ਰੱਜੇ-ਪੁੱਜੇ ਪਠਾਣ ਕਸੂਰ ਆ ਕੇ ਵੱਸ ਗਏ ਸਨ ਅਤੇ ਕਸੂਰ ਆਲਮਾਂ, ਫਾਜ਼ਿਲਾਂ ਤੇ ਵਿਦਵਾਨਾਂ ਦਾ ਗੜ੍ਹ ਬਣ ਚੁੱਕਾ ਸੀ।

ਬੁੱਲ੍ਹੇ ਸ਼ਾਹ ਆਪਣੀ ਮੁੱਢਲੀ ਵਿਦਿਆ ਪ੍ਰਾਪਤ ਕਰਨ ਉਪਰੰਤ ਕਸੂਰ ਆ ਗਏ। ਇਥੇ ਇਨ੍ਹਾਂ ਨੇ ਮੌਲਵੀ ਗੁਲਾਮ ਮੁਰਤਜ਼ਾ ਪਾਸੋਂ ਉਨ੍ਹਾਂ ਦੇ ਚਰਨਾਂ ਵਿਚ ਬੈਠ ਸਿੱਖਿਆ ਪ੍ਰਾਪਤ ਕੀਤੀ। ਮੌਲਵੀ ਸਾਹਿਬ ਬਹੁਤ ਵੱਡੇ ਫਾਰਸੀ, ਅਰਬੀ ਦੇ ਆਲਮ ਸਨ। ਜ਼ਾਹਰੀ ਇਲਮ ਸਿੱਖਣ ਪਿੱਛੋਂ ਬੁੱਲ੍ਹੇ ਦੇ ਅੰਦਰ ਰੂਹਾਨੀ ਭੁਖ ਚਮਕੀ ਜਵਾਨੀ ਵਿਚ ਕਦਮ ਰੱਖਿਆ ਅਤੇ ਕੁਝ ਮਜਬੂਰ ਹੋ ਗਏ। ਰੱਬੀ ਪਿਆਰ ਵਿਚ ਲੈਣ ਰਹਿਣ ਲੱਗੇ। ਕਸੂਰ ਪਿੱਛੋਂ ਇਕ ਵਾਰ ਫਿਰਦੇ-ਫਿਰਾਂਦੇ ਬਟਾਲਾ (ਗੁਰਦਸਪੂਰ) ਪੁੱਜੇ। ਮਨਸੂਰ ਦੇ ਵਾਂਗ ਉਨ੍ਹਾਂ ਦੇ ਮੂੰਹੋਂ ਨਿਕਲਿਆ ਕਿ ਮੈਂ ਅੱਲ੍ਹਾ ਹਾਂ, ਜਦੋਂ ਕਿ ਮਨਸੂਰ ਨੇ ਅਨਲਹੱਕ ਆਖਿਆ ਸੀ। ਲੋਕ ਬੁੱਲ੍ਹੇ ਨੂੰ ਫੜ ਕੇ ਦਰਬਾਰ ਫਾਜ਼ਲਾ ਦੇ ਮੋਢੀ ਸ਼ੇਖ ਫਾਜ਼ਿਲ-ਉਦ-ਦੀਨ ਕੋਲ ਲੈ ਗਏ। ਉਨ੍ਹਾਂ ਨੇ ਫ਼ਰਮਾਇਆ ਕਿ ਇਹ ਤਾਂ ਸੱਚ ਹੀ ਕਹਿੰਦਾ ਹੈ ਕਿ ਇਹ ਅੱਲ੍ਹਾ ਹੈ, ਭਾਵ ਕੱਚਾ ਅਰਥਾਤ ਅੱਲ੍ਹੜ ਹੈ, ਇਸ ਨੂੰ ਆਖੋ ਕਿ ਸ਼ਾਹ ਇਨਾਇਤ ਕੋਲ ਜਾ ਕੇ ਪੱਕ ਕੇ ਆਵੇ। ਇਥੋਂ ਬੁੱਲ੍ਹਾ ਲਾਹੌਰ ਚਲਾ ਗਿਆ, ਜਿਥੇ ਇਨਾਇਤ ਸ਼ਾਹ ਕਾਦਰੀ ਸੱਤਾਰੀ ਰਹਿੰਦੇ ਸਨ। ਇਨਾਇਤ ਸ਼ਾਹ ਹਜ਼ਰਤ ਰਜ਼ਾ ਸ਼ਾਹ ਸੱਤਾਰੀ ਦੇ ਪੱਕੇ ਮੁਰੀਦ ਸਨ। ਆਪ ਜੀ ਨੇ ਵੱਡਾ ਤਪ ਤੇ ਜ਼ੁਹਦ ਕੀਤਾ ਸੀ ਅਤੇ ਕਰਨੀ ਵਾਲੇ ਪੀਅਰ ਸਨ। ਆਪ ਜਾਤ ਦੇ ਅਰਾਈਂ ਅਤੇ ਕਸੂਰ ਦੇ ਜੰਮਪਲ ਸਨ। ਇਨਾਇਤ ਸ਼ਾਹ ਆਪ ਲਾਹੌਰੀ ਅਖਵਾਉਂਦੇ ਸਨ, ਫਿਰਦੇ ਹੋਏ ਆਪ ਕਸੂਰ ਚਲੇ ਗਏ ਅਤੇ ਕਈ ਮੁਰੀਦ ਬਣਾਏ:-

## ਦਾਰਾ ਸ਼ਿਕੋਹ ਕਾਦਰੀ ਫਿਰਕੇ ਦੇ ਸਿਧਾਂਤ ਇਸ ਤਰ੍ਹਾਂ ਲਿਖਦਾ ਹੈ ਕਿ:-

1. ਕਾਦਰੀ ਸੂਫ਼ੀ ਤਿਆਗ ਦੁਆਰਾ ਅੰਤਰੀਵ ਸੁਤੀਆਂ ਆਤਮਿਕ ਤਾਕਤਾਂ ਨੂੰ ਜਗਾਉਣ ਵਿਚ ਵਿਸ਼ਵਾਸ਼ ਰੱਖਦੇ ਹਨ।
2. ਕਾਦਰੀ ਮੱਤ ਕਿਸੇ ਵੀ ਧਾਰਮਿਕ ਰਸਮਾਂ ਰਿਵਾਜ਼ਾਂ ਵਿਚ ਵਿਸ਼ਵਾਸ ਨਹੀਂ ਰੱਖਦਾ।
3. ਕਾਦਰੀ ਮੱਤ ਬਾਹਰਲੇ ਮੁਸਲਮਾਨੀ ਬੇਖ ਤੇ ਸ਼ਰ੍ਹਾ ਆਦਿ ਦੀ ਕਰੜਾਈ ਉਤੇ ਵਿਸ਼ਵਾਸ਼ ਨਹੀਂ ਰੱਖਦਾ।
4. ਮਨੁੱਖ ਆਪਣੇ ਪੀਰ ਜਾਂ ਮੁਰਸ਼ਿਦ ਦੁਆਰਾ ਹੀ ਰੱਬ ਨੂੰ ਮਿਲ ਸਕਦਾ ਹੈ।
5. ਰੱਬ ਵੀ ਆਪਣੇ ਮੁਰਸ਼ਿਦ ਰਾਹੀਂ ਦੁਨੀਆਂ ਵਿਚ ਪ੍ਰਗਟ ਹੁੰਦਾ ਹੈ।

ਕਾਦਰੀ ਸੂਫ਼ੀ ਉੱਚ ਆਚਰਣ ਦੇ ਹੁੰਦੇ ਸੀ ਅਤੇ ਉਹ ਗ੍ਰਹਿਸਥ ਵੀ ਧਾਰਨ ਨਹੀਂ ਕਰਦੇ ਸੀ। ਮੀਆਂ ਮੀਰ ਨੇ ਸ਼ਾਦੀ ਨਹੀਂ ਕਰਵਾਈ ਸੀ। ਉਸ ਦੇ ਬਹੁਤ ਸਾਰੇ ਮੁਰੀਦ ਵੀ ਜਤੀ-ਸਤੀ ਹੀ ਰਹੇ। ਇਨਾਇਤ ਸ਼ਾਹ ਉੱਚ ਕੋਟੀ ਦਾ ਵਿਦਵਾਨ ਤੇ ਸੂਫ਼ੀ ਸੰਤ ਸੀ। ਮੀਆਂ ਮੀਰ ਤੋਂ ਚਲੀ ਰਵਾਇਤ ਅਨੁਸਾਰ ਬੁੱਲ੍ਹੇ ਨੇ ਵੀ ਸਾਰੀ ਉਮਰ ਸ਼ਾਦੀ ਨਹੀਂ ਕੀਤੀ। ਇੱਕ ਥਾਂ ਤੇ ਉਹ ਮੁੱਲਾਂ ਅਤੇ ਮਸ਼ਾਲਚੀ ਬਾਰੇ ਲਿਖਦੇ ਹਨ ਕਿ:-

ਬੁੱਲ੍ਹਿਆ ਮੁੱਲਾਂ ਅਤੇ ਮਿਸਾਲਚੀ, ਦੋਹਾਂ ਇੱਕੋ ਚਿੱਤ।
ਲੋਕਾਂ ਕਰਦੇ ਚਾਨਣਾ, ਆਪ ਹਨੇਰੇ ਨਿਤ।

ਜਦ ਬਟਾਲੇ ਤੋਂ ਬੁੱਲ੍ਹੇ ਸ਼ਾਹ ਨੂੰ ਲਾਹੌਰ ਜਾਣ ਦੀ ਹਦਾਇਤ ਹੋਈ, ਤਾਂ ਬੁੱਲ੍ਹਾ ਆਪਣੇ ਮੁਰਸ਼ਿਦ ਨੂੰ ਮਿਲਣ ਖਾਤਿਰ ਲਾਹੌਰ ਪੁੱਜਾ। ਤਜਕਰਾ ਬੁੱਲ੍ਹੇ ਸ਼ਾਹ ਬਰਨੀ ਅਨੁਸਾਰ ਜਦੋਂ ਬੁੱਲ੍ਹਾ ਮੁਰਸ਼ਿਦ ਪਾਸ ਪੁੱਜਾ, ਤਾਂ ਇਨਾਇਤ ਸ਼ਾਹ ਆਪਣੇ ਖੇਤ ਵਿਚ ਗੰਢਿਆਂ ਦੀ ਪਨੀਰੀ ਲਾ ਰਹੇ ਸਨ। ਬੁੱਲ੍ਹੇ ਨੂੰ ਵੇਖ ਉਨ੍ਹਾਂ ਨੇ ਸਹਿਜ ਸੁਭਾ ਪੁੱਛਿਆ ਕਿ ਜੁਆਨ ਕਿਵੇਂ ਆਇਆ ਹੈਂ। ਤਾਂ ਬੁੱਲ੍ਹੇ ਨੇ ਕਿਹਾ ਕਿ ਮੈਂ ਰੱਬ ਦਾ ਰਾਹ ਪੁੱਛਣ ਆਇਆ ਹਾਂ। ਰੱਬ ਕਿਵੇਂ ਪਾਈਦਾ ਹੈ। ਇਨਾਇਤ ਸ਼ਾਹ ਨੇ ਅੱਗੋਂ ਪਨੀਰੀ ਇੱਕ ਥਾਂ ਤੋਂ ਦੂਜੀ ਥਾਂ ਪੁੱਤ ਕੇ ਲਾਉਂਦਿਆਂ ਉੱਤਰ ਦਿੱਤਾ ਕਿ ਬੁੱਲ੍ਹਿਆ ਰੱਬ ਦਾ ਕਿ ਪਾਉਣਾ, ਇੱਧਰੋਂ ਪੁੱਟਣਾ ਤੇ ਉਧਰ ਲਾਉਣਾ। ਇਸ ਗੱਲ ਦਾ ਬੁੱਲੇ ਦੇ ਮਨ ਤੇ ਅਜੀਬ ਅਸਰ ਕੀਤਾ। ਸਮਝ ਆ ਗਈ ਕਿ ਬਸ ਦੁਨੀਆਂ ਵਲੋਂ ਮਨ ਨੂੰ ਹੋੜਨਾ ਤੇ ਰੱਬ ਵਲ ਜੋੜਨਾ ਹੀ ਅਸਲ ਫ਼ਕੀਰੀ ਹੈ। ਉਹ ਮੁਰਸ਼ਿਦ ਦੇ ਕਦਮਾਂ 'ਤੇ ਡਿੱਗ ਪਿਆ ਤੇ ਸਦਾ ਲਈ ਮੁਰੀਦ ਹੋ ਗਿਆ।

ਬੁੱਲ੍ਹੇ ਸ਼ਾਹ ਆਪਣੇ ਆਪ ਨੂੰ ਕੁਝ ਨਹੀਂ ਸਮਝਦਾ, ਉਹ ਕਹਿੰਦਾ ਹੈ ਕਿ ਜੋ ਕੁਝ ਮੈਂ ਪਾਇਆ ਹੈ, ਉਹ ਸਭ ਆਪਣੇ ਮੁਰਸ਼ਿਦ ਅਨਾਇਤ ਸ਼ਾਹ ਦੀ ਅਪਾਰ ਕਿਰਪਾ ਦੁਆਰਾ ਹੀ ਪ੍ਰਾਪਤ ਕੀਤਾ ਹੈ, ਜਿਸ ਨੂੰ ਧੁਰ ਰੱਬੋਂ ਹੀ ਇਹ ਆਵਾਜ਼ ਸੁਣੀ ਹੈ ਕਿ ਰੱਬ ਸਭਨਾਂ ਵਿਚ ਵਸਦਾ ਹੈ। ਇਸ ਤਰ੍ਹਾਂ ਉਹ ਪ੍ਰਭੂ ਪ੍ਰਾਪਤੀ ਵਿਚ ਗੁਰੂ ਜਾਂ ਮੁਰਸ਼ਿਦ ਦਾ ਸਥਾਨ ਸਰਵੋਤਮ ਮੰਨਦਾ ਹੈ, ਉਹ ਲਿਖਦਾ ਹੈ ਕਿ:-

ਅਰਸ਼ ਮੁਨਵਰੋਂ ਮਿਲੀਆਂ ਬਾਂਗਾਂ,
ਸੁਣਿਆ ਤਖਤ ਲਾਹੌਰ।
ਸ਼ਾਹ ਅਨਾਇਤ ਕੁੰਡੀਆਂ ਪਾਈਆਂ,
ਲੁਕ ਛਿੱਪ ਖਿੱਚਦਾ ਡੋਰ।

ਉਸ ਨੇ ਮਨੋਂ ਅਰਾਈਂ ਜਾਤ ਦੇ ਦਰਵੇਸ਼ ਨੂੰ ਆਪਣਾ ਮੁਰਸ਼ਿਦ ਧਾਰ ਲਿਆ ਸੀ, ਜਦੋਂਕਿ ਉਹ ਆਪ ਸਯਦ ਘਰਾਣੇ ਦਾ ਨੌਂ-ਨਿਹਾਲ ਸੀ। ਜਦੋਂ ਉਹ ਆਪਣੇ ਪਿੰਡ ਮਾਪਿਆਂ ਨੂੰ ਮਿਲਣ ਗਿਆ, ਤਾਂ ਉਸ ਦੀਆਂ ਚਾਚੀਆਂ, ਤਾਈਆਂ ਤੇ ਭੈਣਾਂ-ਭਰਜਾਈਆਂ ਉਸ ਦੇ ਦੁਆਲੇ ਆ ਜੁੜੀਆਂ ਤੇ ਉਸ ਨੂੰ ਬੁਰਾ-ਭਲ਼ਾ ਕਹਿਣ ਲੱਗੀਆਂ ਕਿ ਉਸ ਨੇ ਸਯਦ ਕੁਲ ਨੂੰ ਲੀਕਾਂ ਲਾਈਆਂ ਹਨ। ਇਸ ਦਾ ਵਰਨਣ ਉਸ ਨੇ ਆਪਣੀ ਉਲੀਕੀ ਕਾਫੀ ਵਿਚ ਇਸ ਤਰ੍ਹਾਂ ਕੀਤਾ ਹੈ:-

ਬੁੱਲ੍ਹੇ ਨੂੰ ਸਮਝਾਵਣ ਆਈਆਂ,
ਭੈਣਾਂ ਤੇ ਭਰਜਾਈਆਂ।
ਤੂੰ ਕਿਓਂ ਬੁੱਲ੍ਹਿਆ, ਸਯਦ ਹੋ ਕੇ,
ਕੁਲ ਨੂੰ ਲੀਕਾਂ ਲਾਈਆਂ।

ਇਸੇ ਹੀ ਗੱਲ ਨੂੰ ਇੱਕ ਹੋਰ ਥਾਂ ਲਿਖਿਆ ਹੈ ਕਿ ਤੂੰ ਹਜ਼ਰਤ ਨਬੀ ਤੇ ਅਲੀ ਦੀ ਔਲਾਦ ਹੋ ਕੇ ਇੱਕ ਅਰਾਈਂ ਦਾ ਪੱਲਾ ਕਿਉਂ ਫੜਿਆ ਹੈ:-

ਬੁੱਲ੍ਹੇ ਨੂੰ ਸਮਝਾਵਣ ਆਈਆਂ,
ਭੈਣਾਂ ਤੇ ਭਰਜਾਈਆਂ।
ਆਲ ਨਬੀ ਔਲਾਦ ਅਲੀ ਦੀ,
ਬੁੱਲ੍ਹਿਆਂ ਤੂੰ ਕਿਓਂ ਲੀਕਾਂ ਲਾਈਆਂ ?
ਮੰਨ ਲੈ ਬੁੱਲ੍ਹਿਆ ਸਦਾ ਕਹਿਣਾ,
ਛੱਡ ਦੇ ਪੱਲਾ ਰਾਈਆਂ।

ਹੁਣ ਬੁੱਲ੍ਹਾ ਆਪਣੀ ਮੰਜ਼ਿਲ ਨੂੰ ਪਾ ਚੁੱਕਾ ਸੀ, ਉਸ ਨੂੰ ਹੁਣ ਸ਼ੋਹਰਤ ਦੀ ਕੋਈ ਚਿੰਤਾ ਨਹੀਂ ਸੀ ਤੇ ਨਾ ਕੋਈ ਨਮੋਸ਼ੀ ਦਾ ਫਿਕਰ ਸੀ। ਸਯਦ ਹੋਣ ਦਾ ਕੋਈ ਮਾਣ ਨਹੀਂ ਸੀ। ਉਸ ਨੇ ਉੱਤਰ ਵਿਚ ਕਾਫੀ ਲਿਖੀ, ਜੋ ਇਸ ਤਰ੍ਹਾਂ ਹੈ:-

ਜਿਹੜਾ ਸਾਨੂੰ ਸਯਦ ਆਖੇ, ਦੋਜ਼ਖ ਮਿਲਣ ਸਜ਼ਾਈਆਂ,
ਜਿਹੜਾ ਸਾਨੂੰ ਅਰਾਈਂ ਆਖੇ ਬਹਿਸ਼ਤੀ ਪੀਂਘਾਂ ਪਾਈਆਂ।
ਜੇ ਤੂੰ ਲੋੜੇ ਬਾਗ਼ ਬਹਾਰਾਂ, ਬੁੱਲ੍ਹਿਆ ਤਾਲਬ ਹੋ ਜਾ ਰਾਈਆਂ।

ਹੁਣ ਬਾਹਰਲੀਆਂ ਰਸਮਾਂ, ਰਹੁ-ਰੀਤੀਆਂ ਤੇ ਪਲੀਤ ਦਿਲਾਂ ਨਾਲ ਗੁਜ਼ਾਰੀਆਂ ਨਮਾਜ਼ਾਂ ਉਸ ਨੂੰ ਚੰਗੀਆਂ ਨਹੀਂ ਲੱਗਦੀਆਂ ਸਨ। ਉਸ ਨੇ ਲਿਖਿਆ ਹੈ ਕਿ:-

ਨਾ ਖੁਦਾ ਮਸੀਤੇ ਲੱਭਦਾ, ਨਾ ਲੱਭਦਾ ਵਿਚ ਕਾਅਬੇ।
ਨਾ ਖੁਦਾ ਕੁਰਾਨ ਕਿਤਾਬਾਂ, ਨਾ ਖੁਦਾ ਨਿਮਾਜ਼ੇ।
ਨਾ ਖੁਦਾ ਮੈਂ ਤੀਰਥ ਡਿੱਠਾ, ਐਵੈਂ ਪੈਂਡੇ ਝਾਗੇ।
ਬੁੱਲ੍ਹਾ ਸ਼ਹੁ ਜਦ ਮੁਰਸ਼ਦ ਮਿਲ ਗਿਆ, ਟੁਟੇ ਸਭ ਤਗਾਦੇ।

ਇਕ ਦੋਹੜੇ ਦੇ ਅੰਦਰ ਉਸ ਲਿਖਿਆ ਹੈ ਕਿ:-

ਭੱਠ ਨਿਮਾਜ਼ਾਂ ਤੇ ਚਿੱਕੜ ਰੋਜ਼ੇ,
ਕਲਮਾਂ ਤੇ ਫਿਰ ਗਈ ਸਿਆਹੀ।
ਬੁੱਲ੍ਹੇ ਸ਼ਾਹ ਸ਼ਹੁ ਅੰਦਰ ਮਿਲਿਆ,
ਭੁੱਲੀ ਫਿਰੇ ਲੋਕਾਈ।

ਜਾਂ ਉਸ ਨੇ ਇਹ ਦੋਹੜਾ ਵੀ ਲਿਖਿਆ ਹੈ ਕਿ:-

ਬੁੱਲ੍ਹਿਆ ਖਾ ਹਰਾਮ ਤੇ ਪੜ੍ਹ ਸ਼ੁਕਰਾਨ,
ਕਰ ਤੌਬਾ ਤਰਕ ਸਵਾਬੋਂ।
ਛੋੜ ਮਸੀਤ ਤੇ ਪਕੜ ਕਿਨਾਰਾ,
ਤੇਰੀ ਛੁਟਸੀ ਜਾਨ ਅਜ਼ਾਬੋਂ।

ਪ੍ਰੰਤੂ ਬੁੱਲ੍ਹੇ ਦੇ ਬੋਲ ਉਸ ਦੇ ਮੁਰਸ਼ਿਦ ਨੂੰ ਨਾ ਭਾਏ ਤੇ ਉਨ੍ਹਾਂ ਨੇ ਬੁੱਲ੍ਹੇ ਤੋਂ ਆਪਣਾ ਮੂੰਹ ਮੋੜ ਲਿਆ। ਬਸ ਫਿਰ ਕਿ ਸੀ ਬੁੱਲ੍ਹੇ ਦੇ ਇਸ਼ਕ ਦੀ ਚਿਣਗ ਮੱਚ ਉਠੀ ਤੇ ਭਾਂਬੜ ਬਣ-ਬਣ ਨਜ਼ਰੀਂ ਆਈ। ਇਹ ਬੁੱਲ੍ਹੇ ਦੀ ਕਾਵਿ ਕਲਾ ਦਾ ਸਿਖਰ ਹੋ ਨਿੱਬੜੀ। ਬੁੱਲ੍ਹੇ ਦੇ ਜੀਵਨ ਦਾ ਇਹ ਜੋਬਨ ਸੀ, ਉਸ ਦੇ ਇਸ਼ਕ ਦਾ ਕਮਾਲ ਸੀ, ਹਿਜਰ ਦੀ ਹੱਦ ਸੀ ਅਤੇ ਕਵਿਤਾ ਆਪਣੇ ਪੂਰੇ ਜਲਾਲ 'ਤੇ ਸੀ। ਬੁੱਲ੍ਹੇ ਲਈ ਮੁਰਸ਼ਿਦ ਦਾ ਵਿਛੋੜਾ ਸੂਲਾਂ ਉਤੇ ਸੌਣ ਜਿਹਾ ਸੀ।

ਸੂਫ਼ੀ ਮਤ ਵਿਚ ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਦੀ ਨੀਂਹ ਮੰਨਿਆ ਹੈ। ਇਹੋ ਕਾਰਣ ਹੈ ਕਿ ਬੁੱਲ੍ਹਾ ਵੀ ਆਪਣੇ ਰੱਬੀ ਪ੍ਰੇਮ ਨੂੰ ਦੁਨਿਆਵੀ ਪ੍ਰੇਮ ਦੇ ਰੂਪਕਾਂ ਦੁਆਰਾ ਪ੍ਰਗਟ ਕਰਦਾ ਹੈ। ਕੁਝ ਇਹੋ ਜਿਹੀ ਰੁਚੀ ਹੀ ਗੁਰਬਾਣੀ ਅੰਦਰ, ਬਾਬਾ ਫ਼ਰੀਦ ਤੇ ਸ਼ਾਹ ਹੁਸੈਨ ਦੀ ਰਚਨਾ ਵਿਚ ਵੀ ਮਿਲਦੀ ਹੈ। ਬੁੱਲ੍ਹਾ ਪ੍ਰਮਾਤਮਾ ਨੂੰ ਪ੍ਰੇਮੀ ਤੇ ਆਪਣੇ ਆਪ ਨੂੰ ਪ੍ਰੇਮਿਕਾ ਦੇ ਰੂਪ ਵਿਚ ਕਲਪਦਾ ਹੈ। ਜੀਵ ਇਸਤਰੀ ਲਈ ਇਹ ਦੁਨੀਆਂ ਪੇਕਾ ਘਰ ਹੈ ਤੇ ਪ੍ਰਭੂ ਪ੍ਰੀਤਮ ਦਾ ਦੇਸ ਸਹੁਰਾ ਘਰ। ਦੂਸਰੇ ਸ਼ਬਦਾਂ ਵਿਚ ਸਹੁਰਾ ਘਰ ਅਗਲੇ ਘਰ ਤੇ ਪੇਕਾ ਘਰ ਇਸ ਦੁਨੀਆਂ ਲਈ ਰੂਪਕ ਹਨ। ਜੀਵ ਇਸਤਰੀ ਨੂੰ ਪ੍ਰਭੂ ਪ੍ਰੀਤਮ ਦੇ ਘਰ ਪ੍ਰਵਾਨ ਹੋਣ ਲਈ ਸ਼ੁਭ ਅਮਲ ਦਾ ਦਾਜ ਤਿਆਰ ਕਰਨਾ ਪੈਂਦਾ ਹੈ। ਉਸ ਸਮੇਂ ਕੁੜੀਆਂ ਨੂੰ ਆਪ ਦਾਜ ਤਿਆਰ ਕਰਨਾ ਪੈਂਦਾ ਸੀ ਤੇ ਦਾਜ ਦੀ ਤਿਆਰੀ ਵਿਚ ਚਰਖੇ ਦਾ ਬਹੁਤ ਹੀ ਮਹੱਤਵ ਸੀ। ਇਸ ਲਈ ਬੁੱਲੇ ਦੀ ਸੰਕੇਤਾਵਲੀ ਵਿਚ ਚਰਖੇ 'ਤੇ ਕੱਤਣ ਨੂੰ ਵਿਸ਼ੇਸ਼ ਸਥਾਨ ਦਿੱਤਾ। ਉਹ ਲਿਖਦੇ ਹਨ ਕਿ:-

ਮਾਂ ਪਿਓ ਤੇਰੇ ਗੰਢੀ ਪਾਈਆਂ ਅਜੇ ਨਾ ਤੈਨੂੰ ਸੂਰਤਾਂ ਆਈਆਂ,
ਦਿਨ ਥੋੜੇ ਤੇ ਚਾਅ ਮੁਕਾਈਆਂ, ਨਾ ਆਸੇ ਪੇਕੇ ਵੱਤ ਕੁੜੇ,
ਕੱਤ ਕੁੜੇ ਨਾ ਵੱਤ ਕੁੜੇ।
ਜੇ ਦਾਜ ਵਿਹੂਣੀ ਜਾਵੇਂਗੀ ਤਾਂ ਕਿਸੇ ਭਲੀ ਨਾ ਭਾਵੇਂਗੀ,
ਉਥੇ ਸ਼ਹੁ ਨੂੰ ਕਿਵੇਂ ਰਿਝਾਵੇਂਗੀ, ਕੁਝ ਲੈ ਫ਼ਕਰਾਂ ਦੀ ਮੱਤ ਕੁੜੇ
ਕੱਤ ਕੁੜੇ ਨਾ ਵੱਤ ਕੁੜੇ

ਇਸ ਵਿਚ ਉਸ ਨੇ ਉਸ ਸਮੇਂ ਦੇ ਦਾਜ ਦੇ ਰਿਵਾਜ਼ ਸਬੰਧੀ ਵਿਅੰਗ ਕੱਸਿਆ ਹੋਇਆ ਨਜ਼ਰੀਂ ਪੈਂਦਾ ਹੈ। ਉਸ ਵਲੋਂ ਵਰਤੇ ਗਏ ਪ੍ਰਤੀਕਾਂ ਤੇ ਬਿੰਬਾਂ ਦੇ ਕੁਝ ਉਦਾਹਰਣ ਇਸ ਤਰ੍ਹਾਂ ਹਨ:-

ਓੜਕ ਜਾਵਣ ਜਾਵਣਾ, ਹੁਣ ਮੈਂ ਦਾਜ ਰੰਗਾਵਾਂ,
ਜੰਜ ਐਵੇਂ ਚਲ ਆਵਸੀ ਜਿਓਂ ਚੜਦਾ ਠਾਣਾ।
ਮੈਂ ਪੂਣੀ ਕੱਤ ਨਾ ਜਾਤੀਆ, ਅਜੇ ਰਹਿੰਦੇ ਗੋਹੜੇ।
ਅੱਜਕੱਲ੍ਹ ਤੇਰਾ ਮੁਕਲਾਵਾ ਏ ਕਿਉਂ ਸੁਤੀ ਕਰ ਕਰ ਦਾਹਵਾ ਏ।
ਸਾਹੇ ਤੇ ਜੰਜ ਆਵਸੀ ,ਹੁਣ ਚਾਲੀ ਗੰਢ ਘਾਤਉ।

ਬੁੱਲ੍ਹਾ ਇੱਕ ਸਮਾਜਵਾਦੀ ਕਵੀ ਹੋਇਆ ਹੈ, ਉਸ ਨੇ ਤਤਕਾਲੀ ਸਮਾਜ ਦੇ ਸਰਮਾਏਦਾਰਾਂ ਵਲੋਂ ਗਰੀਬਾਂ ਉੱਤੇ ਹੋ ਰਹੇ ਅੱਤਿਆਚਾਰਾਂ ਨੂੰ ਆਪਣੀ ਕਾਵਿ ਸਿਰਜਣਾ ਦੁਆਰਾ ਨਸ਼ਰ ਕੀਤਾ। ਉਸ ਨੇ ਦੇਖਿਆ ਕਿ ਆਮਿਰ ਲੋਕ ਗਰੀਬ ਲੋਕਾਂ ਨੂੰ ਆਰਥਿਕ ਮੁਸੀਬਤਾਂ ਵਿਚ ਪਾ ਕੇ ਉਨ੍ਹਾਂ ਨੂੰ ਸਾਵਾਂ ਦੇ ਸਵਾਏ ਉੱਤੇ ਵੀ ਨਹੀਂ ਛੱਡਦੇ ਸਨ, ਸਗੋਂ ਡਿਓਢੈ ਲੈਂਦੇ ਸਨ:-

ਸਾਵੀਂ ਦੇ ਕੇ ਲਵੇਂ ਸਵਾਈ, ਡਿਓਢਿਆਂ ਉਤੇ ਬਾਜ਼ੀ ਲਾਈ।
ਇਹ ਮੁਸਲਮਾਨੀ ਕਿਥੋਂ ਪਾਈ, ਜਿਸ ਦਾ ਇਹ ਕਿਰਦਾਰ।

ਉਸ ਨੇ ਦੇਖਿਆ ਕਿ ਕਿਰਤੀਆਂ ਤੇ ਮਜ਼ਦੂਰਾਂ ਨੂੰ ਆਪਣੀ ਮਿਹਨਤ ਦਾ ਪੂਰਾ-ਪੂਰਾ ਇਵਜ਼ਾਨਾ ਨਹੀਂ ਮਿਲਦਾ। ਉਸ ਨੇ ਸਮਾਜ ਵਿਚ ਇਸ ਤਰ੍ਹਾਂ ਦੇ ਸਮਾਜਿਕ ਅਨਿਆਂ ਤੇ ਆਰਥਿਕ ਸੰਕਟਾਂ ਨੂੰ ਮਹਿਸੂਸ ਕੀਤਾ ਕਿ ਉਸ ਸਮੇਂ ਸੱਚੇ ਲੋਕਾਂ ਦੀ ਬੇਪਤੀ ਹੁੰਦੀ ਸੀ ਤੇ ਝੂਠੇ ਮਾਣ ਪ੍ਰਾਪਤ ਕਰਦੇ ਸਨ। ਉਸ ਨੇ ਲਿਖਿਆ ਹੈ ਕਿ:-

ਕੀਤੀ ਮੇਹਨਤ ਮਿਲਦੀ ਨਾਂਹੀ,
ਹੁਣ ਕੀ ਕਰੇ ਲੋਕਾਈ।
ਜਿੰਦ ਕੁੜਿਕੀ ਦੇ ਮੂੰਹ ਆਈ,
ਉਲਟੇ ਹੋਰ ਜ਼ਮਾਨੇ ਆਏ।
ਹੁਣ ਅਸਾਂ ਭੇਦ ਸੱਜਣ ਦੇ ਪਾਏ। ਆਪਣਿਆਂ ਵਿਚ ਉਲਫ਼ਤ ਨਾਂਹੀ
ਕਿਆ ਚਾਚੇ ਕਿਆ ਤਾਏ।
ਪਿਓ ਪੁੱਤਰ ਇਤਫ਼ਾਕ ਨਾ ਕਾਈ,
ਧੀਆਂ ਨਾਲ ਨਾ ਮਾਏ।
ਸੱਚਿਆਂ ਨੂੰ ਹੁਣ ਮਿਲਦੇ ਧੱਕੇ,
ਝੂਠੇ ਕੋਲ ਬਹਾਏ।

ਇਹ ਕਿਹਾ ਜਾਂਦਾ ਹੈ ਕਿ ਇਕ ਵਾਰ ਬੁੱਲ੍ਹੇ ਨੇ ਜ਼ਨਾਨਾ ਕੱਪੜੇ ਪਾਏ ਹੋਏ ਸਨ, ਪੈਰੀਂ ਘੁੰਗਰੂ ਬਧੇ ਹੋਏ ਸਨ ਅਤੇ ਉਹ ਕਾਲਜੇ ਨੂੰ ਧੂਹ ਪਾਉਣ ਵਾਲੀ ਧੁਨ ਵਿਚ ਮਸਤ ਗਾ ਰਿਹਾ ਸੀ। ਜਦੋਂ ਮੁਰਸ਼ਿਦ ਨੇ ਇਹ ਆਵਾਜ਼ ਸੁਣੀ, ਤਾਂ ਉਹ ਵੀ ਨੱਚਣ ਲੱਗੇ ਤੇ ਆਵਾਜ਼ ਦੀ ਸੇਧ ਵੱਲ ਖਿੱਚੇ ਹੋਏ ਆ ਗਏ। ਉਸ ਦੀ ਗਾਈ ਜਾ ਰਹੀ ਕਾਫੀ ਸੁਣ ਇਨਾਇਤ ਨੇ ਪੁਕਾਰ ਕੇ ਆਖਿਆ ਕਿ ਵੇ ਤੂੰ ਬੁੱਲ੍ਹਾ ਏਂ। ਬੁੱਲ੍ਹਾ ਦੌੜ ਕੇ ਕਦਮਾਂ 'ਤੇ ਡਿੱਗਾ ਤੇ ਸੇਜਲ ਯੰਤਰਾਂ ਨਾਲ ਅਰਜ਼ ਗੁਜ਼ਾਰੀ ਕਿ ਜੀ ਹਜ਼ਰਤ ਭੁੱਲਾ ਹਾਂ, ਬੁੱਲ੍ਹਾ ਨਹੀਂ। ਸ਼ਾਹ ਸਾਹਿਬ ਹੱਸ ਪਏ, ਬੁੱਲ੍ਹੇ ਨੂੰ ਉਤਾਂਹ ਚੁੱਕਿਆ ਅਤੇ ਚੁੱਕ ਕੇ ਛਾਤੀ ਨਾਲ ਲਾ ਲਿਆ। ਬਸ ਫਿਰ ਕਿ ਸੀ ਬੁੱਲ੍ਹੇ ਦੇ ਤਪਦੇ ਹਿਰਦੇ ਨੂੰ ਠੰਡ ਪੈ ਗਈ। ਉਸ ਦੀ ਸੁੱਕੀ ਸੜੀ ਹੋਈ ਕਿਆਰੀ ਨੂੰ ਦੁਬਾਰਾ ਪਾਣੀ ਮਿਲ ਗਿਆ ਅਤੇ ਹਰੀ-ਭਰੀ ਹੋ ਗਈ।

ਬੁੱਲ੍ਹੇ ਸ਼ਾਹ ਦਾ ਪੰਜਾਬੀ ਸੂਫ਼ੀ ਕਵਿਤਾ ਵਿਚ ਇੱਕ ਵਿਸ਼ੇਸ਼ ਤੇ ਸ਼੍ਰੋਮਣੀ ਸਥਾਨ ਹੈ। ਉਸ ਨੇ ਅਠਾਰਵੀਂ ਸਦੀ ਦੀ ਕਵਿਤਾ ਨੂੰ ਚਾਰ ਚੰਨ੍ਹ ਲਾਏ, ਸੂਫ਼ੀ ਅਨੁਭਵ ਨੂੰ ਸਿਖਰ 'ਤੇ ਪਹੁੰਚਾਇਆ ਤੇ ਆਪਣੀ ਸੋਚ ਉਡਾਰੀ ਨੂੰ ਉਚੇ ਅਕਾਸ਼ਾਂ ਦੀ ਉਡਾਨ ਲਵਾਈ। ਇਸ ਸ਼੍ਰੋਮਣੀ ਕਵੀ ਨੇ ਸੂਖਮ ਸੂਫ਼ੀ ਭਾਵਾਂ ਨੂੰ ਠੇਠ ਕੇਂਦਰੀ ਟਕਸਾਲੀ ਪੰਜਾਬੀ ਵਿਚ ਗੁੰਦਿਆ। ਕਾਫੀ ਤਾਂ ਉਸ ਦੀ ਮੁਖ ਰਾਗਨੀ ਸੀ, ਜਿਸ ਦੀ ਧੁਨੀ ਨਾਲ ਪੰਜਾਬ ਭਰ ਦੇ ਸੂਫ਼ੀ ਦਰਵੇਸ਼ਾਂ ਦੇ ਤਕੀਏ ਗੂੰਜ ਉਠੇ ਲੋਕ ਨੱਚਣ ਲੱਗ ਪਏ। ਬੁੱਲ੍ਹੇ ਨੇ ਕਾਫ਼ੀਆਂ ਤੋਂ ਇਲਾਵਾ ਦੋਹੜੇ ਸ਼ੀਹਰਫ਼ੀਆਂ, ਗੰਢਾ, ਬਾਰਾਂਮਾਹ ਅਤੇ ਅਠਵਾਰਾ/ਸੱਤਵਾਰਾ ਵੀ ਰਚੇ ਸਨ। ਉਨ੍ਹਾਂ ਦੀ ਰਚਨਾ ਵਿਚ 156 ਕਾਫ਼ੀਆਂ, 3 ਸ਼ੀਹਰਫ਼ੀਆਂ, 40 ਗੰਢਾਂ, 1 ਬਾਰਾਮਾਂਹ, 1 ਅੱਠਵਾਰਾ/ਸੱਤਵਾਰਾ ਅਤੇ 49 ਦੋਹੜੇ ਲਿਖੇ ਸਨ। ਕੁਝ ਅਣਛਪਿਆ ਸਾਹਿਤ ਵੀ ਮਿਲਦਾ ਹੈ। ਸਾਰੀ ਰਚਨਾ ਵਿਚੋਂ ਬੁੱਲ੍ਹੇ ਦੀਆਂ ਕਾਫ਼ੀਆਂ ਸਭ ਤੋਂ ਵੱਧ ਲੋਕ ਪ੍ਰਚਲਿਤ ਹੋਈਆਂ ਸਨ। ਇਹ ਤਾਂ ਘਰ-ਘਰ ਹੀ ਗਾਈਆਂ ਜਾਂਦੀਆਂ ਸਨ।

# ਸਮਾਜ ਵਿਚ ਔਰਤਾਂ ਦੇ ਹੋ ਰਹੇ ਮਾਨਸਿਕ ਸ਼ੋਸ਼ਣ ਨੂੰ ਬਿਆਨ ਕਰਦੀ ਫ਼ਿਲਮ "ਕਲੀ ਜੋਟਾ"

-ਸੰਤੋਖ ਪਾਲ
ਸੰਪਰਕ 80540-10233
(Punjab Mail USA)



ਪੰਜਾਬੀ ਸਿਨੇਮਾ ਪਿਛਲੇ ਕੁਝ ਸਾਲਾਂ ਵਿਚ ਆਪਣੇ ਸਿਖ਼ਰ 'ਤੇ ਪਹੁੰਚਣ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਿਹਾ ਹੈ। ਇਸ ਕੋਸ਼ਿਸ਼ ਨੂੰ ਸਫ਼ਲ ਬਣਾਉਣ ਲਈ ਪਿਛਲੇ ਕੁਝ ਸਾਲਾਂ ਵਿਚ ਬਹੁਤ ਸਾਰੀਆਂ ਹਿੱਟ ਪੰਜਾਬੀ ਫਿਲਮਾਂ ਦਰਸ਼ਕਾਂ ਦੇ ਰੂਬਰੂ ਹੋ ਕੇ ਆਪਣੀ ਹਾਜ਼ਰੀ ਲਗਵਾ ਚੁੱਕੀਆਂ ਹਨ, ਜਿਨ੍ਹਾਂ ਵਿਚ ਪੰਜਾਬ 1984, ਅਰਦਾਸ, ਜੱਟ ਐਂਡ ਜੂਲੀਅਟ, ਅੰਗਰੇਜ਼, ਰੱਬ ਦਾ ਰੇਡੀਓ, ਕਿਸਮਤ, ਸੁਫ਼ਨਾ, ਮੰਜੇ ਬਿਸਤਰੇ ਆਦਿ ਵਰਗੀਆਂ ਫ਼ਿਲਮਾਂ ਸ਼ਾਮਲ ਹਨ। ਇਨ੍ਹਾਂ ਫ਼ਿਲਮਾਂ ਨੂੰ ਸਫ਼ਲ ਬਣਾਉਣ ਵਿਚ ਗਿੱਪੀ ਗਰੇਵਾਲ, ਦਿਲਜੀਤ, ਐਮੀ ਵਿਰਕ, ਅਮਰਿੰਦਰ ਗਿੱਲ, ਤਰਸੇਮ ਜੱਸਰ, ਨੀਰੂ ਬਾਜਵਾ, ਸੋਨਮ ਬਾਜਵਾ, ਸਰਗੁਨ ਮਹਿਤਾ ਅਤੇ ਵਾਮਿਕਾ ਗਾਬੀ ਵਰਗੇ ਕਲਾਕਾਰਾਂ ਦਾ ਅਹਿਮ ਯੋਗਦਾਨ ਰਿਹਾ ਹੈ। ਇਸ ਤੋਂ ਇਲਾਵਾ ਹਾਸਰਾਸ ਕਲਾਕਾਰਾਂ ਵੱਲੋਂ ਵੀ ਆਪਣੀ ਕਲਾ ਨਾਲ ਦਰਸ਼ਕਾਂ ਦਾ ਖ਼ੂਬ ਦਿਲ ਜਿੱਤਿਆ ਗਿਆ ਹੈ, ਜਿਸ ਵਿਚ ਆਪਣੇ ਖੇਤਰ ਦੇ ਨਿਪੁੰਨ ਅਤੇ ਸਿਨੇਮਾ ਵਿਚ ਜਾਨ ਪਾਉਣ ਵਾਲੇ ਕਰਮਜੀਤ ਅਨਮੋਲ, ਬੀਨੂੰ ਢਿੱਲੋਂ, ਜਸਵਿੰਦਰ ਭੱਲਾ, ਅਨੀਤਾ ਦੇਵਗਨ, ਨਿਰਮਲ ਰਿਸ਼ੀ ਆਦਿ ਵਰਗੇ ਕਲਾਕਾਰ ਸ਼ਾਮਲ ਹਨ। ਕਰੋਨਾ ਕਾਲ ਤੋਂ ਬਾਅਦ ਇੰਟਰਨੈੱਟ ਜ਼ਰੀਏ ਆ ਰਹੀਆਂ ਵੈੱਬ ਸੀਰੀਜ਼ ਨੇ ਪੂਰੇ ਫ਼ਿਲਮ ਜਗਤ ਵਿਚ ਵੱਡਾ ਬਦਲਾਅ ਲਿਆਂਦਾ ਹੈ। ਸਿਨੇਮਾ ਘਰਾਂ ਵਿਚ ਚੰਗੀਆਂ ਫ਼ਿਲਮਾਂ ਦੀ ਘਾਟ ਮਹਿਸੂਸ ਹੋ ਰਹੀ ਹੈ। ਜਦੋਂ ਘੱਟ ਬਜਟ ਦੀਆਂ ਫ਼ਿਲਮਾਂ ਵਧੀਆ ਕੰਮ ਕਰਦੀਆਂ ਹਨ, ਤਾਂ ਇਸ ਤੋਂ ਪਤਾ ਚੱਲਦਾ ਹੈ ਕਿ ਫ਼ਿਲਮਾਂ ਦੇ ਖੇਤਰ ਵਿਚ ਮਿਹਨਤ ਹੋ ਰਹੀ ਹੈ ? ਪਰ ਕਿਸੇ ਵੀ ਫ਼ਿਲਮ ਨੂੰ ਸਫ਼ਲ ਬਣਾਉਣ ਲਈ ਉਸਦੀ ਕਹਾਣੀ, ਸੰਗੀਤ ਅਤੇ ਉੱਚ ਦਰਜੇ ਦਾ ਅਭਿਨੈ ਹੋਣਾ ਲਾਜ਼ਮੀ ਹੈ।

ਹੁਣ ਪੰਜਾਬੀ ਸਿਨੇਮਾ ਵਿਚ ਜਾਨ ਪਾਉਣ ਲਈ ਬਿਲਕੁੱਲ ਨਵੇਂ ਵਿਸ਼ੇ 'ਤੇ ਆਧਾਰਿਤ ਫ਼ਿਲਮ "ਕਲੀ ਜੋਟਾ" ਜੋ 3 ਫਰਵਰੀ 2023 ਨੂੰ ਸਿਨੇਮਾ ਵਿਚ ਰਿਲੀਜ਼ ਹੋਈ ਹੈ। ਇਹ ਇੱਕ ਸੱਚ ਵਰਗੀ ਪਿਆਰ ਦੀ ਕਹਾਣੀ ਹੈ। ਇਹ ਪੂਰੀ ਫ਼ਿਲਮ ਰਾਬੀਆ (ਨੀਰੂ ਬਾਜਵਾ) ਅਤੇ ਦੀਦਾਰ (ਸਤਿੰਦਰ ਸਰਤਾਜ) ਦੇ ਦੁਆਲੇ ਘੁੰਮਦੀ ਹੈ। "ਰੁਤਬਾ" ਗੀਤ ਦੇ ਨਾਲ ਹੀ ਦਰਸ਼ਕਾਂ ਦਾ ਮਨ ਫ਼ਿਲਮ ਦੇਖਣ ਲਈ ਟਿਕ ਜਾਂਦਾ ਹੈ। ਇਹ ਗੀਤ ਪਹਿਲਾਂ ਹੀ ਸੋਸ਼ਲ ਮੀਡੀਆ 'ਤੇ ਆਪਣੀ ਧਾਕ ਜਮਾ ਚੁੱਕਿਆ ਹੈ। ਰਾਬੀਆ ਇੱਕ ਮੱਧਮ ਵਰਗੀ ਪਰਿਵਾਰ ਦੀ ਇੱਕ ਅੱਲੜ੍ਹ ਉਮਰ ਦੀ ਕੁੜੀ ਹੈ, ਜੋ ਆਪਣੀ ਜ਼ਿੰਦਗੀ ਆਜ਼ਾਦ ਹੋ ਕੇ ਜਿਉਣਾ ਚਾਹੁੰਦੀ ਹੈ। ਰਾਬੀਆ ਦਾ ਹੱਸਮੁੱਖ ਚਿਹਰਾ ਉਸਨੂੰ ਸਮਾਜ ਵਿਚ ਜੀਣ ਲਈ ਮੁਸ਼ਕਿਲਾਂ ਪੈਦਾ ਕਰਦਾ ਹੈ। ਉਹ ਦੀਦਾਰ ਨੂੰ ਪਸੰਦ ਕਰਦੀ ਹੈ ਪਰ ਅਕਸਰ ਇਹ ਹੁੰਦਾ ਹੈ ਕਿ ਦੋ ਪਿਆਰ ਕਰਨ ਵਾਲੀਆਂ ਰੂਹਾਂ ਆਪਣੇ ਦਿਲ ਦੀ ਗੱਲ ਇੱਕ ਦੂਸਰੇ ਤੱਕ ਪਹੁੰਚਾਉਣ ਵਿਚ ਨਾ-ਕਾਮਯਾਬ ਹੋ ਜਾਂਦੀਆਂ ਹਨ। ਸ਼ਰਮ ਅਤੇ ਸਮਾਜ ਦਾ ਡਰ ਰਿਸ਼ਤਿਆਂ ਨੂੰ ਨਿਭਾਉਣ ਵਿਚ ਅੜਿੱਕਾ ਪੈਦਾ ਕਰਦਾ ਹੈ, ਜਦਕਿ ਇਨਸਾਨ ਦੀ ਰੂਹ ਆਪਣੇ ਸੱਚੇ ਪਿਆਰ ਨੂੰ ਪਾਉਣ ਲਈ ਹਮੇਸ਼ਾ ਤੜਫਦੀ ਰਹਿੰਦੀ ਹੈ। ਰਾਬੀਆ ਆਪਣੀ ਕਾਲਜ ਦੀ ਦੋਸਤ ਨਾਲ ਆਪਣੇ ਦਿਲ ਦੀ ਹਰੇਕ ਗੱਲ ਸਾਂਝੀ ਕਰਦੀ ਹੈ। ਕਾਲਜ ਦੇ ਆਖ਼ਰੀ ਦਿਨ ਰਾਬੀਆ ਅਤੇ ਦੀਦਾਰ ਦਾ ਇੱਕ ਦੂਸਰੇ ਨਾਲ ਦਿਲ ਦੀ ਗੱਲ ਸਾਂਝੀ ਨਾ ਕਰ ਪਾਉਣਾ ਫ਼ਿਲਮ ਦੀ ਕਹਾਣੀ ਨੂੰ ਦਿਲਚਸਪ ਬਣਾਉਂਦਾ ਹੈ। ਇੱਕ ਦੂਸਰੇ ਤੋਂ ਅਲੱਗ ਹੋ ਕੇ ਉਹ ਦੋਵੇਂ ਟੀਚਰ ਬਣ ਜਾਂਦੇ ਹਨ ਪਰ ਕਿਸਮਤ ਫਿਰ ਉਨ੍ਹਾਂ ਨੂੰ ਇੱਕੋ ਸਕੂਲ ਵਿਚ ਇਕੱਠੇ ਕਰ ਦਿੰਦੀ ਹੈ। ਉਸ ਤੋਂ ਬਾਅਦ ਜੋ ਹੁੰਦਾ ਹੈ, ਉਹ ਦਰਸ਼ਕਾਂ ਨੂੰ ਸਾਹ ਰੋਕ ਕੇ ਬਿਨਾਂ ਕਿਸੇ ਸ਼ੋਰ-ਸ਼ਰਾਬੇ ਤੋਂ ਫ਼ਿਲਮ ਦੇਖਣ ਲਈ ਮਜਬੂਰ ਕਰਦਾ ਹੈ।




ਸਮਾਜ ਦੇ ਹਰ ਖੇਤਰ ਵਿਚ ਖਾਸ ਕਰਕੇ ਕੁੜੀਆਂ ਨੂੰ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈਂਦਾ ਹੈ, ਫਿਰ ਉਹ ਚਾਹੇ ਕੋਈ ਨੌਕਰੀ ਹੋਵੇ ਜਾਂ ਸਮਾਜਿਕ ਰਿਸ਼ਤਿਆਂ ਨੂੰ ਨਿਭਾਉਣ ਦੀ ਗੱਲ। ਸਮਾਜ ਵਿਚ ਹੋ ਰਹੀਆਂ ਵਧੀਕੀਆਂ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਸਹੀ ਇਨਸਾਨ ਨੂੰ ਗ਼ਲਤ ਸਾਬਤ ਕਰਨ ਵਿਚ ਜੁਟੇ ਲੋਕ ਸਮਾਜ ਲਈ ਖ਼ਤਰਨਾਕ ਸਿੱਧ ਹੁੰਦੇ ਹਨ। ਸਮਾਜ ਦੀ ਬਾਜ਼ ਵਾਲੀ ਅੱਖ ਹਮੇਸ਼ਾ ਔਰਤ 'ਤੇ ਬਣੀ ਰਹਿੰਦੀ ਹੈ। ਇੱਕ ਮਜਬੂਰ ਕੁੜੀ ਦੀਆਂ ਮਜਬੂਰੀਆਂ ਦਾ ਫਾਇਦਾ ਉਸਦੇ ਆਸੇ-ਪਾਸੇ ਦੇ ਉਹ ਲੋਕ ਖ਼ੂਬ ਉਠਾਉਂਦੇ ਹਨ, ਜਿਨ੍ਹਾਂ ਵਿਚ ਉਹ ਹਰ ਰੋਜ਼ ਵਿਚਰਦੀ ਹੈ। ਇਨ੍ਹਾਂ ਵਿਚੋਂ ਉਹ ਕੁਝ ਗੱਲਾਂ ਆਪਣੇ ਅੰਦਰ ਸਮੋ ਲੈਂਦੀ ਹੈ, ਜੋ ਉਸਨੂੰ ਕਿਤੇ ਨਾ ਕਿਤੇ ਡਿਪਰੈਸ਼ਨ ਵੱਲ ਲੈ ਜਾਂਦੀਆਂ ਹਨ। ਰਿਸ਼ਤਿਆਂ ਵਿਚ ਆ ਰਹੇ ਨਿਘਾਰ ਅਤੇ ਮਜ਼ਬੂਤ ਰਿਸ਼ਤਿਆਂ ਦੀ ਘਾਟ ਕਾਰਨ ਅਸੀਂ ਜ਼ਿੰਦਗੀ ਦੇ ਅਸਲ ਮਨੋਰਥ ਨੂੰ ਭੁੱਲ ਗਏ ਹਾਂ ਕਿ ਇਨਸਾਨ ਨੂੰ ਇੱਕ ਦੂਸਰੇ ਲਈ ਵੀ ਜਿਉਣਾ ਚਾਹੀਦਾ ਹੈ। ਫੇਰ ਹੀ ਇਹ ਜ਼ਿੰਦਗੀ ਆਸਾਨੀ ਅਤੇ ਸਕੂਨ ਨਾ ਬਤੀਤ ਹੋ ਸਕਦੀ ਹੈ। ਇਸ ਫ਼ਿਲਮ ਵਿਚ ਇਹ ਬਾਖ਼ੂਬੀ ਦਿਖਾਇਆ ਗਿਆ ਹੈ।

ਇਹ ਫ਼ਿਲਮ ਸਤਿੰਦਰ ਸਰਤਾਜ ਦੇ ਮਿੱਠੇ ਬੋਲਾਂ ਵਿਚ ਗਾਏ ਗੀਤਾਂ ਨਾਲ ਨਿਰੰਤਰ ਅੱਗੇ ਵਧਦੀ ਜਾਂਦੀ ਹੈ। ਪੂਰੀ ਫ਼ਿਲਮ ਵਿਚ ਤਮਾਮ ਕਲਾਕਾਰਾਂ ਵੱਲੋਂ ਆਪਣੀ ਐਕਟਿੰਗ ਨਾਲ ਦਰਸ਼ਕਾਂ ਨੂੰ ਬੰਨ੍ਹ ਕੇ ਰੱਖਿਆ ਗਿਆ ਹੈ। ਫ਼ਿਲਮ ਦੇ ਡਾਇਰੈਕਟਰ ਵਿਜੇ ਕੁਮਾਰ ਅਰੋੜਾ ਵੱਲੋਂ ਫ਼ਿਲਮਾਏ ਗਏ ਸੀਨ ਕਿਤੇ ਵੀ ਜਾਅਲੀ ਪ੍ਰਤੀਤ ਨਹੀਂ ਹੁੰਦੇ। ਫ਼ਿਲਮ ਵਿਚ ਅੰਮ੍ਰਿਤਾ ਪ੍ਰੀਤਮ ਦੀ ਬਾਇਓਗ੍ਰਾਫੀ "ਰਸੀਦੀ ਟਿਕਟ" ਦਾ ਇੱਕ ਸੀਨ ਇਹ ਦੱਸਦਾ ਹੈ ਕਿ ਫ਼ਿਲਮ ਦੀ ਲੇਖਿਕਾ ਹਰਿੰਦਰ ਕੌਰ ਨੇ ਇਸ ਸੰਜੀਦਾ ਵਿਸ਼ੇ ਨੂੰ ਕਿਸ ਬਰੀਕੀ ਨਾਲ ਦਰਸ਼ਕਾਂ ਦੇ ਸਨਮੁੱਖ ਲਿਆਂਦਾ ਹੋਵੇਗਾ। ਔਰਤ ਦੀਆਂ ਸਧਰਾਂ ਨੂੰ ਰੋਲਦਾ ਹੋਇਆ ਸਮਾਜ ਕਿਵੇਂ ਉਸਨੂੰ ਮਾਨਸਿਕ ਪੀੜਾ ਦਿੰਦਾ ਹੈ ਅਤੇ ਕਿਵੇਂ ਇੱਕ ਪੜ੍ਹੀ-ਲਿਖੀ ਕੁੜੀ ਪਾਗ਼ਲ ਹੋ ਜਾਂਦੀ ਹੈ, ਇਹ ਫ਼ਿਲਮ ਦਾ ਮੁੱਖ ਪਹਿਲੂ ਹੈ। ਇਨਸਾਨ ਦੀ ਜ਼ਿੰਦਗੀ ਵਿਚ ਸੱਚੇ ਦੋਸਤਾਂ ਦਾ ਹੋਣਾ ਬਹੁਤ ਜ਼ਰੂਰੀ ਹੈ, ਜੋ ਉਦੋਂ ਵੀ ਤੁਹਾਡੇ ਨਾਲ ਖੜ੍ਹੇ ਹੋਣ, ਜਦੋਂ ਉਨ੍ਹਾਂ ਨੂੰ ਤੁਹਾਡੇ ਤੱਕ ਕੋਈ ਮਤਲਬ ਨਾ ਹੋਵੇ। ਰਾਬੀਆ ਦੀ ਦੋਸਤ ਉਸ ਨੂੰ ਛੱਡ ਕੇ ਵਿਦੇਸ਼ ਚਲੀ ਜਾਂਦੀ ਹੈ ਪਰ ਉਸ ਤੋਂ ਬਾਅਦ ਜੋ ਰਾਬੀਆ ਨਾਲ ਬੀਤਦਾ ਹੈ, ਉਹ ਕਿਸੇ ਸਦਮੇ ਤੋਂ ਘੱਟ ਨਹੀਂ। ਸੀਮਿਤ ਸਮੇਂ ਵਿਚ ਫ਼ਿਲਮ ਦੀ ਕਹਾਣੀ ਦਰਸ਼ਕਾਂ ਦੇ ਦਿਲਾਂ ਉੱਤੇ ਅਸਰ ਦਿਖਾਉਂਦੀ ਹੈ। ਸਤਿੰਦਰ ਸਰਤਾਜ ਅਤੇ ਨੀਰੂ ਬਾਜਵਾ ਨੇ ਬੇਮਿਸਾਲ ਅਦਾਕਾਰੀ ਪੇਸ਼ ਕੀਤੀ ਹੈ। ਘੱਟ ਬਜਟ ਦੀ ਹੁੰਦੇ ਹੋਏ ਵੀ ਕਿਤੇ-ਕਿਤੇ ਇਹ ਫ਼ਿਲਮ ਬਾਲੀਵੁੱਡ ਦੀ ਫ਼ਿਲਮ ਦਾ ਭੁਲੇਖਾ ਪਾਉਂਦੀ ਹੈ। ਫ਼ਿਲਮ ਵਿਚ ਸਹਾਇਕ ਕਲਾਕਾਰ ਪ੍ਰਿੰਸ ਕਮਲਜੀਤ ਸਿੰਘ ਦਾ ਦੀਦਾਰ ਦੇ ਦੋਸਤ, ਰੁਪਿੰਦਰ ਰੂਪੀ ਦਾ ਰਾਬੀਆ ਦੀ ਮਾਂ, ਰਾਬੀਆ ਦੇ ਭਰਾ, ਰਾਬੀਆ ਦੇ ਸਕੂਲ ਦੇ ਪ੍ਰਿੰਸੀਪਲ (ਨੈਗੇਟਿਵ ਰੋਲ), ਹਿੰਦੀ ਵਾਲੀ ਸ਼ੱਕੀ ਸੁਭਾਅ ਦੀ ਊਸ਼ਾ ਮੈਡਮ ਅਤੇ ਨੌਕਰੀ ਤੋਂ ਮਜਬੂਰ ਸਕੂਲ ਦੇ ਚੌਕੀਦਾਰ ਦਾ ਰੋਲ ਕਾਬਲੇ ਤਾਰੀਫ਼ ਹੈ। ਖਾਸ ਗੱਲ ਇਹ ਹੈ ਕਿ ਫ਼ਿਲਮ ਦੀ ਮੁੱਖ ਪਾਤਰ ਅਨੰਤ (ਵਾਮਿਕਾ ਗਾਬੀ) ਜੋ ਇੱਕ ਵਕੀਲ ਦੇ ਰੋਲ ਵਿਚ ਪਰਦੇ 'ਤੇ ਸਾਹਮਣੇ ਆਉਂਦੀ ਹੈ ਅਤੇ ਉਹ ਹੀ ਇਸ ਫ਼ਿਲਮ ਦੀਆਂ ਕੜੀਆਂ ਨੂੰ ਜੋੜਨ ਦਾ ਕੰਮ ਕਰਦੀ ਹੈ, ਜੋ ਅੰਤ ਵਿਚ ਰਾਬੀਆ ਨੂੰ ਸਮਾਜ ਵਿਚ ਹੋਏ ਉਸਦੇ ਮਾਨਸਿਕ ਸ਼ੋਸ਼ਣ ਦਾ ਇਨਸਾਫ਼ ਦਿਵਾਉਣ ਵਿਚ ਕਾਮਯਾਬ ਰਹਿੰਦੀ ਹੈ। ਅਨੰਤ ਕਿਸੇ ਸਮੇਂ ਰਾਬੀਆ ਦੀ ਹਰਮਨਪਿਆਰੀ ਵਿਦਿਆਰਥਣ ਰਹੀ ਸੀ, ਜੋ ਬਹੁਤ ਲੜਾਕੇ ਸੁਭਾਅ ਦੀ ਹੈ ਪਰ ਵਕਾਲਤ ਦੌਰਾਨ ਅਚਾਨਕ ਆਪਣੀ ਪਸੰਦੀਦਾ ਅਧਿਆਪਕਾ ਰਾਬੀਆ ਨੂੰ ਮਿਲਣ ਦੀ ਉਸਦੀ ਤਾਂਘ ਨਾਲ ਫ਼ਿਲਮ ਦੀ ਕਹਾਣੀ ਅੱਗੇ ਵਧਦੀ ਹੈ। ਉਹ ਰਾਬੀਆ ਦੀ ਸਕੈੱਚ ਬੁੱਕ ਤੋਂ ਉਸਦਾ ਪਿੱਛਾ ਕਰਦੀ ਹੋਈ ਕਿਵੇਂ ਪਾਗਲਖ਼ਾਨੇ ਤੱਕ ਪਹੁੰਚ ਜਾਂਦੀ ਹੈ, ਕਿਵੇਂ ਰਾਬੀਆ ਦੀ ਦੋਸਤ ਲੰਡਨ ਤੋਂ ਵਾਪਸ ਆ ਕੇ ਉਸ ਨੂੰ ਮਿਲਦੀ ਹੈ, ਇਹ ਦੇਖਣ ਵਾਲੀ ਦਿਲਚਸਪ ਕਹਾਣੀ ਹੈ। ਸਰਕਾਰੀ ਸਕੂਲ ਅਤੇ ਅਧਿਆਪਕਾਂ ਦੀ ਨੋਕ-ਝੋਂਕ ਅਸਲ ਵਰਗੀ ਜਾਪਦੀ ਹੈ। ਸਰਕਾਰੀ ਸਕੂਲ ਦੇ ਦ੍ਰਿਸ਼ ਮਨ ਨੂੰ ਸਕੂਨ ਦੇਣ ਵਾਲੇ ਹਨ। ਆਖ਼ਰ ਵਿਚ ਅਦਾਲਤ ਦਾ ਇੱਕ ਸੀਨ ਆਉਂਦਾ ਹੈ, ਜਿੱਥੇ ਦੀਦਾਰ ਸਾਡੇ ਮੌਜੂਦਾ ਕਾਨੂੰਨ ਦੀਆਂ ਊਣਤਾਈਆਂ ਨੂੰ ਉਜਾਗਰ ਕਰਦਾ ਹੈ ਕਿ ਕਿਵੇਂ ਕਿਸੇ ਦਾ ਮਾਨਸਿਕ ਸ਼ੋਸ਼ਣ ਕਰਨ ਵਾਲੇ ਦੋਸ਼ੀਆਂ ਨੂੰ ਕਾਨੂੰਨ ਵਿਚ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ ਜਾਂ ਨਾ-ਮਾਤਰ ਸਜ਼ਾ ਦਿੱਤੀ ਜਾਂਦੀ ਹੈ, ਜਦਕਿ ਇਹ ਕਿਸੇ ਕਤਲ ਤੋਂ ਘੱਟ ਨਹੀਂ। ਦੀਦਾਰ ਅਤੇ ਰਾਬੀਆ ਨੂੰ ਕਲੀ ਤੋਂ ਜੋਟਾ ਹੋਣ ਵਿਚ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਹ ਗੱਲ ਦੇਖਣ ਵਾਲੀ ਹੈ। ਇਹ ਫ਼ਿਲਮ ਇੱਕ ਚੰਗਾ ਸੁਨੇਹਾ ਦਿੰਦੀ ਹੋਈ ਅਤੇ ਦਰਸ਼ਕਾਂ ਦੇ ਮਨਾਂ ਵਿਚ ਕਿਸੇ ਆਪਣੇ ਪਿਆਰੇ ਨੂੰ ਵਾਪਸ ਮਿਲਣ ਦੀ ਤਾਂਘ ਪੈਦਾ ਕਰਦੀ ਹੋਈ ਇੱਕ ਡੂੰਘੀ ਚੁੱਪ ਨਾਲ ਸਮਾਪਤ ਹੋ ਜਾਂਦੀ ਹੈ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਮਨੁੱਖੀ ਸਮਾਨਤਾ ਅਤੇ ਸਰਬ-ਸਾਂਝੀਵਾਲਤਾ ਦੇ ਪ੍ਰਤੀਕ - ਭਗਤ ਰਵਿਦਾਸ ਜੀ





-ਡਾ. ਸੰਦੀਪ ਸਿੰਘ ਮੁੰਡੇ
ਪ੍ਰਧਾਨ, ਰਾਜਸਥਾਨ ਪੰਜਾਬੀ ਐਸੋਸੀਏਸ਼ਨ (ਸੰ.), ਪ੍ਰਿੰਸੀਪਲ, ਗੁਰੂ ਹਰਗੋਬਿੰਦ ਸਾਹਿਬ ਪੀਜੀ ਕਾਲਜ ਸੀਸੀ ਹੈਡ, ਸ਼੍ਰੀਗੰਗਾਨਗਰ
ਮੋ. 94136-52646
(Punjab Mail USA)


ਭਾਰਤ ਸ਼ੁਰੂ ਤੋਂ ਹੀ ਪੀਰਾਂ, ਪੈਗੰਬਰਾਂ ਅਤੇ ਸੰਤਾਂ-ਭਗਤਾਂ ਦੀ ਧਰਤੀ ਰਿਹਾ ਹੈ। ਸੰਤ ਸ਼੍ਰੋਮਣੀ ਸ੍ਰੀ ਰਵਿਦਾਸ ਜੀ ਭਾਰਤੀ ਸੰਤ ਸਾਹਿਤ ਦੀ ਪਰੰਪਰਾ ਵਿਚ ਇੱਕ ਅਨਮੋਲ ਰਤਨ ਹਨ। ਉਨ੍ਹਾਂ ਨੂੰ ਸੰਤ, ਸਤਿਗੁਰੂ, ਭਗਤ ਆਦਿ ਦੇ ਨਾਵਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਵਿਦਾਸ ਜੀ ਦੀਆਂ ਰਚਨਾਵਾਂ ਭਗਤ ਰਵਿਦਾਸ ਦੇ ਨਾਂ ਹੇਠ ਦਰਜ ਹਨ। ਭਗਤ ਰਵਿਦਾਸ ਇੱਕ ਅਜਿਹੇ ਮਹਾਨ ਵਿਅਕਤੀ ਸਨ, ਜਿਨ੍ਹਾਂ ਨੇ ਨਿਮਨ ਬਿਰਾਦਰੀ ਦੇ ਸਮਾਜ ਵਿਚ ਜਨਮ ਲੈ ਕੇ ਵੀ ਅਧਿਆਤਮਿਕਤਾ ਦੇ ਉੱਚੇ ਸਿਖਰ 'ਤੇ ਪਹੁੰਚਣ ਦਾ ਆਦਰਸ਼ ਸਥਾਪਿਤ ਕੀਤਾ ਅਤੇ ਨਿਡਰ ਹੋ ਕੇ ਸਾਰੀਆਂ ਜਾਤਾਂ ਅਤੇ ਧਰਮਾਂ ਦੇ ਲੋਕਾਂ ਵਿਚ ਪਿਆਰ ਅਤੇ ਸ਼ਰਧਾ ਦਾ ਸੰਦੇਸ਼ ਫੈਲਾਇਆ।

ਭਗਤ ਰਵਿਦਾਸ ਜੀ ਇੱਕ ਪਰਮ ਯੋਗੀ, ਚਿੰਤਕ ਅਤੇ ਧਾਰਮਿਕ ਵਿਚਾਰਕ ਸਨ। ਉਹ ਪ੍ਰਮਾਤਮਾ ਨੂੰ ਨਿਰਾਕਾਰ, ਸਰਬ-ਵਿਆਪਕ ਅਤੇ ਅਵਿਨਾਸ਼ੀ ਮੰਨ ਕੇ ਉਸਤਤ ਕਰਦੇ ਸਨ। ਉਨ੍ਹਾਂ ਨੇ ਸਮਾਜ ਵਿਚ ਪ੍ਰਚਲਿਤ ਬੁਰਾਈਆਂ, ਜਾਤੀਵਾਦ, ਜ਼ੁਲਮ, ਅਰਾਜਕਤਾ, ਅਸ਼ਾਂਤੀ, ਅੰਧ-ਵਿਸ਼ਵਾਸ ਅਤੇ ਅਸਮਾਨਤਾ ਨੂੰ ਦੂਰ ਕਰਨ ਦਾ ਯਤਨ ਕੀਤਾ। ਉਨ੍ਹਾਂ ਦੇ ਸਮੇਂ ਦੇਸ਼ ਵਿਚ ਜਾਤ-ਪਾਤ ਅਤੇ ਊਚ-ਨੀਚ ਦੀ ਭਾਵਨਾ ਸਿਖਰਾਂ 'ਤੇ ਸੀ। ਉਸ ਸਮੇਂ ਜਿੱਥੇ ਇੱਕ ਪਾਸੇ ਹਿੰਦੂਆਂ ਦੀ ਧਾਰਮਿਕ ਕੱਟੜਤਾ ਕਾਰਨ ਸਮਾਜਿਕ ਵਿਵਸਥਾ ਵਿਗੜ ਚੁੱਕੀ ਸੀ, ਦੂਜੇ ਪਾਸੇ ਮੁਗਲਾਂ ਦੇ ਹਮਲਿਆਂ ਅਤੇ ਧਰਮ ਪਰਿਵਰਤਨ ਕਾਰਨ ਆਮ ਜਨਤਾ ਦੁੱਖ ਅਤੇ ਨਿਰਾਸ਼ਾ ਵਿਚ ਡੁੱਬੀ ਹੋਈ ਸੀ। ਅਜਿਹੇ ਨਿਰਾਸ਼ਾ ਦੇ ਮਾਹੌਲ ਵਿਚ ਭਗਤ ਰਵਿਦਾਸ ਜੀ ਨੇ ਆਪਣੇ ਕਰਮ, ਗਿਆਨ ਅਤੇ ਯਤਨਾਂ ਨਾਲ ਆਮ ਲੋਕਾਂ ਵਿਚ ਨਵੀਂ ਉਮੀਦ ਅਤੇ ਹੌਂਸਲਾ ਜਗਾਇਆ। ਉਨ੍ਹਾਂ ਨੇ ਮਨੁੱਖਤਾ ਲਈ ਸਮਾਨਤਾ ਦੀ ਲੜਾਈ ਲੜਦੇ ਹੋਏ ਸਮਾਜ ਦੀ ਆਰਥਿਕ, ਸਮਾਜਿਕ, ਧਾਰਮਿਕ ਅਤੇ ਵਿਦਿਅਕ ਤਰੱਕੀ ਲਈ ਅਣਥੱਕ ਕਾਰਜ ਕੀਤਾ।

ਭਗਤ ਰਵਿਦਾਸ ਜੀ ਲੋਕਤੰਤਰੀ ਪ੍ਰਣਾਲੀ ਦੇ ਸਮਰਥਕ ਸਨ। ਉਨ੍ਹਾਂ ਅਨੁਸਾਰ ਰਾਜਾ ਵੀ ਜਮਹੂਰੀਅਤ ਵਾਲਾ ਹੋਣਾ ਚਾਹੀਦਾ ਹੈ, ਕਿਉਂਕਿ ਤਾਨਾਸ਼ਾਹੀ ਵਿਚ ਲੋਕ ਦੁਖੀ ਰਹਿੰਦੇ ਹਨ। ਉਹ ਇੱਕ ਅਜਿਹਾ ਆਦਰਸ਼ ਸਮਾਜ ਸਿਰਜਣਾ ਚਾਹੁੰਦੇ ਸਨ, ਜਿਸ ਵਿਚ ਬਰਾਬਰੀ ਦੀ ਭਾਵਨਾ ਹੋਵੇ, ਕੋਈ ਊਚ-ਨੀਚ ਨਾ ਹੋਵੇ, ਸਭ ਆਜ਼ਾਦੀ ਨਾਲ ਜੀਅ ਸਕਣ, ਸਾਰਿਆਂ ਵਿਚ ਭਾਈਚਾਰਕ ਸਾਂਝ ਦੀ ਭਾਵਨਾ ਅਤੇ ਸਮਾਜ ਵਿਚ ਆਰਥਿਕ ਬਰਾਬਰੀ ਹੋਵੇ। ਭਗਤ ਰਵਿਦਾਸ ਜੀ ਅਜਿਹੀ ਸਮਾਜਿਕ ਵਿਵਸਥਾ ਦੀ ਕਾਮਨਾ ਕਰਦੇ ਸਨ, ਜਿਸ ਵਿਚ ਰਾਜ ਦੇ ਸਾਰੇ ਲੋਕ ਇੱਕ ਦੂਜੇ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਦੋਸਤਾਨਾ ਢੰਗ ਨਾਲ ਰਹਿੰਦੇ ਹੋਣ। ਭਗਤ ਰਵਿਦਾਸ ਜੀ ਨੇ ਆਪਣੇ ਸਮੇਂ ਵਿਚ ਹਿੰਦੂ-ਮੁਸਲਿਮ ਦੋਹਾਂ ਧਰਮਾਂ ਵਿਚਲੇ ਵਿਤਕਰੇ ਨੂੰ ਖਤਮ ਕਰਨ ਦਾ ਯਤਨ ਕੀਤਾ। ਉਨ੍ਹਾਂ ਨੇ ਹਿੰਦੂਆਂ ਨੂੰ ਰਾਮ, ਕ੍ਰਿਸ਼ਨ, ਕਾਸ਼ੀ, ਵੇਦ-ਪੁਰਾਣ ਅਤੇ ਮੁਸਲਮਾਨਾਂ ਨੂੰ ਰਹੀਮ-ਕਰੀਮ, ਕਾਬਾ ਕੁਰਾਨ ਨਾਲ ਜੋੜ ਕੇ ਸਦਭਾਵਨਾ ਅਤੇ ਸਰਬ-ਧਰਮ ਬਰਾਬਰੀ ਦੀ ਸਥਾਪਨਾ ਕੀਤੀ।

ਭਗਤ ਰਵਿਦਾਸ ਜੀ ਨੂੰ ਮੱਧਕਾਲੀ ਭਗਤੀ ਕਾਲ ਦੇ ਸਰਵੋਤਮ ਸੰਤ ਹੋਣ ਦੇ ਨਾਲ-ਨਾਲ ਮਨੁੱਖਤਾਵਾਦੀ, ਸਮਾਜ ਸੁਧਾਰਕ ਅਤੇ ਧਰਮ ਨਿਰਪੱਖ ਮਹਾਂਪੁਰਖ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ ਸਮਾਜ ਵਿਚ ਫੈਲੀਆਂ ਬੁਰਾਈਆਂ, ਅੰਧ-ਵਿਸ਼ਵਾਸਾਂ ਅਤੇ ਅਸਮਾਨਤਾ ਦਾ ਜ਼ੋਰਦਾਰ ਵਿਰੋਧ ਕੀਤਾ। ਉਨ੍ਹਾਂ ਦੀ ਨਜ਼ਰ ਵਿਚ ਬ੍ਰਾਹਮਣ ਅਤੇ ਸ਼ੂਦਰ ਬਰਾਬਰ ਸਨ। ਉਨ੍ਹਾਂ ਦਾ ਧਰਮ ਮਨੁੱਖਤਾ ਲਈ ਸੀ। ਉਹ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਸਨ, ਪਰ ਉਹ ਧਰਮ ਦੇ ਨਾਂ 'ਤੇ ਪਖੰਡ ਅਤੇ ਦਿਖਾਵੇ ਦੇ ਵਿਰੁੱਧ ਸਨ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਮਨੁੱਖੀ ਵਿਹਾਰ ਅਤੇ ਉਸ ਦੇ ਚਰਿੱਤਰ ਦਾ ਵਿਸ਼ੇਸ਼ ਮਹੱਤਵ ਹੈ, ਜਦਕਿ ਬਾਹਰਲਾ ਪਹਿਰਾਵਾ ਕੋਈ ਵੀ ਹੋਵੇ। ਮੁਨੱਖੀ ਬਰਾਬਰਤਾ ਦਾ ਸੰਦੇਸ਼ ਦਿੰਦੇ ਹੋਏ ਉਨ੍ਹਾਂ ਨੇ ਤਤਕਾਲੀ ਊਚ-ਨੀਚ, ਛੂਤ-ਛਾਤ ਅਤੇ ਪਾਖੰਡ ਦਾ ਤਰਕਸੰਗਤ ਅਤੇ ਵਿਚਾਰਕ ਢੰਗ ਨਾਲ ਵਿਰੋਧ ਕੀਤਾ।

ਭਗਤ ਰਵਿਦਾਸ ਜੀ ਅਧਿਆਤਮਿਕ ਦ੍ਰਿਸ਼ਟੀ ਵਾਲੇ ਮਹਾਨ ਪੁਰਸ਼ ਸਨ। ਉਨ੍ਹਾਂ ਨੇ ਸਮਾਜਿਕ ਚੇਤਨਾ ਅਤੇ ਰਾਸ਼ਟਰੀ ਉਤਥਾਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਦੁਆਰਾ ਰਚਿਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ 16 ਰਾਗਾਂ ਵਿਚ ਦਰਜ ਹੈ। ਉਨ੍ਹਾਂ ਦੀਆਂ ਰਚਨਾਵਾਂ ਪ੍ਰਮਾਤਮਾ, ਬ੍ਰਹਿਮੰਡ ਅਤੇ ਕੁਦਰਤ ਨਾਲ ਪਿਆਰ ਦਾ ਸੰਦੇਸ਼ ਦਿੰਦੇ ਹੋਏ ਮਾਨਵਤਾ ਦੀ ਭਲਾਈ 'ਤੇ ਜ਼ੋਰ ਦਿੰਦਿਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਮਨੁੱਖ ਲਈ ਪ੍ਰਬਲ ਪ੍ਰੇਰਨਾ ਸਰੋਤ ਹਨ। ਉਨ੍ਹਾਂ ਕੋਲ ਮਨੁੱਖੀ ਬਰਾਬਰੀ, ਸਮਾਜ ਭਲਾਈ, ਸਮਾਜਿਕ ਅਤੇ ਧਾਰਮਿਕ ਫਲਸਫੇ ਦੀ ਭਾਵਨਾ ਹੈ। ਭਗਤ ਰਵਿਦਾਸ ਜੀ ਦੀਆਂ ਸਿੱਖਿਆਵਾਂ ਭਾਈਚਾਰਕ ਸਾਂਝ, ਆਜ਼ਾਦੀ, ਬਰਾਬਰੀ ਅਤੇ ਸਰਬ-ਸਾਂਝੀਵਾਲਤਾ ਦਾ ਫਲਸਫਾ ਹਨ, ਜੋ ਵਿਸ਼ੇਸ਼ ਤੌਰ 'ਤੇ ਦੱਬੇ-ਕੁਚਲੇ ਦਲਿਤ ਵਰਗ ਦੇ ਉਤਥਾਨ ਲਈ ਪ੍ਰੇਰਨਾ ਦਿੰਦੀਆਂ ਹਨ। ਉਨ੍ਹਾਂ ਦੇ ਉਪਦੇਸ਼ ਅਤੇ ਵਿਚਾਰ ਸਮਕਾਲੀ ਸਮਾਜ ਅਤੇ ਅਜੋਕੇ ਸਮੇਂ ਵਿਚ ਵੀ ਢੁੱਕਵੇਂ ਹਨ। ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ ਅਤੇ ਸ਼ੁਭਕਾਮਨਾਵਾਂ।

# ਇਨਸਾਫ਼ ਤੋਂ ਬਿਨਾਂ ਇਨਸਾਫ਼ ਕਿੱਥੋਂ ਮਿਲੇਗਾ?

*ਬਲਾਤਕਾਰ ਦੇ ਮਾਮਲਿਆਂ ਵਿਚ, ਔਰਤਾਂ ਨੂੰ ਉਨ੍ਹਾਂ ਦੇ ਸਦਮੇ ਦਾ ਵਰਣਨ ਕਰਨ ਲਈ ਕਿਹਾ ਜਾਂਦਾ ਹੈ, ਇਸੇ ਤਰ੍ਹਾਂ, ਜਾਤੀ ਹਿੰਸਾ ਜਾਂ ਵਿਤਕਰੇ ਦੀਆਂ ਘਟਨਾਵਾਂ ਉਨ੍ਹਾਂ ਦੇ ਜਾਤੀ ਪੱਖਪਾਤ ਜਾਂ ਉੱਚ ਵਰਗ ਦੇ ਦਬਦਬੇ ਦੇ ਡਰ ਕਾਰਨ ਪੁਲਿਸ ਕੋਲ ਰਿਪੋਰਟ ਨਹੀਂ ਕੀਤੀਆਂ ਜਾਂਦੀਆਂ ਹਨ ਅਤੇ ਐੱਫ.ਆਈ.ਆਰ. ਦਰਜ ਕਰਨ ਤੋਂ ਇਨਕਾਰ ਕਰ ਦਿੰਦੀਆਂ ਹਨ। ਨਿਆਂ ਲਈ ਕੁਸ਼ਲ ਪਹੁੰਚ ਸਰਵੇਖਣ, 2017 ਦੇ ਅਨੁਸਾਰ, ਅਦਾਲਤ ਦੀ ਗੁੰਝਲਦਾਰ, ਮਹਿੰਗੀ ਅਤੇ ਸਮਾਂ ਬਰਬਾਦ ਕਰਨ ਵਾਲੀ ਪ੍ਰਕਿਰਿਆ ਹੀ ਕਮਜ਼ੋਰ ਵਰਗ ਦੇ ਅਦਾਲਤਾਂ ਤੱਕ ਪਹੁੰਚ ਨਾ ਕਰਨ ਦਾ ਇੱਕੋ ਇੱਕ ਕਾਰਨ ਹੈ। ਹਮਦਰਦੀ ਅਤੇ ਸੰਵੇਦਨਸ਼ੀਲਤਾ ਵਾਲੇ ਸਿਵਲ ਸੇਵਕ ਨਿਆਂ ਤੱਕ ਪਹੁੰਚ ਜਾਂ ਸ਼ਿਕਾਇਤਾਂ ਦੇ ਨਿਪਟਾਰੇ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। - ਡਾ: ਸਤਿਆਵਾਨ ਸੌਰਭ*





-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)


ਕਮਜ਼ੋਰ ਵਰਗ ਵਿਚ ਹੋਣਾ ਮੰਦਭਾਗਾ ਹੈ ਪਰ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿਚ ਹਾਸ਼ੀਏ 'ਤੇ, ਕਮਜ਼ੋਰ ਅਤੇ ਕਮਜ਼ੋਰ ਹੋਣਾ ਹੋਰ ਵੀ ਬੁਰਾ ਹੈ। ਉਨ੍ਹਾਂ ਨੂੰ ਨਿਆਂ ਅਤੇ ਸ਼ਿਕਾਇਤ ਨਿਵਾਰਨ ਤੱਕ ਪਹੁੰਚ ਕਰਨ ਵਿਚ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਿਆਂ ਤੱਕ ਪਹੁੰਚ ਨਿਆਂਇਕ ਪ੍ਰਕਿਰਿਆ ਵਿਚ ਹਿੱਸਾ ਲੈਣ ਦੀ ਯੋਗਤਾ ਨੂੰ ਦਰਸਾਉਂਦੀ ਹੈ। ਪਰ ਸਮਾਜ ਦਾ ਕਮਜ਼ੋਰ ਵਰਗ ਨਿਆਂਇਕ ਪ੍ਰਕਿਰਿਆ ਤੋਂ ਜਾਣੂ ਨਹੀਂ ਹੈ। ਉਦਾਹਰਨ ਲਈ, ਔਰਤਾਂ, LGBTQ, ਅਪਾਹਜ, SC/ST ਆਦਿ। ਬਹੁਤ ਸਾਰੇ ਲੋਕਾਂ ਨੂੰ NALSA ਦੇ ਫੈਸਲੇ, ਜਿਨਸੀ ਪਰੇਸ਼ਾਨੀ ਐਕਟ, SC/ST ਐਕਟ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਹਾਸ਼ੀਏ 'ਤੇ ਹੋਣਾ ਮੰਦਭਾਗਾ ਹੈ, ਪਰ ਵਿਕਾਸਸ਼ੀਲ ਦੇਸ਼ ਵਿਚ ਹਾਸ਼ੀਏ 'ਤੇ, ਕਮਜ਼ੋਰ ਅਤੇ ਕਮਜ਼ੋਰ ਹੋਣਾ ਹੋਰ ਵੀ ਮਾੜੀ ਗੱਲ ਹੈ। ਹਾਸ਼ੀਏ 'ਤੇ ਰੱਖੇ ਲੋਕ ਮਾਮੂਲੀ ਰੁਕਾਵਟਾਂ ਜਾਂ ਝਟਕਿਆਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ, ਉਦਾਹਰਨ ਲਈ ਕੋਵਿਡ-19 ਦੇ ਫੈਲਣ ਨੂੰ ਰੋਕਣ ਲਈ ਦੇਸ਼ ਵਿਆਪੀ ਕਰਫਿਊ ਦੌਰਾਨ, ਆਰਥਿਕ ਤੌਰ 'ਤੇ ਕਮਜ਼ੋਰ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੋਏ।

ਨਿਆਂ ਤੱਕ ਪਹੁੰਚ ਇੱਕ ਰਾਜ ਦੀ ਸਮਰੱਥਾ ਹੈ, ਜਿੱਥੇ ਹਰ ਵਿਅਕਤੀ ਆਪਣੀ ਆਰਥਿਕ ਅਤੇ ਹੋਰ ਅਸਮਰਥਤਾਵਾਂ ਦੀ ਪਰਵਾਹ ਕੀਤੇ ਬਿਨਾਂ ਨਿਆਂਇਕ ਨਿਵਾਰਣ ਪ੍ਰਾਪਤ ਕਰ ਸਕਦਾ ਹੈ ਅਤੇ ਉਹ ਵੀ ਨਿਰਪੱਖ, ਬਰਾਬਰੀ ਅਤੇ ਤੇਜ਼ੀ ਨਾਲ। ਨਿਆਂ ਤੱਕ ਪਹੁੰਚ ਰਸਮੀ ਹੋ ਸਕਦੀ ਹੈ ਅਰਥਾਤ ਨਿਆਂਇਕ ਉਪਾਅ ਲਈ ਅਦਾਲਤਾਂ ਤੱਕ ਪਹੁੰਚ ਕਰਕੇ ਅਤੇ ਗੈਰ-ਰਸਮੀ ਅਰਥਾਤ ਅਦਾਲਤ ਤੋਂ ਬਾਹਰ ਕਾਨੂੰਨੀ ਹੱਲ, ਜਿਵੇਂ ਕਿ ਵਿਚੋਲਗੀ, ਸਾਲਸੀ ਅਤੇ ਸੁਲਾਹ।

ਆਦਿਵਾਸੀਆਂ/ਅਨੁਸੂਚਿਤ ਕਬੀਲਿਆਂ ਵਰਗੇ ਬਹੁਤ ਸਾਰੇ ਭਾਈਚਾਰਿਆਂ ਨੂੰ ਸਮੁਦਾਏ ਦੀ ਉੱਨਤੀ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਬਣਾਏ ਗਏ ਸੰਵਿਧਾਨਕ ਸੁਰੱਖਿਆ ਅਤੇ ਹੋਰ ਕਾਨੂੰਨੀ ਉਪਬੰਧਾਂ ਬਾਰੇ ਜਾਣਕਾਰੀ ਨਹੀਂ ਹੈ, ਨਤੀਜੇ ਵਜੋਂ, ਉਹ ਵਿਤਕਰੇ ਅਤੇ ਦੁਰਵਿਵਹਾਰ ਨੂੰ ਆਮ ਵਾਂਗ ਸਵੀਕਾਰ ਕਰਦੇ ਹਨ। ਇਸ ਨੂੰ ਇੱਕ ਅੰਤਿਮ ਫੈਸਲਾ ਦੇਣ ਦੀ ਲੋੜ ਹੈ? ਇਹ ਪਹਿਲੂ ਜ਼ਰੂਰੀ ਤੌਰ 'ਤੇ ਪੁਲਿਸ ਜਾਂਚ 'ਚ ਢਿੱਲ-ਮੱਠ ਅਤੇ ਕਮਜ਼ੋਰ ਤਬਕਿਆਂ ਨੂੰ ਨੁਕਸਾਨ ਪਹੁੰਚਾਉਣ ਦੀ ਧਾਰਨਾ ਨਾਲ ਸਬੰਧਤ ਹੈ। ਉਦਾਹਰਨ ਲਈ, ਜੈ ਭੀਮ ਫਿਲਮ 2021 ਵਿਚ ਦਿਖਾਈ ਗਈ ਘਟਨਾ। ਹਾਸ਼ੀਏ 'ਤੇ ਰੱਖੇ ਸਮੂਹ ਖਾਸ ਤੌਰ 'ਤੇ ਸਿਸਟਮ ਤੋਂ ਡਰਦੇ ਹਨ, ਇਹ ਅਣਜਾਣ ਅਤੇ ਅਣਜਾਣ ਸ਼ਿਕਾਇਤਾਂ ਵੱਲ ਲੈ ਜਾਂਦਾ ਹੈ, ਉਹ ਇਸਨੂੰ ਵਿਦੇਸ਼ੀ ਸਮਝਦੇ ਹਨ ਅਤੇ ਇਸਦੇ ਆਦੀ ਨਹੀਂ ਹਨ।

ਉਦਾਹਰਨ ਲਈ ਬਲਾਤਕਾਰ ਦੇ ਮਾਮਲਿਆਂ ਵਿਚ ਔਰਤਾਂ ਨੂੰ ਉਨ੍ਹਾਂ ਦੇ ਸਦਮੇ ਦਾ ਵਰਣਨ ਕਰਨ ਲਈ ਕਿਹਾ ਜਾਂਦਾ ਹੈ, ਇਸੇ ਤਰ੍ਹਾਂ, ਜਾਤੀ ਹਿੰਸਾ ਜਾਂ ਵਿਤਕਰੇ ਦੀਆਂ ਘਟਨਾਵਾਂ ਉਨ੍ਹਾਂ ਦੇ ਜਾਤੀ ਪੱਖਪਾਤ ਦੇ ਕਾਰਨ ਜਾਂ ਉੱਚ ਵਰਗ ਦੇ ਦਬਦਬੇ ਦੇ ਡਰੋਂ ਪੁਲਿਸ ਕੋਲ ਰਿਪੋਰਟ ਨਹੀਂ ਕੀਤੀਆਂ ਜਾਂਦੀਆਂ ਹਨ। ਨਿਆਂ ਲਈ ਕੁਸ਼ਲ ਪਹੁੰਚ ਸਰਵੇਖਣ, 2017 ਦੇ ਅਨੁਸਾਰ, ਅਦਾਲਤ ਦੀ ਗੁੰਝਲਦਾਰ, ਮਹਿੰਗੀ ਅਤੇ ਸਮਾਂ ਬਰਬਾਦ ਕਰਨ ਵਾਲੀ ਪ੍ਰਕਿਰਿਆ ਹੀ ਕਮਜ਼ੋਰ ਵਰਗ ਦੇ ਅਦਾਲਤਾਂ ਤੱਕ ਪਹੁੰਚ ਨਾ ਕਰਨ ਦਾ ਇੱਕੋ ਇੱਕ ਕਾਰਨ ਹੈ। ਹਮਦਰਦੀ ਅਤੇ ਸੰਵੇਦਨਸ਼ੀਲਤਾ ਵਾਲੇ ਸਿਵਲ ਸੇਵਕ ਨਿਆਂ ਤੱਕ ਪਹੁੰਚ ਜਾਂ ਸ਼ਿਕਾਇਤਾਂ ਦੇ ਨਿਪਟਾਰੇ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਦਾਹਰਨ ਲਈ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਵਿਰੁੱਧ ਹਿੰਸਾ ਨੂੰ ਹਮਲੇ ਦੀ ਇੱਕ ਆਮ ਕਾਰਵਾਈ ਵਜੋਂ ਨਿਰਣਾ ਨਹੀਂ ਕੀਤਾ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ ਐਕਟ, 1989 ਨੂੰ ਲਾਗੂ ਕੀਤਾ ਜਾ ਰਿਹਾ ਹੈ।

ਸਿਵਲ ਸਰਵੈਂਟ ਇੱਕ ਤੰਤਰ ਸਥਾਪਤ ਕਰ ਸਕਦਾ ਹੈ, ਤਾਂ ਜੋ ਲੋਕ ਖਾਸ ਤੌਰ 'ਤੇ ਹਾਸ਼ੀਏ 'ਤੇ ਪਏ ਲੋਕਾਂ ਨੂੰ ਆਪਣੇ ਅਧਿਕਾਰਾਂ ਬਾਰੇ ਪਤਾ ਲੱਗ ਸਕੇ ਅਤੇ ਉਨ੍ਹਾਂ ਅਧਿਕਾਰਾਂ ਦੀ ਉਲੰਘਣਾ ਦੀ ਸਥਿਤੀ ਵਿਚ ਨਿਵਾਰਣ ਦੀ ਮੰਗ ਕੀਤੀ ਜਾ ਸਕੇ।

ਸਮਾਜਿਕ ਤੌਰ 'ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਹਮਦਰਦੀ ਰੱਖਣ ਵਾਲਾ ਸਿਵਲ ਸੇਵਕ ਜਾਂ ਕੋਈ ਵੀ ਅਧਿਕਾਰੀ ਧਾਰਾ 39ਏ ਅਧੀਨ ਸੇਵਾ ਦੀ ਸਹੂਲਤ ਦੇ ਨਾਲ ਨਿਆਂਇਕ ਇਲਾਜ ਲਈ ਅਦਾਲਤਾਂ ਤੱਕ ਪਹੁੰਚ ਕਰਕੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਮੁਫਤ ਅਤੇ ਯੋਗ ਕਾਨੂੰਨੀ ਸੇਵਾਵਾਂ ਪ੍ਰਦਾਨ ਕਰ ਸਕਦਾ ਹੈ।

ਲੋਕ ਅਦਾਲਤਾਂ ਰਾਹੀਂ ਗੈਰ-ਰਸਮੀ ਤੌਰ 'ਤੇ ਅਦਾਲਤੀ ਹੱਲ ਜਿਵੇਂ ਕਿ ਵਿਚੋਲਗੀ, ਸਾਲਸੀ ਅਤੇ ਸਮਾਂ ਕੱਟਣ ਲਈ ਸੁਲ੍ਹਾ-ਸਫ਼ਾਈ ਰਾਹੀਂ ਉਨ੍ਹਾਂ ਦੀ ਮਦਦ ਕਰਨਾ।

ਸਾਲਾਂ ਦੌਰਾਨ, ਸਿਵਲ ਸੇਵਕਾਂ ਨੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਰੱਖਿਆ, ਪ੍ਰਚਾਰ ਅਤੇ ਉੱਨਤੀ ਲਈ ਕੰਮ ਕੀਤਾ ਹੈ। ਇਸ ਦੌਰਾਨ ਇਸ ਵਿਚ ਨੀਤੀ ਨਿਰਮਾਤਾਵਾਂ, ਰਾਜ ਅਤੇ ਵੱਖ-ਵੱਖ ਗੈਰ-ਸਰਕਾਰੀ ਸੰਗਠਨਾਂ ਦੇ ਸਮੂਹਿਕ ਯਤਨਾਂ ਨਾਲ ਸਮਾਜਿਕ, ਵਿਦਿਅਕ, ਆਰਥਿਕ ਅਤੇ ਰਾਜਨੀਤਿਕ ਸਸ਼ਕਤੀਕਰਨ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ। ਨਿਆਂ ਤੱਕ ਪਹੁੰਚ ਨਾਗਰਿਕ ਦਾ ਅਟੁੱਟ ਅਧਿਕਾਰ ਹੈ। ਅਦਾਲਤਾਂ ਹਾਸ਼ੀਏ 'ਤੇ ਪਏ ਭਾਈਚਾਰਿਆਂ ਲਈ ਉਮੀਦ ਦਾ ਆਖਰੀ ਗੜ੍ਹ ਹਨ ਅਤੇ ਅਦਾਲਤਾਂ ਅਤੇ ਨਿਆਂ ਤੱਕ ਪਹੁੰਚ ਵਿਚ ਰੁਕਾਵਟਾਂ ਇਨ੍ਹਾਂ ਲੋਕਾਂ ਦੀ ਬੁਨਿਆਦੀ ਮਾਨਵਤਾ ਅਤੇ ਸਨਮਾਨ ਨੂੰ ਲੁੱਟਦੀਆਂ ਹਨ ਅਤੇ ਲੋਕਤੰਤਰ ਨੂੰ ਖੋਖਲਾ ਕਰਦੀਆਂ ਹਨ। ਅੱਜ ਦੁਨੀਆਂ ਭੂ-ਰਾਜਨੀਤਿਕ ਸ਼ਕਤੀ ਦੇ ਪੱਛਮ ਤੋਂ ਪੂਰਬ ਵੱਲ ਬਦਲਣ ਦੀ ਗੱਲ ਕਰ ਰਹੀ ਹੈ ਅਤੇ ਭਾਰਤ ਨੂੰ ਦੱਖਣ ਅਤੇ ਦੱਖਣ ਪੂਰਬੀ ਏਸ਼ੀਆ ਵਿਚ ਇੱਕ ਮਹੱਤਵਪੂਰਨ ਤੱਤ ਮੰਨਿਆ ਜਾਂਦਾ ਹੈ, ਹਾਲਾਂਕਿ ਇਸਦਾ ਬਹੁਤਾ ਫਾਇਦਾ ਨਹੀਂ ਹੋਵੇਗਾ-ਪੀੜਤ ਬਣੋ, ਦੋਸ਼ੀ ਬਣੋ। ਮੈਨੂੰ ਮਾਫ਼ ਕਰੋ! ਇਨਸਾਫ ਤੋਂ ਬਿਨਾਂ ਲੱਤਾਂ ਘਸੀਟਦੇ, ਇਨਸਾਫ ਕਿੱਥੋਂ ਮਿਲੇਗਾ!! ਜੇਕਰ ਭਾਰਤ ਅਪ੍ਰਤੱਖ ਨਿਆਂ ਨੂੰ ਯਕੀਨੀ ਬਣਾਉਣ ਵਿਚ ਅਸਮਰੱਥ ਹੈ।

# “ਕਦੇ ਗੱਡੇ ਦੀ ਵੀ ਹੁੰਦੀ ਸੀ ਸਰਦਾਰੀ”

-ਮਲਕੀਤ ਸਿੰਘ ਗਿੱਲ
ਪਿੰਡ ਭੱਠਲਾਂ (ਬਰਨਾਲਾ)
79865-28225
(Punjab Mail USA)





ਜਿਉਂ-ਜਿਉਂ ਸਾਇੰਸ ਤਰੱਕੀ ਕਰਦੀ ਜਾ ਰਹੀ ਹੈ, ਤਿਉਂ-ਤਿਉਂ ਦੁਨੀਆਂ ਦੇ ਰੰਗ ਬਦਲਦੇ ਜਾ ਰਹੇ ਹਨ। ਅੱਜਕੱਲ੍ਹ ਖੇਤੀ ਕਰਨ ਦੇ ਆਧੁਨਿਕ ਸਾਧਨ ਆ ਗਏ ਹਨ, ਜਿਨ੍ਹਾਂ ਕਰਕੇ ਪੁਰਾਣੇ ਸੰਦ ਸੰਦੇੜੇ ਸਾਡੇ ਸੱਭਿਆਚਾਰਕ ’ਚੋਂ ਮਨਫੀ ਹੋ ਰਹੇ ਹਨ। ਕੋਈ ਸਮਾਂ ਸੀ, ਜਦੋਂ ਕਿਸਾਨ ਬਲਦਾਂ ਨੂੰ ਸ਼ਿੰਗਾਰ ਕੇ ਰੱਖਦੇ ਸਨ ਕਿਉਂਕਿ ਬਲਦਾਂ ਨਾਲ ਜਿੱਥੇ ਖੇਤੀ ਕੀਤੀ ਜਾਂਦੀ ਸੀ, ਉੱਥੇ ਇਹ ਢੋਆ-ਢੁਆਈ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦੇ ਸਨ। ਢੋਆ-ਢੁਆਈ ਦਾ ਮੁੱਖ ਸਾਧਨ ਸੀ ਗੱਡਾ। ਜਿਸ ਗੱਡੇ ਦੀ ਕਦੇ ਪੰਜਾਬ ਵਿਚ ਸਰਦਾਰੀ ਹੁੰਦੀ ਸੀ, ਅੱਜ ਗੱਡਾ ਪੰਜਾਬ ’ਚੋਂ ਬਿਲਕੁਲ ਹੀ ਅਲੋਪ ਹੋ ਚੁੱਕਾ ਹੈ। ਅੱਜ ਤੋਂ ਤਕਰੀਬਨ 35-40 ਸਾਲ ਪਹਿਲਾਂ ਗੱਡੇ ਦੀ ਪੂਰੀ ਟੌਹਰ ਸੀ। ਸਵੇਰ ਦੀ ਹਾਜ਼ਰੀ ਰੋਟੀ ਖਾ ਕੇ ਜੱਟ ਗੱਡਾ ਜੋੜ ਕੇ ਖੇਤਾਂ ਵੱਲ ਨੂੰ ਰਵਾਨਾ ਹੋ ਜਾਂਦੇ ਸਨ। ਬਲਦਾਂ ਦੀਆਂ ਖੜਕਦੀਆਂ ਟੱਲੀਆਂ ਮਨ ਮੋਹ ਲੈਂਦੀਆਂ ਸਨ। ਗੱਡੇ ਨੂੰ ਤਿਆਰ ਕਰਨ ਵਾਲੇ ਮਿਸਤਰੀ ਵੀ ਕਿਸੇ-ਕਿਸੇ ਸ਼ਹਿਰ ਕਸ਼ਬੇ ’ਚ ਮਿਲਦੇ ਸਨ। ਕਈ ਕਿਸਾਨ ਤਾਂ ਪੂਰੇ ਸ਼ੌਂਕ ਨਾਲ ਗੱਡਾ ਤਿਆਰ ਕਰਵਾਉਂਦੇ ਸਨ। ਵੱਡੀ ਉਮਰ ਦੇ ਇੱਕ ਕਿਸਾਨ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਗੱਡੇ ’ਤੇ ਤਕਰੀਬਨ 10-15 ਸੇਰ ਤਾਂਬਾ ਅਤੇ ਪਿੱਤਲ ਲੱਗਾ ਹੁੰਦਾ ਸੀ। ਗੱਡੇ ਦੇ ਵੱਡੇ ਆਕਾਰ ਦੇ ਟਾਹਲੀ ਦੀ ਲੱਕੜ ਦੇ ਪਹੀਏ ਵੀ ਵੱਖਰੇ ਢੰਗ ਨਾਲ ਤਿਆਰ ਕੀਤੇ ਜਾਂਦੇ ਸਨ। ਪਹੀਏ ਦੇ ਵਿਚਕਾਰ ਇੱਕ ਮਜ਼ਬੂਤ ਨਾਭ ਤਿਆਰ ਕਰਕੇ ਫਿਰ ਲੱਕੜ ਦੀਆਂ ਪੁੱਠੀਆਂ ਬਣਾਕੇ ਗਜਾਂ ਨਾਲ ਪਹੀਏ ਦਾ ਸਾਰਾ ਢਾਂਚਾ ਫਿੱਟ ਕੀਤਾ ਜਾਂਦਾ ਸੀ। ਗੱਡੇ ਦੇ ਉੱਪਰ ਵਿੱਢ ਵੀ ਲਗਾਇਆ ਜਾਂਦਾ ਸੀ। ਇਸ ਦਾ ਸਭ ਤੋਂ ਅਹਿਮ ਹਿੱਸਾ ਹੁੰਦਾ ਸੀ ਜੂਲ਼ਾ, ਪਿੰਡ ਵਿਚ ਜੂਲ਼ਾ ਬੰਨ੍ਹਣ ਵਾਲਾ ਕੋਈ-ਕੋਈ ਮਾਹਰ ਹੀ ਮਿਲਦਾ ਸੀ। ਉਸ ਨੂੰ ਬੁਲਾ ਕੇ ਬਾਣ ਦੇ ਮੋਟੇ ਰੱਸੇ ਨਾਲ ਜੂਲ਼ਾ ਬੰਨ੍ਹਿਆ ਜਾਂਦਾ ਸੀ। ਗੱਡੇ ਨੂੰ ਅਗਲੇ ਪਾਸਿਉਂ ਖੜ੍ਹਾ ਕਰਨ ਲਈ ਬਾਂਸ ਦੀਆਂ ਦੋ ਡਹੀਆਂ ਲਗਾਈਆਂ ਜਾਂਦੀਆਂ ਸਨ। ਇਸ ਤਰ੍ਹਾਂ ਹੀ ਪਿਛਲੇ ਪਾਸੇ ਇੱਕ ਮਜ਼ਬੂਤ ਲੱਕੜ ਫਿੱਟ ਕੀਤੀ ਜਾਂਦੀ ਸੀ, ਜਿਸਨੂੰ ਘੜਿੱਚ ਕਿਹਾ ਜਾਂਦਾ ਸੀ। ਕਿਸਾਨ ਗੱਡੇ ਰਾਹੀਂ ਕੱਖ ਕੰਡਾ ਅਤੇ ਦਾਣਾ ਫੱਕਾ ਢੋਂਹਦੇ ਸਨ। ਮੰਡੀਆਂ ਵਿਚ ਫਸਲ ਵੀ ਗੱਡੇ ਰਾਹੀਂ ਹੀ ਕਸਾਨ ਲੈ ਕੇ ਜਾਂਦੇ ਸਨ। ਪੁਰਾਣੇ ਸਮਿਆਂ ਵਿਚ ਮਕਾਨ ਬਗੈਰਾ ਬਨਾਉਣ ਲਈ ਇੱਟਾਂ ਮਿੱਟੀ ਗੱਡਿਆਂ ਰਾਹੀਂ ਲਿਆਂਦੀ ਜਾਂਦੀ ਸੀ। ਵਿਆਹ ਸ਼ਾਦੀਆਂ ਵਿਚ ਵੀ ਗੱਡੇ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਸਾਰਾ ਮੇਲ਼ ਗੱਡਿਆਂ ’ਤੇ ਸਫਰ ਕਰਕੇ ਜਾਂਦਾ ਸੀ। ਨਾਨਕੇ ਮੇਲ਼ ਵਾਲੇ ਗੱਡੇ ਦੀ ਟੌਹਰ ਵੇਖਣ ਵਾਲੀ ਹੁੰਦੀ ਸੀ। ਇੱਕ ਵਾਰ ਦੀ ਗੱਲ ਹੈ, ਮੈਂ ਬਹੁਤ ਛੋਟਾ ਸੀ। ਮੇਰੀ ਭੂਆ ਦੇ ਮੁੰਡੇ ਦਾ ਵਿਆਹ ਸੀ। ਗੋਨਿਆਣੇ ਰੇਲਵੇ ਸਟੇਸ਼ਨ ਤੋਂ ਅਸੀਂ ਗੱਡੇ ਰਾਹੀਂ ਪਿੰਡ ਮਹਿਮੇ ਪਹੁੰਚੇ ਸਾਂ। ਸਾਰੇ ਰਸਤੇ ਪੂਰਾ ਮੇਲ਼-ਗੇਲ਼ ਗੀਤ-ਦੋਹੇ ਗਾਉਂਦਾ ਜਾ ਰਿਹਾ ਸੀ।

ਸਾਡੇ ਇਲਾਕੇ ਵਿਚ ਧਨੌਲੇ ਲੌਂਗੋਵਾਲ ਅਤੇ ਹੰਡਿਆਏ ਦੇ ਗੱਡੇ ਮਸ਼ਹੂਰ ਸਨ। ਗੱਡਿਆਂ ਦੀ ਰਿਪੇਅਰ ਕਰਨ ਵਾਲੇ ਮਿਸਤਰੀ ਵੀ ਸਪੈਸ਼ਲ ਹੁੰਦੇ ਸਨ। ਸਾਡੇ ਪਿੰਡ ਮਿਸਤਰੀ ਸੌਣ ਸਿੰਘ ਚੰਦ ਸਿੰਘ ਅਤੇ ਗੁਰਨਾਮ ਸਿੰਘ ਕਾਲੇਕੇ ਵਾਲਾ ਚੋਟੀ ਦੇ ਕਾਰੀਗਰ ਸਨ। ਅੱਜਕੱਲ੍ਹ ਟਰੈਕਟਰ, ਕਾਰਾਂ, ਜੀਪਾਂ ਅਤੇ ਮੋਟਰ ਗੱਡੀਆਂ ਦਾ ਜ਼ਮਾਨਾ ਹੈ, ਜਿਸ ਕਰਕੇ ਗੱਡੇ ਸਾਡੇ ਸੱਭਿਆਚਾਰ ’ਚੋਂ ਅਲੋਪ ਹੋ ਗਏ ਹਨ, ਜਿਸ ਕਰਕੇ ਨਗੌਰ ਦੇ ਬਲਦ ਵੀ ਅੱਜ ਸੜਕਾਂ ’ਤੇ ਰੁਲਦੇ-ਫਿਰਦੇ ਹਨ। ਅੱਜਕੱਲ੍ਹ ਲੋਕਾਂ ਨੇ ਸਕੂਟਰ, ਮੋਟਰ-ਸਾਈਕਲਾਂ ਪਿੱਛੇ ਹੁੱਕਾਂ ਫਿੱਟ ਕਰਵਾਕੇ ਠੇਲ਼ੀਆਂ ਜੋੜ ਲਈਆਂ ਹਨ, ਜਿਸ ਕਰਕੇ ਪੁਰਾਣੇ ਸੰਦਾਂ ਨੂੰ ਕਿਸੇ ਵਿਰਲੇ ਕਿਸਾਨਾਂ ਨੇ ਹੀ ਸਾਂਭ ਕੇ ਰੱਖਿਆ ਹੋਇਆ ਹੈ।

ਇਸ ਤਰ੍ਹਾਂ ਗੱਡਾ ਵੀ ਅੱਜ ਬੀਤੇ ਦੀ ਕਹਾਣੀ ਬਣਕੇ ਰਹਿ ਗਿਆ ਹੈ।

# ਨਵੀਂ ਬਨਾਮ ਪੁਰਾਣੀ ਤਹਿਜ਼ੀਬ

## ਛੋਟੀ ਕਹਾਣੀ

-ਈਸ਼ਰ ਕੌਰ (ਚਾਨੀਆਂ, ਜਲੰਧਰ)
(Punjab Mail USA)




ਸਟੱਡੀ ਵੀਜ਼ਾ ’ਤੇ ਕੈਨੇਡਾ ਆਈ ਨੂੰ ਕੋਈ ਅੱਠ ਮਹੀਨੇ ਹੋ ਗਏ ਸਨ ਮੈਨੂੰ। ਕੋਵਿਡ ਵਲੋਂ ਹੁਣ ਕਾਫ਼ੀ ਰਾਹਤ ਸੀ। ਕੰਮ ਮੁੜ ਗਤੀ ਫੜ੍ਹ ਗਏ। ਪਰ ਡਾਹਢੇ ਹੱਥ ਪੈਰ ਮਾਰਨ ਉਪਰੰਤ ਵੀ ਮੈਨੂੰ ਹਾਲੇ ਤੱਕ ਕੰਮ ਨਹੀਂ ਸੀ ਮਿਲਿਆ। ਜੀ.ਆਈ.ਸੀ. ਦੀ ਜਮ੍ਹਾਂ ਰਾਸ਼ੀ ਵੀ ਮੁੱਕਣ ਦੇ ਕਿਨਾਰੇ ਸੀ। ਭਲਾ ਹੋਏ ਮੇਰੀ ਵੱਡੀ ਭੈਣ ਵਰਗੀ ਸਹੇਲੀ, ਨਵਪ੍ਰੀਤ ਕੌਰ ਦਾ ਕਿ ਉਸ ਨੇ ਕਦੇ ਵੀ ਮੈਨੂੰ ਕਮਰੇ ਦੇ ਕਿਰਾਏ ਜਾਂ ਰਸੋਈ ਖਰਚ ਦਾ ਹਾਲਾਂ ਤੱਕ ਹੇਜ ਨਹੀਂ ਸੀ ਜਤਾਇਆ। ਪਿਤਾ ਜੀ ਤੋਂ ਮੈਂ ਏਨੀਂ ਛੇਤੀ ਹੋਰ ਜੇਬ ਖਰਚ ਮੰਗਵਾਉਣ ਤੋਂ ਝਿਜਕਦੀ ਸਾਂ। ਕਿਉਂ ਜੋ ਪਹਿਲਾਂ ਹੀ ਮੇਰੇ ਇਧਰ ਆਉਣ ’ਤੇ ਚੜ੍ਹਿਆ ਕਰਜ਼ ਹਾਲੇ ਖੜ੍ਹਾ ਸੀ। ਪਾਪਾ ਜੀ ਵਲੋਂ ਜ਼ੋਰ ਦੇਣ ’ਤੇ ਮੈਂ ਸਾਡੇ ਪਿੰਡ ਤੋਂ ਹੀ ਉਨ੍ਹਾਂ ਦੇ ਫਰੈਂਡ ਸਰਕਲ ’ਚੋਂ ਕੈਨੇਡਾ ਸੈਟਲਡ ਹੋਏ 3-4 ਜਾਣੂਆਂ ਨੂੰ ਮਿਲਣ ਗਈ। ਉਨ੍ਹਾਂ ਸਭਨਾਂ ਚਾਹ-ਪਾਣੀ ਤਾਂ ਪਿਆਇਆ ਪਰ ਕਿਸੇ ਵੀ ਜੇਬ ਖਰਚ ਵਜੋਂ ਕੋਈ 10-20 ਡਾਲਰ ਪਿਆਰ ਤੱਕ ਨਾ ਦਿੱਤਾ।

ਕੋਈ ਹੋਰ ਤਿੰਨ ਕੁ ਮਹੀਨੇ ਬਾਅਦ ਮੈਂ ਇਕ ਦਿਨ ਸ਼ਾਮ ਢਲੇ ਸਟੋਰ ਤੋਂ ਰਸੋਈ ਦਾ ਸਾਮਾਨ ਲੈਣ ਗਈ। ਪੈਸੇ ਹਾਲਾਂ ਦਿੱਤੇ ਨਹੀਂ ਸਨ ਕਿ ਸਟੋਰ ਵਿਚ ਇਕ ਬਜ਼ੁਰਗ ਜੋੜੇ ਨੇ ਪ੍ਰਵੇਸ਼ ਕੀਤਾ। ਉਨ੍ਹਾਂ ਮੈਨੂੰ ਕੁਝ ਨੀਝ ਨਾਲ ਤੱਕਦਿਆਂ/ਝਿਜਕਦਿਆਂ ਬੁਲਾ ਲਿਆ।

“ਪੁੱਤਰ ਕਿਹੜਾ ਪਿੰਡ ਐ ਆਪਣਾ”, ਉਨ੍ਹਾਂ ਪੁੱਛਿਆ।

“ਮੈਂ ਕਿਹਾ, ਜ਼ਿਲ੍ਹਾ ਜਲੰਧਰ ਦਾ ਚਾਨੀਆਂ ਪਿੰਡ ਐ ਬਾਪੂ।”

“ਕਿਹਦੀ ਪੋਤਰੀ ਐਂ ਧੀਏ?” ਉਨ੍ਹਾਂ ਦਾ ਅਗਲਾ ਸਵਾਲ ਸੀ।

ਚੇਲਿਆਂ ਦੇ ਸਰਦਾਰ ਸਤਨਾਮ ਸਿੰਘ ਦੀ ਪੋਤਰੀ ਆਂ ਬਾਪੂ, ਮੈਂ ਕਿਹਾ।

“ਉਹ ਤੇਰੀ, ਉਹ ਤੇ ਮੇਰੇ ਬਚਪਨ ਦਾ ਬੇਲੀ ਐ। ਪੰਜਵੀਂ ਤੱਕ ਕੱਠੇ ਪੜ੍ਹੇ ਆਂ, ਅਸੀਂ। ਔਖੀਆਂ ਘੜੀਆਂ ’ਚ ਬੜਾ ਸਾਥ ਦਿੱਤਾ, ਉਨ੍ਹਾਂ। ਮੈਂ ਵੀ ਚਾਨੀਆਂ ਤੋਂ ਆਂ ਬੇਟਾ”, ਉਸ ਕਹਿੰਦਿਆਂ ਮੈਨੂੰ ਆਪਣੀ ਗਲਵੱਕੜੀ ਵਿਚ ਲੈ ਲਿਆ। ਅਸੀਸਾਂ ਦੀਆਂ ਬੋਰੀਆਂ ਭਰ-ਭਰ ਮੇਰੇ ਉਪਰੋਂ ਵਾਰੀਆਂ। ਉਨ੍ਹਾਂ ਜਬਰੀ ਮੇਰਾ ਗਰੋਸਰੀ ਦਾ ਬਿੱਲ ਹੀ ਨਹੀਂ ਅਦਾ ਕੀਤਾ, ਸਗੋਂ ਪੰਜਾਹ ਡਾਲਰ ਪਿਆਰ ਵਜੋਂ ਵੱਖਰੇ ਦਿੰਦਿਆਂ, ਆਉਂਦੇ ਸੰਡੇ ਘਰ ਆਉਣ ਦੀ ਤਾਕੀਦ ਵੀ ਕੀਤੀ। ਮੈਨੂੰ ਅੱਜ ਅਸਲੋਂ ਨਵੀਂ ਅਤੇ ਪੁਰਾਣੀ ਤਹਿਜ਼ੀਬ ਵਿਚਲੇ ਫ਼ਰਕ ਦਾ ਅਹਿਸਾਸ ਹੋਇਆ।

# ਬਦਲਦੇ ਮਾਹੌਲ ਵਿਚ ਸੋਸ਼ਲ ਮੀਡੀਆ ਦੀ ਭੂਮਿਕਾ

ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ, ਮਲੋਟ (ਪੰਜਾਬ)
(Punjab Mail USA)





ਅਜੋਕਾ ਯੁੱਗ ਸੂਚਨਾ ਅਤੇ ਗਿਆਨ ਦਾ ਯੁੱਗ ਹੈ। ਸੋਸ਼ਲ ਮੀਡੀਆ ਮਨੁੱਖੀ ਸਬੰਧਾਂ ਨੂੰ ਸਥਾਪਿਤ ਕਰਨ ਦਾ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹੈ। ਇਹ ਇੱਕ ਅਜਿਹੀ ਆਧੁਨਿਕ ਤਕਨੀਕ ਹੈ, ਜਿਸ ਨੇ ਦੁਨੀਆ ਨੂੰ ਇੱਕ ਪਿੰਡ ਵਿਚ ਬਦਲ ਦਿੱਤਾ ਹੈ। ਅੱਜ ਸਮਾਜ ਨੇ ਸਮਾਜਿਕ ਜੀਵਨ ਦੇ ਹਰ ਖੇਤਰ ਨੂੰ ਪ੍ਰਭਾਵਿਤ ਕੀਤਾ ਹੈ। ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਜਿੱਥੇ ਲੋਕ ਆਪਣੇ ਨੇਤਾਵਾਂ ਨੂੰ ਵੋਟ ਦੇ ਕੇ ਚੁਣਦੇ ਹਨ। ਵੋਟਰਾਂ ਤੱਕ ਪਹੁੰਚਣ ਲਈ ਸਿਆਸਤਦਾਨਾਂ ਨੂੰ ਇੱਕ ਪਲੇਟਫਾਰਮ ਚਾਹੀਦਾ ਹੈ, ਇਹ ਪਲੇਟਫਾਰਮ ਸੋਸ਼ਲ ਮੀਡੀਆ ਵੀ ਹੈ। ਕੈਲੀਫੋਰਨੀਆ ਯੂਨੀਵਰਸਿਟੀ ਦੇ ਪ੍ਰੋਫੈਸਰ ਲਿਓਨਾਰਡ ਕਲੇਨਰੋਕ ਨੂੰ ਇੰਟਰਨੈੱਟ ਦਾ ਪਿਤਾ ਕਿਹਾ ਜਾਂਦਾ ਹੈ। 2 ਸਤੰਬਰ, 1969 ਨੂੰ, ਕਲੇਨਰੋਕ ਅਤੇ ਉਸਦੇ ਸਾਥੀ ਦੋ ਕੰਪਿਊਟਰਾਂ ਵਿਚਕਾਰ ਸੰਚਾਰ ਸਥਾਪਤ ਕਰਨ ਵਾਲੇ ਪਹਿਲੇ ਵਿਅਕਤੀ ਸਨ। ਇੰਟਰਨੈੱਟ ’ਤੇ ਸਭ ਤੋਂ ਮਸ਼ਹੂਰ ਨੈੱਟਵਰਕ ‘ਵਰਲਡ ਵਾਈਡ ਵੈੱਬ’ ਨੈੱਟਵਰਕ ਹੈ। ਇਸਨੂੰ 1989 ਵਿਚ ਜਨੇਵਾ ਦੀ ਯੂਰਪੀਅਨ ਪਾਰਟੀਕਲ ਫਿਜ਼ਿਕਸ ਲੈਬ ਦੁਆਰਾ ਬਣਾਇਆ ਗਿਆ ਸੀ। 1994 ਵਿਚ ਨੈੱਟਸਕੇਪ ਕਮਿਊਨੀਕੇਸ਼ਨ ਅਤੇ 1995 ਵਿਚ ਮਾਈਕ੍ਰੋਸਾਫਟ ਕਾਰਪੋਰੇਸ਼ਨ ਦੇ ਬ੍ਰਾਊਜ਼ਰ ਪ੍ਰੋਗਰਾਮ ਦੇ ਆਉਣ ਨਾਲ, ਉਪਭੋਗਤਾਵਾਂ ਲਈ ਇੰਟਰਨੈਟ ਦੀ ਵਰਤੋਂ ਬਹੁਤ ਆਸਾਨ ਹੋ ਗਈ। ਇੰਟਰਨੈੱਟ ਦਾ ਨਾਂ ਸੁਣਦੇ ਹੀ ਮਨ ਵਿਚ ਇਕ ਵਰਚੁਅਲ ਦੁਨੀਆਂ ਦਾ ਚਿੱਤਰ ਬਣ ਜਾਂਦਾ ਹੈ, ਜਿਸ ਦੀ ਆਬਾਦੀ ਅਸਲ ਸੰਸਾਰ ਦੀ ਆਬਾਦੀ ਨਾਲੋਂ ਤੇਜ਼ੀ ਨਾਲ ਵੱਧ ਰਹੀ ਹੈ। ਭਾਰਤ ਵਿਚ 1994 ਵਿਚ ਇੰਟਰਨੈੱਟ ਦਾ ਪ੍ਰਚਲਨ ਹੋਇਆ। ਕੁਝ ਸਮੇਂ ਲਈ, ਸਿੱਖਿਆ ਅਤੇ ਖੋਜ ਨੇ ਵਿਦਿਅਕ ਉਦੇਸ਼ਾਂ ਲਈ ਇਹ ਸਹੂਲਤ ਪ੍ਰਦਾਨ ਕੀਤੀ, ਪਰ 15 ਅਗਸਤ, 1995 ਤੋਂ, ਵਿਦੇਸ਼ ਸੰਚਾਰ ਨਿਗਮ ਲਿਮਟਿਡ (ਬੀ.ਐੱਸ.ਐੱਨ.ਐੱਲ.) ਦੀ ਮਦਦ ਨਾਲ, ਇਹ ਸਹੂਲਤ ਵਪਾਰਕ ਵਰਤੋਂ ਲਈ ਵੀ ਉਪਲਬਧ ਸੀ। ਅੱਜ ਪੂਰੇ ਦੇਸ਼ ਵਿਚ ਇੰਟਰਨੈੱਟ ਦੀ ਪਹੁੰਚ ਹੈ, ਕੰਪਿਊਟਰ ਤੋਂ ਇਲਾਵਾ ਸਮਾਰਟਫ਼ੋਨਾਂ ’ਤੇ ਵੀ ਇੰਟਰਨੈੱਟ ਕੁਨੈਕਟੀਵਿਟੀ ਉਪਲਬਧ ਹੈ, ਇਸ ਲਈ ਇੰਟਰਨੈੱਟ ਉਪਭੋਗਤਾਵਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇੰਟਰਨੈੱਟ ਦਾ ਵਿਸਥਾਰ ਨਾਲ ਗਲੋਬਲ ਦ੍ਰਿਸ਼ ਬਦਲ ਗਿਆ ਹੈ। ਇੰਟਰਨੈਟ ਦੀ ਖੋਜ ਫੌਜੀ ਜਾਣਕਾਰੀ ਦੇ ਆਦਾਨ-ਪ੍ਰਦਾਨ ਲਈ ਕੀਤੀ ਗਈ ਸੀ, ਪਰ ਅੱਜ ਇਸਦੀ ਵਰਤੋਂ ਵਪਾਰਕ ਤੌਰ ’ਤੇ ਕੀਤੀ ਜਾ ਰਹੀ ਹੈ। ਪਿਛਲੀ ਸਦੀ ਵਿਚ ਨੱਬੇ ਦਾ ਦਹਾਕਾ ਵੈੱਬ ਦੇ ਵਿਸਥਾਰ ਦਾ ਪੜਾਅ ਸੀ ਅਤੇ ਇਸ ਸਮੇਂ ਦੌਰਾਨ 1994 ਵਿਚ ਖੋਜ ਇੰਜਣਾਂ ਦਾ ਦੌਰ ਆਇਆ। ਇਸ ਤੋਂ ਬਾਅਦ ਨੇਟੀਜ਼ਨ ਦੀ ਦੁਨੀਆਂ ਯਾਹੂ, ਐਮਾਜ਼ਾਨ ਅਤੇ ਗੂਗਲ ਵਰਗੇ ਸਰਚ ਇੰਜਣਾਂ ਦੇ ਦੁਆਲੇ ਹੀ ਸੀਮਤ ਹੋ ਗਈ ਹੈ। ਖੋਜ ਇੰਜਣਾਂ ਦੀ ਸ਼ਾਨਦਾਰ ਅਤੇ ਚਮਤਕਾਰੀ ਸੰਭਾਵਨਾ ਨੇ ਜਾਣਕਾਰੀ ਅਤੇ ਗਿਆਨ ਦੇ ਇੰਟਰਐਕਟਿਵ ਚੈਨਲਾਂ ਨੂੰ ਹਿਲਾ ਦਿੱਤਾ। ਇਸ ਤੋਂ ਬਾਅਦ ਸੋਸ਼ਲ ਨੈੱਟਵਰਕਿੰਗ ਸਾਈਟਸ ਦਾ ਦੌਰ ਆਇਆ, ਜਿਸ ਨੇ ਪੂਰੀ ਦੁਨੀਆਂ ਨੂੰ ਆਪਣੀ ਲਪੇਟ ’ਚ ਲੈ ਲਿਆ।

# ਹਰਪ੍ਰੀਤ ਰਾਣਾ ਦੀ ਮਿੰਨੀ ਕਹਾਣੀਆਂ ਦੀ ਪੁਸਤਕ 'ਬਦਲਦੀ' ਹਵਾ ਇੱਕ ਵਿਸ਼ਲੇਸ਼ਣ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਹਰਪ੍ਰੀਤ ਸਿੰਘ ਰਾਣਾ ਦੀ ਮਿੰਨੀ ਕਹਾਣੀਆਂ ਦੀ ਪੁਸਤਕ 'ਬਦਲਦੀ ਹਵਾ' ਦੀਆਂ ਕਹਾਣੀਆਂ ਸਮਾਜਿਕ ਸਰੋਕਾਰਾਂ ਦੀ ਪ੍ਰਤੀਨਿਤਾ ਕਰਦੀਆਂ ਹਨ। ਇਸ ਸੰਗ੍ਰਹਿ ਦੀਆਂ ਕਹਾਣੀਆਂ ਵਰਤਮਾਨ ਸਮਾਜਿਕ ਤਾਣੇ-ਬਾਣੇ ਵਿਚ ਵਾਪਰ ਰਹੀਆਂ ਅਣਸੁਖਾਵੀਆਂ ਘਟਨਾਵਾਂ ਦਾ ਪਰਦਾਫਾਸ਼ ਕਰ ਰਹੀਆਂ ਹਨ। ਹਰਪ੍ਰੀਤ ਸਿੰਘ ਰਾਣਾ ਨੇ ਥੋੜ੍ਹੇ ਸ਼ਬਦਾਂ ਵਿਚ ਵੱਡੇ ਮੁੱਦਿਆਂ ਨੂੰ ਉਭਾਰਿਆ ਹੈ, ਤਾਂ ਜੋ ਸਮਾਜ ਇਨ੍ਹਾਂ ਕਹਾਣੀਆਂ ਤੋਂ ਪ੍ਰੇਰਨਾ ਲੈ ਕੇ ਸਮਾਜਿਕ ਬੁਰਾਈਆਂ ਦੇ ਹਲ ਲੱਭਣ ਦੀ ਕੋਸ਼ਿਸ਼ ਕਰਨ ਵਿਚ ਸਫਲ ਹੋ ਸਕੇ। ਇਸ ਕਹਾਣੀ ਸੰਗ੍ਰਹਿ ਵਿਚ ਹਰਪ੍ਰੀਤ ਸਿੰਘ ਰਾਣਾ ਦੀਆਂ 39 ਮਿੰਨੀ ਕਹਾਣੀਆਂ ਹਨ, ਜਿਹੜੀਆਂ ਪਾਠਕਾਂ ਨੂੰ ਝੰਜੋੜਦੀਆਂ ਹੋਈਆਂ ਸਾਰਥਿਕ ਹੰਭਲਾ ਮਾਰਨ ਲਈ ਉਕਸਾਉਂਦੀਆਂ ਹਨ। ਲਗਪਗ ਸਾਰੀਆਂ ਕਹਾਣੀਆਂ ਹੀ ਸੰਵੇਦਨਸ਼ੀਲ ਵਿਸ਼ਿਆਂ ਨਾਲ ਸੰਬੰਧਤ ਹਨ, ਜਿਹੜੇ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ। 'ਸੁਆਲ' ਕਹਾਣੀ ਵਿਚ ਇਨਸਾਨ ਦੇ ਦੋਹਰੇ ਕਿਰਦਾਰ ਬਾਰੇ ਦੱਸਿਆ ਗਿਆ ਹੈ। ਜਦੋਂ ਪਰਿਵਾਰ ਦਾ ਲੜਕਾ ਆਪਣੀ ਮਰਜ਼ੀ ਨਾਲ ਵਿਆਹ ਕਰਵਾਉਂਦਾ ਹੈ, ਤਾਂ ਕੋਈ ਇਤਰਾਜ਼ ਨਹੀਂ ਕਰਦਾ ਪ੍ਰੰਤੂ ਜਦੋਂ ਲੜਕੀ ਅਜਿਹਾ ਕਦਮ ਚੁੱਕਦੀ ਹੈ, ਤਾਂ ਉਸ ਨੂੰ ਬੁਰਾ ਭਲਾ ਕਿਹਾ ਜਾਂਦਾ ਹੈ। 'ਇਤਰਾਜ਼' ਕਹਾਣੀ ਫੇਸਬੁੱਕ 'ਤੇ ਮਰਦ ਔਰਤ ਦੋਵੇਂ ਗੱਲਬਾਤ ਰਾਹੀਂ ਹੱਥ ਵਧਾਉਂਦੇ ਹਨ ਪ੍ਰੰਤੂ ਮਾੜਾ ਮਰਦ ਨੂੰ ਕਿਹਾ ਜਾਂਦਾ ਹੈ, ਜਦੋਂਕਿ ਕਸੂਰ ਦੋਹਾਂ ਦਾ ਹੁੰਦਾ ਹੈ। 'ਸੁੱਚਾ' ਮਿੰਨੀ ਕਹਾਣੀ ਵਿਚ ਧਾਰਮਿਕ ਕੱਟੜਤਾ ਬਾਰੇ ਦੱਸਿਆ ਗਿਆ ਹੈ ਕਿ ਇਕ ਪਾਸੇ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਪ੍ਰੰਤੂ ਇਸ ਨੂੰ ਅਮਲੀ ਰੂਪ ਨਹੀਂ ਦਿੰਦੇ। 'ਅਖ਼ੰਡ ਪਾਠ ਕਹਾਣੀ ਵਿਚ ਪੁਲਿਸ ਵਿਭਾਗ ਦਾ ਅਧਿਕਾਰੀ ਮੁਫ਼ਤਖੋਰੀ ਨਾਲ ਅਖੰਡ ਪਾਠ ਕਰਵਾਉਂਦਾ ਹੈ। ਇਹ ਕਹਾਣੀ ਧਾਰਮਿਕ ਅਤੇ ਸਮਾਜਿਕ ਭ੍ਰਿਸ਼ਟਾਚਾਰ ਦਾ ਨਮੂਨਾ ਹੈ। 'ਭੜਾਸ' ਕਹਾਣੀ ਤਕੜੇ ਦੇ ਸੱਤੀ ਵੀਹੀਂ ਸੌ ਦੀ ਵਧੀਆ ਉਦਾਹਰਣ ਹੈ। ਪੁਲਸੀਆ ਦਫਤਰੀ ਬਾਬੂ, ਮਜ਼ਦੂਰ ਅਤੇ ਮਜ਼ਦੂਰ ਕੁੱਤੇ 'ਤੇ ਰੋਹਬ ਝਾੜਦੇ ਹਨ। 'ਹਵਸ' ਕਹਾਣੀ ਵਿਚ ਅਮੀਰਾਂ ਵਲੋਂ ਗ਼ਰੀਬਾਂ ਨਾਲ ਦੁਰਵਿਵਹਾਰ ਅਤੇ ਜੈਸਾ ਕਰੋਗੇ ਵੈਸਾ ਹੀ ਭੁਗਤੋਗੇ, ਬਾਰੇ ਚਾਨਣਾ ਪਾਉਂਦੀ ਹੈ। 'ਖ਼ੁਸ਼' ਕਹਾਣੀ ਬਜ਼ੁਰਗਾਂ ਦੀ ਅਣਵੇਖੀ ਅਤੇ ਭਵਿੱਖ ਵਿਚ ਜੋ ਤੁਸੀਂ ਬਜ਼ੁਰਗਾਂ ਨਾਲ ਵਿਵਹਾਰ ਕਰਦੇ ਹੋ ਤੁਹਾਡੇ ਨਾਲ ਵੀ ਉਹੀ ਹੋਵੇਗਾ, ਦੀ ਸਹੀ ਉਦਾਹਰਣ ਹੈ। ਜਦੋਂ ਪੋਤਾ ਪੈਦਾ ਹੋਣ ਦੀ ਖ਼ੁਸ਼ੀ ਡੰਗਰਾਂ ਵਾਲੇ ਬਾੜੇ ਵਿਚ ਪਏ ਪਿਓ ਨੂੰ ਉਸ ਦਾ ਪੁੱਤਰ ਦਿੰਦਾ ਹੈ, ਤਾਂ ਪਿਤਾ ਵਿਅੰਗ ਨਾਲ ਕਰਦਾ ਹੈ ਕਿ ਵੱਡਾ ਹੋ ਕੇ ਮੇਰੇ ਇਸ ਮੰਜੇ ਦਾ ਵਾਰਸ ਪੁੱਤਰਾ ਤੂੰ ਬਣੇਗਾ। 'ਤਰੀਕਾ' ਕਹਾਣੀ ਬੱਚਿਆਂ ਨੂੰ ਕੁੱਟਮਾਰ ਕੇ ਪੜ੍ਹਾਉਣ ਦਾ ਤਰੀਕਾ ਠੀਕ ਨਹੀਂ, ਸਗੋਂ ਪਿਆਰ ਨਾਲ ਪੜ੍ਹਾਉਣਾ ਸਹੀ ਤਰੀਕਾ ਹੈ। 'ਅਧੂਰੀ ਔਰਤ' ਸੰਵੇਦਨਸ਼ੀਲ ਕਹਾਣੀ ਹੈ, ਜਿਸ ਵਿਚ ਇਹ ਸਾਬਤ ਕੀਤਾ ਗਿਆ ਹੈ ਕਿ ਦੁਨੀਆਂਦਾਰੀ ਦੀ ਸਮਝ ਦੁਨੀਆਂਦਾਰ ਅਰਥਾਤ ਵਿਆਹੀ ਔਰਤ ਨੂੰ ਹੀ ਹੁੰਦੀ ਹੈ। ਜੇਕਰ ਐਸ਼ ਆਰਾਮ ਲਈ ਬੱਚੇ ਪੈਦਾ ਨਹੀਂ ਕੀਤੇ ਜਾਂਦੇ, ਤਾਂ ਔਰਤ 'ਤੇ ਉਂਜਾਂ ਵੀ ਲੱਗਦੀਆਂ ਹਨ। 'ਜੀਵ ਹੱਤਿਆ' ਕਹਾਣੀ ਵੀ ਬਹੁਤ ਜ਼ਿਆਦਾ ਸੰਵੇਦਨਸ਼ੀਲ ਹੈ, ਜਿਸ ਵਿਚ ਵਿਖਾਇਆ ਗਿਆ ਹੈ ਕਿ ਮੀਟ ਨਾ ਖਾਣ ਵਾਲੇ ਖ਼ੂਨ ਕਰਨ ਨੂੰ ਮਿੰਟ ਲਗਾਉਂਦੇ ਹਨ। ਸੰਪਰਦਾਇਕਤਾ ਨਫਰਤ ਫੈਲਾਉਂਦੀ ਹੈ। 'ਇਨਸਾਨੀਅਤ' ਕਹਾਣੀ ਵੀ ਹਾਦਸਿਆਂ ਵਿਚ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਉਣ ਦੀ ਤਾਕੀਦ ਕਰਦੀ ਹੈ ਕਿਉਂਕਿ ਉਹ ਜ਼ਖ਼ਮੀ ਤੁਹਾਡਾ ਸੰਬੰਧੀ ਵੀ ਹੋ ਸਕਦਾ ਹੈ। 'ਮਾੜਾ ਬੰਦਾ' ਕਹਾਣੀ ਵਿਦਿਆ ਵਿਭਾਗ ਵਿਚ ਲਿਹਾਜ਼ਦਾਰੀ ਦਾ ਨਮੂਨਾ ਹੈ ਕਿਉਂਕਿ ਪਿੰਡ ਦਾ ਪੰਚ ਜੋ ਪੀ.ਟੀ.ਏ. ਦਾ ਪ੍ਰਧਾਨ ਵੀ ਹੈ, ਉਹ ਸਕੂਲ ਦੇ ਇਮਤਿਹਾਨਾਂ ਦਾ ਜਾਇਜ਼ਾ ਲੈਣ ਆਏ ਅਧਿਕਾਰੀ ਨੂੰ ਇਮਤਿਹਾਨ ਲੈਣ ਵਾਲੇ ਸੁਪਰੀਟੈਂਡੈਂਟ ਦੀ ਸ਼ਿਕਾਇਤ ਕਰਦਾ ਹੈ ਪ੍ਰੰਤੂ ਉਹ ਅਣਗੌਲਿਆ ਕਰਕੇ ਚਲਾ ਜਾਂਦਾ ਹੈ। ਸਿੱਖਿਆ ਵਿਭਾਗ ਦੀਆਂ ਗ਼ਲਤੀਆਂ ਦਾ ਪ੍ਰਗਟਾਵਾ ਹੈ। 'ਖ਼ੁਰਾਕ' ਕਹਾਣੀ ਵਿਚ ਬਜ਼ੁਰਗ ਦੀ ਉਸ ਦਾ ਪੁੱਤਰ ਚੰਗੀ ਸੰਭਾਲ ਕਰਦਾ ਹੈ ਪ੍ਰੰਤੂ ਉਸ ਦੀਆਂ ਲੜਕੀਆਂ ਹਲਕੀ-ਫੁਲਕੀ ਖ਼ੁਰਾਕ ਦੀ ਨਿੰਦਿਆ ਕਰਦੀਆਂ ਹਨ, ਜਦੋਂਕਿ ਬਜ਼ੁਰਗਾਂ ਲਈ ਹਲਕੀ-ਫੁਲਕੀ ਖ਼ੁਰਾਕ ਸਹੀ ਹੁੰਦੀ ਹੈ। ਜਦੋਂ ਬਜ਼ੁਰਗ ਨੂੰ ਭਾਰੀ ਖ਼ੁਰਾਕ ਬਦਹਜ਼ਮੀ ਕਰਦੀ ਹੈ, ਤਾਂ ਲੜਕੀਆਂ ਦੂਸਰੇ ਕਮਰੇ ਵਿਚ ਜਾ ਕੇ ਸੌਂ ਜਾਂਦੀਆਂ ਹਨ। 'ਚੌਥਾ ਯੁੱਧ' ਆਪਸੀ ਹਓਮੈ ਅਤੇ ਰੋਟੀ ਦੀ ਲੜਾਈ ਨੂੰ ਚੌਥਾ ਯੁੱਧ ਕਿਹਾ ਗਿਆ ਹੈ। ਸੰਸਾਰ ਵਿਚ ਲੜਾਈ ਹੀ ਬਹੁਤਾ ਪੈਸਾ ਇਕੱਠਾ ਕਰਨ ਦੀ ਹੈ। 'ਕੰਮ ਦਾ ਬੰਦਾ' ਅਧਿਕਾਰੀ ਦੀ ਮੌਤ 'ਤੇ ਜਾਣ ਨੂੰ ਤਰਜੀਹ ਨਹੀਂ, ਸਗੋਂ ਜੇਕਰ ਉਸ ਦੇ ਬਾਪ ਦੀ ਮੌਤ ਹੁੰਦੀ ਹੈ, ਤਾਂ ਅਧਿਕਾਰੀ ਤੋਂ ਕੰਮ ਲੈਣ ਲਈ ਅਫਸੋਸ ਪ੍ਰਗਟ ਕਰਨ ਜਾਣਾ ਜ਼ਰੂਰੀ ਸਮਝਿਆ ਜਾਂਦਾ ਹੈ। 'ਅਹੁਦਾ' ਕਹਾਣੀ ਇਨਸਾਨ ਦੀ ਆਪਣੇ ਆਪ ਨੂੰ ਵੱਡਾ ਕਹਿਣ ਦੀ ਫਿਤਰਤ ਦਾ ਪ੍ਰਗਟਾਵਾ ਕਰਦੀ ਹੈ, ਜਦੋਂ ਲੈਕਚਰਾਰ ਨੂੰ ਆਰਜੀ ਪ੍ਰਿੰਸੀਪਲ ਦਾ ਚਾਰਜ ਮਿਲਣ ਤੋਂ ਬਾਅਦ ਆਪਣੇ ਆਪ ਨੂੰ ਪ੍ਰਿੰਸੀਪਲ ਦੱਸ ਕੇ ਮਾਣ ਹੁੰਦਾ ਸੀ। 'ਫੇਸਬੁੱਕ' ਕਹਾਣੀ ਲੋਕਾਂ ਦੀ ਬਿਗਾਨੀਆਂ ਔਰਤਾਂ ਨਾਲ ਜਾਅਲੀ ਆਈ.ਡੀ. ਬਣਾਕੇ ਉਨ੍ਹਾਂ ਨਾਲ ਸੰਬੰਧ ਬਣਾਉਣ ਦਾ ਪਰਦਾਫਾਸ਼ ਕਰਦੀ ਹੈ, ਜਦੋਂ ਪਤੀ-ਪਤਨੀ ਦੋਵੇਂ ਫੇਸਬੁੱਕੀ ਦੋਸਤ ਨਿਸ਼ਚਿਤ ਕੀਤੇ ਸਥਾਨ 'ਤੇ ਮਿਲਦੇ ਹਨ, ਤਾਂ ਹੋਸ਼ ਉਡ ਜਾਂਦੇ ਹਨ। 'ਸੰਸਕਾਰ' ਕਹਾਣੀ ਵੀ ਬਜ਼ੁਰਗਾਂ ਨਾਲ ਔਲਾਦ ਦੇ ਦੁਰਵਿਵਹਾਰ ਦਾ ਅਸਰ ਉਸ ਦੀ ਔਲਾਦ 'ਤੇ ਵੀ ਪੈਂਦਾ ਹੈ। 'ਨੇਤਾ' ਕਹਾਣੀ ਘੱਟ ਪੜ੍ਹੇ-ਲਿਖੇ ਲੋਕ ਪੜ੍ਹੇ-ਲਿਖਿਆ 'ਤੇ ਨੇਤਾ ਬਣਕੇ ਰਾਜ ਕਰਦੇ ਹਨ। ਬੱਚਾ ਨੇਤਾਵਾਂ ਦੀ ਆਓ ਭਗਤ ਵੇਖਕੇ ਪੜ੍ਹਨ ਤੋਂ ਇਨਕਾਰੀ ਹੋ ਕੇ ਨੇਤਾ ਬਣਨਾ ਲੋਚਦਾ ਹੈ। 'ਬਚਪਨ' ਕਹਾਣੀ ਵਿਚ ਅਨੁਸੂਚਿਤ ਜਾਤੀ ਅਤੇ ਜੱਟ ਪਰਿਵਾਰ ਦੇ ਲੜਕਿਆਂ ਦੀ ਦੋਸਤੀ ਵੱਡੇ ਹੋਣ 'ਤੇ ਜਾਤ ਅਤੇ ਰੁਤਬੇ ਦੀ ਹਓਮੈ ਨਿਭਦੀ ਨਹੀਂ। 'ਵਾਰੀ' ਕਹਾਣੀ ਵਿਚ ਜਦੋਂ ਇਕ ਬੰਬ ਧਮਾਕੇ ਵਿਚ 25 ਬੰਦੇ ਮਰ ਜਾਂਦੇ ਹਨ, ਤਾਂ ਇਕ ਵਿਅਕਤੀ ਆਪਣੀ ਵਾਰੀ ਬਾਰੇ ਸੋਚਦਾ ਹੈ ਕਿ ਅਜਿਹੇ ਹਾਲਤ ਵਿਚ ਉਸ ਦੀ ਵਾਰੀ ਵੀ ਆਉਣ ਵਾਲੀ ਹੈ। 'ਮਿੱਤਰਤਾ' ਕਹਾਣੀ ਵਿਚ ਤਿੰਨ ਦੋਸਤ ਹਨ, ਇਕ ਦੋਸਤ ਦੂਜੇ ਦੋਸਤ ਦੀ ਭੈਣ ਵਲ ਮਾੜੀ ਨਿਗਾਹ ਰੱਖਦਾ ਹੈ, ਤਾਂ ਤੀਜੇ ਦੋਸਤ ਨੇ ਮਾੜੀ ਨਿਗਾਹ ਰੱਖਣ ਵਾਲੇ ਦੇ ਥੱਪੜ ਜੜ ਦਿੱਤਾ। ਸਿੱਟਾ ਇਹ ਨਿਕਲਦਾ ਹੈ ਕਿ ਦੋਸਤਾਂ ਨਾਲ ਵਿਸ਼ਵਾਸਘਾਤ ਠੀਕ ਨਹੀਂ ਹੁੰਦਾ। 'ਮੰਗਤਾ' ਕਹਾਣੀ ਵਿਚ ਦਫਤਰ ਵਿਚੋਂ ਬਾਬੂ ਅਤੇ ਸੁਪਰੀਟੈਂਡੈਂਟ ਦੀ ਸੇਵਾ ਪਾਣੀ ਕਰਦਾ ਹੈ ਤੇ ਇਕ ਮੰਗਤੇ ਦੀ ਵੀ ਸੇਵਾ ਪਾਣੀ ਕਰਦਾ ਹੈ। ਭਾਵ ਉਹ ਦੋਹਾਂ ਦਫਤਰੀ ਬਾਬੂਆਂ ਨੂੰ ਵੀ ਮੰਗਤੇ ਸਮਝਦਾ ਹੈ। 'ਬਦਲਦੀ ਹਵਾ' ਪੁਸਤਕ ਦੇ ਸਿਰਲੇਖ ਵਾਲੀ ਕਹਾਣੀ ਹੈ, ਜਿਸ ਵਿਚ ਵਰਤਮਾਨ ਸਮਾਜ ਵਿਚ ਹੱਦਾਂ ਬੰਨ੍ਹਿਆਂ, ਸਮਾਜਿਕ ਵਰਗਾਂ ਅਤੇ ਧਾਰਮਿਕ ਤੰਗਦਿਲੀ ਬਾਰੇ ਬੜੇ ਸੁਚੱਜੇ ਢੰਗ ਨਾਲ ਇਸ਼ਾਰਾ ਕੀਤਾ ਗਿਆ ਹੈ। ਪੰਜਾਬ ਦੀ ਹੱਦ ਵਿਚ ਸਿੱਖ ਡਰਾਇਵਰ ਦਾ ਰੋਹਬ ਚੱਲਦਾ ਹੈ ਅਤੇ ਸ਼ੰਭੂ ਲੰਘਕੇ ਹਰਿਆਣਾ ਵਿਚ ਡਰਾਇਵਰ ਦੀ ਸੀਟ ਦੇ ਪਿੱਛੇ ਬੈਠੇ ਬਾਬੂ ਨੂੰ ਡਰਾਇਵਰ ਕੁਝ ਵੀ ਕਹਿਣ ਤੋਂ ਝਿਜਕਦਾ ਹੈ। 'ਬੁਰਕੀ' ਕਹਾਣੀ ਵਿਚ ਸਰਕਾਰੀ ਫੰਡਾਂ ਦੀ ਦੁਰਵਰਤੋਂ ਕਰਨ ਦੀ ਤਸਵੀਰ ਪੇਸ਼ ਕੀਤੀ ਹੈ। ਕੁੱਤੇ ਨੂੰ ਇਕ ਗਰੀਬੜਾ ਜਿਹਾ ਆਦਮੀ ਰੋਟੀ ਦੀ ਬੁਰਕੀ ਪਾ ਦਿੰਦਾ ਹੈ, ਉਹ ਭੌਂਕਣ ਤੋਂ ਹਟ ਜਾਂਦਾ ਹੈ। ਏਸੇ ਤਰ੍ਹਾਂ ਹੈਡਮਾਸਟਰ ਨੇ ਯੂਨੀਅਨ ਦੇ ਨੇਤਾ ਨਾਲ ਕੀਤਾ ਹੈ। 'ਬੇਬਸੀ ਤੱਕਣੀ' ਕਹਾਣੀ ਵਿਚ ਮਜ਼ਦੂਰ ਮਹਿਲ ਬਣਾਉਂਦੇ ਹਨ ਪਰੰਤੂ ਉਨ੍ਹਾਂ ਨੂੰ ਉਨ੍ਹਾਂ ਮਹਿਲਾਂ ਵਿਚ ਵੜਨ ਦਾ ਇਤਫਾਕ ਨਹੀਂ ਹੁੰਦਾ। 'ਬੇਘਰੇ' ਗ਼ਰੀਬ ਲੋਕ ਆਪਣੀ ਜ਼ਿੰਦਗੀ ਦਾ ਆਨੰਦ ਨਹੀਂ ਮਾਣ ਸਕਦੇ। 'ਲੋਕ ਰਾਜ' ਕਹਾਣੀ ਰਾਹੀਂ ਲੇਖਕ ਨੇ ਦੱਸਿਆ ਹੈ ਕਿ ਰਾਸ਼ਟਰਪਤੀ ਰਾਜ ਵਿਚ ਅਧਿਕਾਰੀ ਲੋਕ ਰਾਜ ਵਿਚ ਸਿਆਸਤਦਾਨ ਮੌਜਾਂ ਕਰਦੇ ਹਨ। 'ਮੁਬਾਰਕ' ਕਹਾਣੀ ਵਿਚ ਸਾਹਿਤਕਾਰਾਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਹੈ ਕਿ ਉਹ ਕਿਸੇ ਸਾਥੀ ਦੀ ਮੌਤ 'ਤੇ ਵੀ ਖ਼ਬਰ ਵਿਚ ਆਪਣਾ ਨਾਮ ਲਗਵਾ ਕੇ ਖ਼ੁਸ਼ ਹੁੰਦੇ ਹਨ। 'ਅਣਹੋਣੀ' ਵਿਚ ਪੜ੍ਹੇ-ਲਿਖੇ ਲੋਕਾਂ ਵਿਚ ਵਹਿਮ-ਭਰਮ ਕਰਨ ਦੀ ਪ੍ਰਥਾ ਬਾਰੇ ਦੱਸਿਆ ਹੈ। 'ਫਸਾਦੀ ਅਤ 'ਫਸਾਦ' ਕਹਾਣੀਆਂ ਦੰਗਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਚੇਤਾਵਨੀ ਦਿੰਦੀਆਂ ਹਨ ਕਿ ਦੰਗੇ ਜਾਤ ਬਰਾਦਰੀ ਨਹੀਂ ਵੇਖਦੇ। ਦੰਗੇ ਕਰਨ ਵਾਲੇ ਵੀ ਦੂਜੇ ਵਰਗ ਦੇ ਵਿਅਕਤੀਆਂ ਵੱਲੋਂ ਮਾਰੇ ਜਾਂਦੇ ਹਨ। 'ਸਾਉ' ਅਤੇ 'ਪਿਆਰ' ਦੋਵੇਂ ਕਹਾਣੀਆਂ ਫੇਸਬੁੱਕ ਦੇ ਬੁਰੇ ਪ੍ਰਭਾਵਾਂ ਦੇ ਨਤੀਜਿਆਂ ਬਾਰੇ ਚੇਤਾਵਨੀ ਦਿੰਦੀਆਂ ਹਨ। 'ਵੰਡ' ਕਹਾਣੀ ਜਨਰੇਸ਼ਨ ਗੈਪ ਦੀ ਬਾਤ ਪਾਉਂਦੀ ਅਤੇ ਵਿਧਵਾ ਔਰਤ ਦੇ ਇਸ਼ਕ ਨੂੰ ਸਮਾਜ ਚੰਗਾ ਨਹੀਂ ਸਮਝਦਾ। 'ਹੀਜੜੇ' ਕਹਾਣੀ ਸਮਾਜ ਵੱਲੋਂ ਹੀਜੜਿਆਂ ਬਾਰੇ ਪਾਈ ਜਾਂਦੀ ਗ਼ਲਤ ਭਾਵਨਾ ਨੂੰ ਦੂਰ ਕਰਦੀ ਹੈ। 'ਵਾਪਸੀ' ਟਰੈਵਲ ਏਜੰਟਾਂ ਦੀ ਮਾੜੀ ਸੋਚ ਅਤੇ ਸੁਲਝੇ ਹੋਏ ਅਧਿਆਪਕ ਦੀ ਸਲਾਹ ਬਾਹਰ ਜਾਣ ਲਈ ਭਟਕੇ ਨੌਜਵਾਨਾਂ ਨੂੰ ਸਿੱਧੇ ਰਾਹ ਪਾਉਂਦੀ ਹੈ। 'ਫ਼ਰਜ਼' ਕਹਾਣੀ ਗ਼ਰੀਬ ਲੋਕਾਂ ਦੀ ਪੈਸੇ ਬਾਰੇ ਦ੍ਰਿਸ਼ਟੀ ਦਾ ਪ੍ਰਗਟਾਵਾ ਕਰਦੀ ਹੈ। 'ਬੜਕ' ਇਨਸਾਨੀ ਹਓਮੈ ਦੇ ਨਤੀਜਿਆਂ ਬਾਰੇ ਚੇਤਾਵਨੀ ਦਿੰਦੀ ਹੈ।

40 ਪੰਨਿਆਂ, 30 ਰੁਪਏ ਕੀਮਤ ਵਾਲਾ 'ਬਦਲਦੀ ਹਵਾ' ਮਿੰਨੀ ਕਹਾਣੀ ਸੰਗ੍ਰਹਿ ਮਿੰਨੀ ਕਹਾਣੀ ਲੇਖਕ ਮੰਚ ਪੰਜਾਬ ਨੇ ਪ੍ਰਕਾਸ਼ਤ ਕੀਤਾ ਹੈ।




# ਫੁੱਫੜ ਦੇ ਰਿਸ਼ਤੇ ਦੀ ਸਮਾਜ ਵਿਚ ਅੱਜ ਕੀ ਮਹੱਤਤਾ ਹੈ

ਜਗਜੀਤ ਸਿੰਘ ਝੱਤਰਾ
-ਪੇਸ਼ਕਸ਼ ਤਸਵਿੰਦਰ ਸਿੰਘ ਬੜੈਚ
ਮੋਬ : 75279-31887
(Punjab Mail USA)



ਜੇ ਅੱਜ ਗਹੁ ਨਾਲ ਵਾਚਿਆ ਜਾਵੇ, ਤਾਂ ਵਕਤ ਤੇ ਵਖ਼ਤ 'ਚ ਕੋਈ ਬਹੁਤਾ ਅੰਤਰ ਨਹੀਂ ਜਾਪਦਾ ਹੈ ਪਰ ਵਖਤ ਪੈਣ 'ਤੇ ਵਕਤ ਵੀ ਬੁਰਾ ਹੋ ਜਾਂਦਾ ਹੈ। ਵੇਲੇ ਦਾ ਆਪਦਾ ਮਜ਼ਾਜ਼ ਹੈ। ਵੇਲੇ ਦੇ ਮੁਤਾਬਿਕ ਅੱਜ ਸਮਾਜ ਵਿਚ ਬਹੁਤ ਤਬਦੀਲੀਆਂ ਆਉਣੀਆਂ ਸੁਭਾਵਿਕ ਹੀ ਹਨ। ਰਿਸ਼ਤੇਦਾਰੀਆਂ, ਭਾਈਚਾਰਕ ਸਾਂਝਾਂ, ਮੇਲ-ਜੋਲ ਵਿਚ ਦੱਸਣਯੋਗ ਤਬਦੀਲੀਆਂ ਘਰ ਕਰ ਗਈਆਂ ਹਨ। ਸਾਂਝਾਂ ਮਾਂਝਾਂ ਸਭ ਮਤਲਬ ਤੱਕ ਸੀਮਤ ਹੋ ਕੇ ਰਹਿ ਗਈਆਂ ਹਨ, ਹਰ ਵਿਅਕਤੀ ਨੇ ਪੈਸੇ ਨੂੰ ਰਿਸ਼ਤੇਦਾਰ ਬਣਾ ਲਿਆ ਹੈ। ਕੋਈ ਵੀ ਹੈ ਸਭ ਪੈਸੇ ਦੇ ਮਗਰ ਦੌੜਦਾ ਨਜ਼ਰ ਆ ਰਿਹਾ ਹੈ। ਕਿਸੇ ਨੂੰ ਦੂਸਰਿਆਂ ਕੋਲ ਬੈਠਣ, ਦੁੱਖ-ਸੁੱਖ ਸਾਂਝਾਂ ਕਰਨ ਦਾ ਸਮਾਂ ਖੰਭ ਲੇ ਕੇ ਉੱਡ ਅਸਮਾਨੀ ਚਲਾ ਗਿਆ ਹੈ।

ਪੁਰਾਤਨ ਸਮਿਆਂ ਵਿਚ ਸਾਂਝਾਂ, ਰਿਸ਼ਤੇਦਾਰੀ ਤੇ ਭਾਈਚਾਰਕ ਸਬੰਧ ਪੱਕੇ ਵਿਸ਼ਵਾਸ ਦੇ ਧਾਗਿਆਂ 'ਚ ਬੱਝੇ ਸਨ ਅਤੇ ਹਰ ਇਕ ਸਾਕ-ਸਬੰਧ ਨੂੰ ਅਹਿਮ ਰੂਪ ਵਿਚ ਵੇਖਿਆ ਜਾਂਦਾ ਸੀ। ਹਰ ਰਿਸ਼ਤੇ ਨੂੰ ਵੱਧ ਤੋਂ ਵੱਧ ਪਹਿਲ ਦਿੱਤੀ ਜਾਂਦੀ ਸੀ। ਰਿਸ਼ਤੇ ਮਨੁੱਖੀ ਜੀਵਨ ਦੀ ਜਾਨ ਹੁੰਦੇ ਹਨ। ਭੂਆ, ਮਾਸੀ, ਚਾਚੀ, ਤਾਈ, ਦਾਦੀ, ਨਾਨੀ ਆਦਿ ਸਾਂਝ ਜੀਵਨ ਦਾ ਹਿੱਸਾ ਹਨ। ਆਪਸੀ ਪਿਆਰ, ਪ੍ਰੇਮ, ਸਬਰ, ਸੰਤੋਖ, ਸਹਿਣਸ਼ੀਲਤਾ ਰਿਸ਼ਤਿਆਂ ਦੀ ਊਰਜਾ ਦਾ ਸਰੋਤ ਹੁੰਦੇ ਹਨ। ਖ਼ੂਨ ਦੇ ਅਤੇ ਸਮਾਜਿਕ ਰਿਸ਼ਤੇ ਤਿੜਕ ਰਹੇ ਹਨ। ਰਿਸ਼ਤਿਆਂ 'ਚ ਵੱਧ ਰਹੀ ਦੂਰੀ ਸਾਡੀ ਲਾਲਚ ਬਿਰਤੀ ਦੀ ਗਵਾਹੀ ਹੈ। ਸਾਨੂੰ ਆਪਣੀ ਅੰਦਰਲੀ ਮਾਨਸਿਕਤਾ ਨੂੰ ਸਮਝਣਾ ਚਾਹੀਦਾ ਹੈ। ਰਿਸ਼ਤੇ ਸਦੀਵੀ ਹੁੰਦੇ ਹਨ।





ਮਾਮੇ, ਭੂਆ, ਮਾਸੀ, ਮਾਮੀ, ਫੁੱਫੜ ਤੇ ਮਾਮਾ ਅਹਿਮ ਰਿਸ਼ਤਿਆਂ ਵਿਚ ਨੰਬਰ ਆਉਂਦਾ ਹੈ। ਅਜੋਕੇ ਸਮੇਂ ਸਭ ਤੋਂ ਵੱਧ ਸਹੁਰਿਆਂ ਦੀ ਰਿਸ਼ਤੇਦਾਰੀ ਪਹਿਲੇ ਪਾਲੇ 'ਚ ਰੱਖੀ ਜਾਂਦੀ ਹੈ। ਉਧਰੋਂ ਧੀ ਦੇ ਸਹੁਰਿਆਂ ਨੂੰ ਅਹਿਮ ਦਰਜੇ 'ਚ ਰੱਖਿਆ ਜਾਂਦਾ ਹੈ। ਵਿਅਕਤੀ ਆਪਣੀ ਧੀ ਨੂੰ ਮੂਹਰਲੀ ਕਤਾਰ ਵਿਚ ਵੇਖ ਖੁਸ਼ ਹੁੰਦਾ ਹੈ ਅਤੇ ਭੈਣ ਦੂਸਰੀ ਲਾਈਨ 'ਤੇ ਦਰਜ ਕੀਤੀ ਜਾਂਦੀ ਹੈ। ਭੂਆ ਨੂੰ ਤੀਜੇ ਸਥਾਨ 'ਤੇ ਲਾਇਆ ਜਾਂਦਾ ਹੈ। ਇਹ ਹੈ ਕਿ ਧੀ, ਭੈਣ, ਭੂਆ ਦੀ ਜਨਮ ਭੂਮੀ ਇਕ ਹੀ ਘਰ ਵਿਚ ਸਥਿਤ ਹੈ। ਵਿਅਕਤੀ ਆਪਣੀ ਧੀ, ਆਪਣੀ ਭੈਣ ਤੇ ਆਪਣੇ ਬਾਪ ਦੀ ਭੈਣ (ਭੂਆ) ਨੂੰ ਚੰਗੀ ਤਰ੍ਹਾਂ ਸਮਝਦਾ ਹੈ ਕਿ ਮੇਰੇ ਘਰ ਹੀ ਜੰਮੀਆਂ ਵੱਡੀਆਂ ਹੋਈਆਂ, ਪਾਲੀਆਂ ਗਈਆਂ ਅਤੇ ਆਪਣਾ ਘਰ ਸਮਝਕੇ ਦਿਲ ਲਾ ਕੇ ਮਾਂ-ਬਾਪ ਨਾਲ ਸਖਤ ਕੰਮ ਕੀਤਾ। ਪਰ ਦਰਜੇ ਵੱਖ-ਵੱਖ ਮਿਲਦੇ ਕਿਉਂ ਪਰ ਅੱਜ ਦੇ ਸਮੇਂ ਵਿਚ ਵਿਅਕਤੀ ਨਿਰਾਸ਼ਵਾਦੀ ਸੋਚ ਵਿਚੋ ਖੁਸ਼ੀਆਂ ਕਿੱਥੋਂ ਮਿਲਣ, ਕਿਉਂਕਿ ਉਸਨੇ ਰਿਸ਼ਤੇ ਦਰਜਬੰਦੀ ਵਿਚ ਰੱਖ ਕੇ ਡੱਬਿਆਂ 'ਤੇ ਸੀਲਾਂ ਲਾਈਆਂ ਹਨ। ਜਵਾਈ, ਭਣੋਈਆ, ਫੁੱਫੜ ਇਕੋ ਘਰ ਦੇ ਜਵਾਈ ਹਨ। ਇਕੋ ਹੀ ਘਰ ਜੰਝ ਲੈ ਕੇ ਢੁੱਕੇ ਹਨ। ਪਰ ਉਹ ਦਰਜਾਬੰਦੀ ਦਾ ਸ਼ਿਕਾਰ ਰਿਸ਼ਤੇ ਬਣਕੇ ਰਹਿ ਗਏ ਹਨ।

ਜਿਵੇਂ ਕਿਸੇ ਨੇ ਕਿਹਾ ਸੀ, ਸਭ ਤੋਂ ਮਾਸ ਮਾੜਾ ਫੇਫੜਿਆਂ ਦਾ ਹੁੰਦਾ ਹੈ ਤੇ ਰਿਸ਼ਤਾ ਫੁੱਫੜ ਦਾ। ਜਦੋਂ ਵਿਅਕਤੀ ਫੁੱਫੜ ਦੀ ਹਾਲਤ 'ਚ ਆ ਜਾਂਦਾ ਹੈ, ਤਾਂ ਉਸਦੀ ਕਦਰ ਵਿਚ ਅੰਤਰ ਪੈ ਜਾਂਦਾ ਹੈ ਤੇ ਉਮਰ ਤੋਂ ਵੀ ਸਿਆਣਾ ਹੋ ਜਾਂਦਾ ਹੈ। ਅੱਜ ਇਕ ਪਲ ਦੀ ਖੁਸ਼ੀ ਕਈ ਹਜ਼ਾਰਾਂ ਪਲਾਂ ਨਾਲੋਂ ਮਹਿੰਗੀ ਹੈ। ਜਿਵੇਂ ਕਿਸੇ ਕਿਹਾ, ਖੂਹ ਵਗਦਿਆਂ ਦੇ ਤੇ ਰਿਸ਼ਤੇ ਰਿਸ਼ਤੇਦਾਰੀਆਂ ਦੇ। ਖੂਹ ਵਕਤ ਦੀ ਧੂੜ ਵਿਚ ਗੁੰਮ ਹੋ ਗਏ। ਏਦਾਂ ਹੀ ਫੁੱਫੜ-ਭੂਆ ਦਾ ਰਿਸ਼ਤਾ ਜ਼ਿੰਦਗੀ ਦਾ ਇਕ-ਇਕ ਪਲ ਹਸੀਨ ਬਣਾਉਣ ਵਾਲਾ ਕੰਡਿਆਂ ਦੀ ਵਾੜ ਵਿਚ ਉੱਲਝ ਕੇ ਲੀਰੋ-ਲੀਰ ਹੋਇਆ ਆਪਣੇ ਅਤੀਤ ਨੂੰ ਘੂਰ ਰਿਹਾ ਹੈ। ਪਰ ਦੋਸਤੋ ਇਹ ਫਿੱਕਾ ਨਾ ਪੈਣ ਦਿਉ, ਅਜਿਹੇ ਰਿਸ਼ਤੇ ਨਵੇਂ ਪਾਏ ਰਿਸ਼ਤਿਆਂ ਤੋਂ ਵੱਧ ਖੁਸ਼ਬੋਆਂ ਵੰਡਦੇ ਹਨ। ਸੋਚੋ ਜ਼ਰਾ!

# ਚੈਲ ਦਾ ਪੈਲੇਸ

ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 9888940211
(Punjab Mail USA



ਚੰਡੀਗੜ੍ਹ ਵਿਖੇ ਬੇਟੀ ਦਾ ਪਾਸਪੋਰਟ ਨਵਿਆਉਣ ਦੀ ਅਪਾਇੰਟਮੈਂਟ ਸੀ। ਘੰਟੇ ਕੁ ਬਾਅਦ ਉਥੋਂ ਵਿਹਲੇ ਹੋ ਗਏ। ਸੋਚਿਆ ਕਿ ਚੰਡੀਗੜ੍ਹ ਤੱਕ ਤਾਂ ਆਏ ਹੀ ਹਾਂ, ਵਾਪਸ ਜਾਣ ਨਾਲੋਂ ਕੋਈ ਛੋਟਾ ਜਿਹਾ ਇੱਕ ਦਿਨ ਦਾ ਪਹਾੜੀ ਟੂਰ ਹੀ ਕਰ ਲੈਂਦੇ ਹਾਂ। ਆਪਣੇ ਗੁਆਂਢੀ ਤੇ ਵਕੀਲ ਦੋਸਤ ਗਗਨ ਗੋਰਾਇਆ ਨੂੰ ਫੋਨ ਕਰਕੇ ਕਿਸੇ ਵਧੀਆ ਜਿਹੀ ਨੇੜਲੀ ਲੋਕੇਸ਼ਨ ਬਾਰੇ ਜਾਣਕਾਰੀ ਲਈ, ਤਾਂ ਉਸਨੇ ਦੱਸਿਆ ਕਿ ਚੈਲ ਗੇੜਾ ਲਾ ਆਓ। ਕਿਉਂਕਿ ਵੱਡੇ ਪਹਾੜੀ ਸ਼ਹਿਰਾਂ ’ਚ ਅੱਜਕੱਲ੍ਹ ਬਹੁਤ ਜਾਮ ਲੱਗੇ ਰਹਿੰਦੇ ਹਨ। ਹੁਣ ਮਨ ਕਿਸੇ ਸ਼ਾਂਤ ਜਿਹੀ ਥਾਂ ’ਤੇ ਜਾਣਾ ਲੋਚਦਾ ਸੀ। ਇਸ ਲਈ ਸ਼ਾਮੀਂ 4 ਵਜੇ ਉਥੋਂ ਅਸੀਂ ਤਿੰਨੇ ਚੈਲ ਨੂੰ ਚੱਲ ਪਏ। ਜਾਂਦੇ-ਜਾਂਦੇ ਹਨੇਰਾ ਹੋ ਗਿਆ। ਸਭ ਤੋਂ ਪਹਿਲਾਂ ਚੈਲ ਦੇ ਆਊਟਰ ’ਤੇ ‘ਚੈਲ ਵਿਲੇਜ਼ ਰਿਟਰੀਟ’ ਨਾਮਕ ਹੋਟਲ ਆਇਆ, ਜਿਥੇ ਕਮਰੇ ਮਹਿੰਗੇ ਸਨ। ਲਿੰਕ ਸੜਕ ’ਤੇ ਮਨ ਟੁੰਭਵੀਆਂ ਲੋਕੇਸ਼ਨਾਂ ਦੇ ਤਾਂ ਕੀ ਕਹਿਣੇ, ਮਨ ਨੂੰ ਅਜੀਬ ਜਿਹੀ ਠੰਢਕ ਤੇ ਸਕੂਨ ਮਿਲਿਆ। ਰਸਤੇ ’ਚ ਅਚਾਨਕ ਤੇਜ਼ ਬਾਰਸ਼ ਸ਼ੁਰੂ ਹੋ ਗਈ ਤੇ ਮੌਸਮ ਇੱਕਦਮ ਠੰਢਾ ਹੋ ਗਿਆ। ਦਿਓਦਾਰ ਦੇ ਅਸਮਾਨ ਛੂੰਹਦੇ ਦਰੱਖਤਾਂ ਤੇ ਬੱਦਲਾਂ ਕਾਰਨ ਸ਼ਾਮੀਂ ਹੀ ਸੜਕ ’ਤੇ ਧੁੰਦ ਪਸਰ ਗਈ। ਕੁਝ ਕੁ ਦੂਰ ਚੈਲ ਦਾ ਬਾਜ਼ਾਰ ਆ ਗਿਆ, ਜਿੱਥੇ ਅੱਗੇ ਵੱਲ ਇਸ਼ਾਰਾ ਕਰਦੇ ਕੁਝ ਹੋਟਲਾਂ ਦੇ ਬੋਰਡ ਲੱਗੇ ਹੋਏ ਸਨ। ਅੱਗੇ ਪਹੁੰਚ ਕੇ 2-3 ਹੋਟਲਾਂ ’ਚ ਜਾ ਕੇ ਪਤਾ ਕੀਤਾ, ਤਾਂ ਉਹ ਸਭ ਫੁੱਲ ਸਨ। ਅੱਗੇ ਬਾਜ਼ਾਰ ਮੁੱਕਣ ਉਪਰੰਤ ਜੰਗਲੀ ਤੇ ਸੁੰਨਸਾਨ ਰਸਤਾ ਸੀ। ਉਪਰੋਂ ਲਗਾਤਾਰ ਜ਼ੋਰਦਾਰ ਮੀਂਹ ਪੈ ਰਿਹਾ ਸੀ ਤੇ ਬਿਜਲੀ ਲਸ਼ਕ ਤੇ ਕੜਕ ਰਹੀ ਸੀ। ਬਿਜਲੀ ਲਸ਼ਕਣ ’ਤੇ ਪਤਾ ਲੱਗਦਾ ਕਿ ਮੀਂਹ ਦਾ ਪਾਣੀ ਹੁਣ ਸੜਕ ਦੇ ਉਪਰੋਂ ਵਹਿ ਰਿਹਾ ਸੀ।

ਉਥੋਂ ਕਾਰ ਵਾਪਸ ਬਾਜ਼ਾਰ ਵੱਲ ਮੋੜ ਲਈ, ਜਿਥੇ ਇੱਕਾ-ਦੁੱਕਾ ਦੁਕਾਨਾਂ ਹੀ ਖੁੱਲ੍ਹੀਆਂ ਰਹਿ ਗਈਆਂ ਸਨ। ਇਸ ਤੋਂ ਪਹਿਲਾਂ ਕਿ ਉਹ ਵੀ ਬੰਦ ਹੋ ਜਾਂਦੀਆਂ, ਫਟਾਫਟ ਉਨ੍ਹਾਂ ’ਚੋਂ ਇੱਕ ਦੁਕਾਨ ਦੇ ਉਪਰ ਬਣੇ ਰੈਸਟ ਹਾਊਸ ’ਚ ਇੱਕ ਕਮਰਾ ਲੈ ਲਿਆ। ਸਾਮਾਨ ਕਮਰੇ ’ਚ ਰਖਵਾਇਆ ਤੇ ਉਸੇ ਢਾਬੇ ’ਤੇ ਰੋਟੀ ਖਾਣ ਮਗਰੋਂ ਛੱਤਰੀਆਂ ਚੁੱਕ ਬਾਹਰ ਘੁੰਮਣ ਆ ਗਏ। ਓਦੋਂ ਤੀਕਰ ਸਾਰੀਆਂ ਦੁਕਾਨਾਂ ਬੰਦ ਸਨ ਤੇ ਸੜਕ ਵੀ ਖਾਲੀ ਸੀ ਪਰ ਮੀਂਹ ਹਾਲੇ ਵੀ ਪੈ ਰਿਹਾ ਸੀ, ਜਿਸ ਕਾਰਨ ਜਲਦ ਹੀ ਵਾਪਸ ਕਮਰੇ ’ਚ ਆ ਕੇ ਸੌਂ ਗਏ।

ਸਵੇਰੇ ਉਠ ਕੇ ਤਿਆਰ ਹੋ ਕੇ ਨਾਸ਼ਤਾ ਕੀਤਾ। ਬਾਹਰ ਹਲਕੀ ਬੂੰਦਾ-ਬਾਂਦੀ ਹੋ ਰਹੀ ਸੀ। ਭਾਰੀ ਮੀਂਹ ਕਾਰਨ ਜਿੱਦਾਂ ਸਾਰਾ ਚੈਲ ਵੀ ਨਹਾ ਲਿਆ ਹੋਵੇ। ਪਹਾੜੀ ਰੁੱਖਾਂ ਤੋਂ ਹੇਠਾਂ ਟਪਕ ਰਹੀਆਂ ਪਾਣੀ ਦੀਆਂ ਬੂੰਦਾਂ ਮੋਤੀਆਂ ਦਾ ਭੁਲੇਖਾ ਪਾਉਂਦੀਆਂ ਸਨ। 9 ਕੁ ਵਜੇ ਫੇਰ ਤੇਜ਼ ਬਰਸਾਤ ਸ਼ੁਰੂ ਹੋ ਗਈ। ਭਾਵੇਂ ਰਿਸਕੀ ਵੀ ਹੈ, ਪਰ ਕੋਈ ਵੀ ਪਹਾੜੀ ਟੂਰ ਬਾਰਿਸ਼ ਤੋਂ ਬਿਨਾਂ ਸੰਪੂਰਨ ਨਹੀਂ ਮੰਨਿਆ ਜਾ ਸਕਦਾ। ਮੀਂਹ ਕਾਰਨ ਉਥੋਂ ਦਾ ਮਸ਼ਹੂਰ ਕ੍ਰਿਕਟ ਸਟੇਡੀਅਮ ਦੇਖਣ ਦਾ ਪ੍ਰੋਗਰਾਮ ਛੱਡਣਾ ਪਿਆ।

ਚੈਲ ਪੈਲੇਸ ਦੇ ਬਾਹਰ ਆਪਣੀ ਪਤਨੀ ਨਾਲ ਲੇਖਕ।

ਅੰਗਰੇਜ਼ ਹਕੂਮਤ ਵੱਲੋਂ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਦੇ ਸ਼ਿਮਲੇ ਜਾਣ ’ਤੇ ਰੋਕ ਲਗਾਉਣ ਉਪਰੰਤ ਉਸਨੇ ਗਰਮੀਆਂ ਦੇ ਦਿਨਾਂ ਦੀ ਠਹਿਰ ਵਜੋਂ ਆਪਣੀ ਵੱਖਰੀ ਰਾਜਧਾਨੀ ਬਣਾਉਣ ਦੀ ਠਾਣੀ ਸੀ। ਚੈਲ ਸਮੁੰਦਰੀ ਤਲ ਤੋਂ 2226 ਮੀਟਰ ਦੀ ਉਚਾਈ ’ਤੇ ਸਥਿਤ ਹੈ, ਜੋ ਕਿ ਉਚਾਈ ਪੱਖੋਂ ਸ਼ਿਮਲਾ ਤੋਂ ਕੁਝ ਉੱਚਾ ਹੈ। ਪਹਿਲਾਂ ਚੈਲ ‘ਕਿਊਂਥਲ ਅਸਟੇਟ’ ਦਾ ਹਿੱਸਾ ਸੀ, ਫਿਰ ਗੋਰਖਾ ਵਰੀਅਰ ਅਮਰ ਸਿੰਘ ਤੇ ਅਖੀਰ ਨੂੰ ਇਹ ਇੱਕ ਰੋਇਲ ਰਿਜ਼ੋਰਟ ਬਣ ਮਹਾਰਾਜਾ ਪਟਿਆਲਾ ਦੀ ਗਰਮੀਆਂ ਦੀ ਠਹਿਰ ਬਣਿਆ। ਚੈਲ ਦੇ ਬਾਜ਼ਾਰ ਤੋਂ 5-6 ਕਿੱਲੋਮੀਟਰ ਉਪਰ ਵੱਲ ਜਾ ਕੇ 72 ਏਕੜ ’ਚ ਤੇ 3 ਪਹਾੜੀ ਹਿੱਸਿਆਂ ’ਚ ਵੰਡਿਆ ਹੋਇਆ ਹੈ ‘ਦਾ ਪੈਲੇਸ ਚੈਲ। ‘ਦਾ ਰਾਜਗੜ੍ਹ ਹਿੱਲ’ ਜਿਥੇ ਪੈਲੇਸ ਬਣਿਆ ਹੋਇਆ ਹੈ, ‘ਦਾ ਪਾਂਡਵ ਹਿੱਲ’ ਜਿਥੇ ਸਨੋਅ ਵਿਊ ਹੈ ਤੇ ਜਿਥੇ ਅੰਗਰੇਜ਼ ਰਹਿੰਦੇ ਸਨ ਅਤੇ ਇੱਕ ‘ਦਾ ਸਿੱਧ ਟਿੱਬਾ’ ਜਿਥੇ ਬਾਬਾ ਸਿੱਧਨਾਥ ਦਾ ਮੰਦਿਰ ਹੈ। ਅੱਜਕੱਲ੍ਹ ਇਹ ਮਹਿਲ ਹਿਮਾਚਲ ਟੂਰਿਜ਼ਮ ਵਿਭਾਗ ਦੇ ਅਧੀਨ ਹੈ, ਜਿਸਨੂੰ ਸੈਲਾਨੀਆਂ ਦੇ ਦੇਖਣ ਲਈ ਸੌ ਰੁਪਏ ਐਂਟਰੀ ਫੀਸ ਹੈ। ਇਸ ਤੋਂ ਇਲਾਵਾ ਇਥੇ ਮਹਾਰਾਜੇ ਦੇ ਸਮੇਂ ਦੀਆਂ ਸਹੂਲਤਾਂ ਨਾਲ ਲੈਸ ਸ਼ਾਨਦਾਰ ਫਰਨੀਚਰ ਸਹਿਤ ਆਲੀਸ਼ਾਨ ਕਮਰੇ, ਕਾਟੇਜ਼ਿਜ, ਹੱਟਜ਼ ਆਦਿ ਸੁਲੱਭ ਹਨ। ਹਨੀਮੂਨ ਮਨਾਉਣ ਆਏ ਜੋੜਿਆਂ ਲਈ ਇਹ ਥਾਂ ਸਵਰਗ ਹੈ। ਇਥੇ ਹਿਮਾਚਲ ਟੂਰਿਜ਼ਮ ਵੱਲੋਂ ਛਾਪੀ ਬੁੱਕਲੈਟ ਵੀ ਮਿਲਦੀ ਹੈ, ਜਿਸ ਵਿਚ ਸੂਬੇ ਦੀ ਸਾਰੀ ਜਾਣਕਾਰੀ ਦਰਜ ਹੈ।

ਇਥੇ ਬਿਤਾਏ 3-4 ਘੰਟੇ ਨਾ ਭੁੱਲਣਯੋਗ ਹੋ ਨਿੱਬੜੇ। ਵਰ੍ਹਦੇ ਮੀਂਹ ’ਚ ਇਸ ਤੋਂ ਅੱਗੇ ਹੋਰ ਉਚਾਈ ’ਤੇ ਹੋਰ ਤੰਗ ਸੜਕ ਵੱਲ ਚਲੇ ਗਏ। ਜਿਥੇ ਬਾਹਰੋਂ ਕੁਝ ਵੀ ਨਜ਼ਰੀ ਨਹੀਂ ਪੈਂਦਾ ਪਰ ਅੰਦਰ ਜਾ ਕੇ ਜੰਗਲ ’ਚ ਮੰਗਲ ਵਾਲੀ ਗੱਲ ਸੱਚ ਸਾਬਤ ਹੋ ਜਾਂਦੀ ਹੈ। ਕਿਸੇ ਹੋਟਲ ’ਚ ਟੂਰਿਸਟਾਂ ਨਾਲ ਭਰੀ ਬੱਸ ਖੜ੍ਹੀ ਹੈ ਤੇ ਕਿਸੇ ’ਚ ਪਾਰਟੀ ਚੱਲ ਰਹੀ ਹੈ। ਇਥੇ ਆ ਕੇ ਬੱਦਲ ਵੀ ਥੱਲੇ ਰਹਿ ਗਏ ਲੱਗਦੇ ਹਨ। ਇੱਕ ਥਾਂ ’ਤੇ ਕਾਰ ਰੋਕ ਕੇ ਛਾਲਾਂ ਮਾਰਦਿਆਂ ਖਿੱਚੀਆਂ ਫੋਟੋਆਂ ਇਸ ਗੱਲ ’ਤੇ ਮੋਹਰ ਲਾਉਂਦੀਆਂ ਹਨ। ਸੱਚਮੁੱਚ, ਸਭ ਤੋਂ ਨੇੜਲੀ, ਠੰਢੀ ਤੇ ਵਧੀਆ ਥਾਂ ਹੈ ਚੈਲ।




## ਪੰਜਾਬੀ ਬੋਲੀ ਸਬੰਧੀ ਪ੍ਰੈੱਸ ਨੋਟ ਅੰਗਰੇਜ਼ੀ ’ਚ ਜਾਰੀ ਕੀਤਾ

-ਬਲਬੀਰ ਸਿੰਘ ਬੱਬੀ
(Punjab Mail USA)



ਪੰਜਾਬ ਸਰਕਾਰ ਨੇ ਪੰਜਾਬ ਵਿਚ ਪੰਜਾਬੀ ਮਾਂ ਬੋਲੀ ਪੰਜਾਬੀ ਲਈ ਵੀ ਕਾਫੀ ਉਪਰਾਲੇ ਕਰਨੇ ਸ਼ੁਰੂ ਕੀਤੇ ਹਨ। ਬਹੁਤ ਚੰਗੀ ਗੱਲ ਹੈ। ਅਸੀਂ ਪੰਜਾਬੀ ਮਾਂ ਬੋਲੀ ਨੂੰ ਵਿਸਾਰ ਕੇ ਇਸ ਤੋਂ ਦੂਰ ਹੁੰਦੇ ਜਾ ਰਹੇ ਹਾਂ। ਗੱਲ ਸਰਕਾਰਾਂ ਦੀ ਨਹੀਂ, ਆਮ ਲੋਕ ਵੀ ਪੰਜਾਬੀ ਮਾਂ ਬੋਲੀ ਨਾਲੋਂ ਕਈ ਪਾਸਿਆਂ ਤੋਂ ਟੁੱਟੇ ਹੋਏ ਹਨ।

ਮੌਜੂਦਾ ਸਮੇਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿਚ ਹੈ, ਜਿਸ ਦੇ ਮੁੱਖ ਮੰਤਰੀ ਭਗਵੰਤ ਮਾਨ ਹਨ। ਉਹ ਆਪਣੇ ਆਪ ਨੂੰ ਅਕਸਰ ਹੀ ਪੰਜਾਬੀ ਵਿਚ ਰੰਗਿਆ ਦਿਖਾਉਂਦੇ ਹਨ। ਉਹ ਪੰਜਾਬੀ ਕਲਾਕਾਰ ਵੀ ਰਹੇ ਹਨ। ਬੀਤੇ ਦਿਨੀਂ ਮੁੱਖ ਮੰਤਰੀ ਨੇ ਇਸ ਗੱਲ ਉੱਤੇ ਬਹੁਤ ਜ਼ੋਰ ਦਿੱਤਾ ਕਿ ਪੰਜਾਬ ਵਿਚ ਹਰ ਸਰਕਾਰੀ ਤੇ ਗ਼ੈਰ-ਸਰਕਾਰੀ ਕੰਮ ਪੰਜਾਬੀ ਵਿਚ ਸ਼ੁਰੂ ਕਰਾਗੇ। ਪੰਜਾਬ ਵਿਚ ਸਾਰੇ ਬੋਰਡ ਪੰਜਾਬੀ ਵਿਚ ਲਗਾਏ ਜਾਣਗੇ।

ਪੰਜਾਬ ਦੇ ਮੁਖ ਮੰਤਰੀ ਦਫਤਰ ਵੱਲੋਂ ਪ੍ਰੈੱਸ ਨੋਟ ਜਾਰੀ ਕੀਤਾ ਗਿਆ, ਜਿਸ ਦਾ ਵਿਸ਼ਾ ਸੀ ਕਿ ਪੰਜਾਬ ਦੇ ਵਿਚ ਪੰਜਾਬੀ ਵਿਚ ਬੋਰਡ ਲਿਖੇ ਜਾਣ ਪਰ ਹੈਰਾਨੀ ਇਸ ਗੱਲ ਦੀ ਹੋਈ ਕਿ ਇਹ ਜੋ ਪ੍ਰੈੱਸ ਨੋਟ ਮੁੱਖ ਮੰਤਰੀ ਦੇ ਦਫ਼ਤਰ ਵੱਲੋਂ ਜਾਰੀ ਕੀਤਾ ਹੈ ਤੇ ਉਹ ਖੁਦ ਅੰਗਰੇਜ਼ੀ ਵਿਚ ਲਿਖਿਆ ਹੋਇਆ ਹੈ।



# ਆਉ ਪਦਮ ਪੁਰਸਕਾਰ ਬਾਰੇ ਜਾਣੀਏ

ਰਜਵਿੰਦਰ ਪਾਲ ਸ਼ਰਮਾ
ਬਠਿੰਡਾ
ਮੋਬ : 70873-67969
(Punjab Mail USA



ਪਿਛਲੇ ਹੀ ਦਿਨੀਂ ਪਦਮ ਪੁਰਸਕਾਰ ਦੀ ਘੋਸ਼ਣਾ ਹੋਣ ਨਾਲ ਪਦਮ ਪੁਰਸਕਾਰ ਚਰਚਾ ਵਿਚ ਹਨ ਕਿਉਂਕਿ ਇਸ ਪੁਰਸਕਾਰ ਨੂੰ ਪ੍ਰਾਪਤ ਕਰਨ ਵਾਲਿਆਂ ਵਿਚ ਗੁਰਮਤਿ ਸਾਹਿਤ ਦੇ ਪ੍ਰਸਿੱਧ ਵਿਦਵਾਨ ਡਾ. ਰਤਨ ਸਿੰਘ ਜੱਗੀ ਵੀ ਸ਼ਾਮਲ ਸਨ, ਜੋ ਪੰਜਾਬੀ ਸਾਹਿਤ ਅਤੇ ਸਮੂਹ ਪੰਜਾਬੀਆਂ ਲਈ ਖੁਸ਼ੀ ਅਤੇ ਮਾਣ ਵਾਲੀ ਖ਼ਬਰ ਹੈ।

ਪਦਮ ਪੁਰਸਕਾਰ ਕੀ ਹੈ:-ਪਦਮ ਪੁਰਸਕਾਰ ਭਾਰਤ ਰਤਨ ਤੋਂ ਬਾਅਦ ਦੂਜੇ ਨੰਬਰ ’ਤੇ ਭਾਰਤ ਦਾ ਸਰਵ ਉੱਚ ਸਨਮਾਨ ਹੈ। 1954 ਵਿਚ ਜਦੋਂ ਭਾਰਤ ਰਤਨ ਅਤੇ ਪਦਮ ਪੁਰਸਕਾਰ ਦੀ ਸ਼ੁਰੂਆਤ ਕੀਤੀ ਗਈ, ਤਾਂ ਉਦੋਂ ਪਦਮ ਵਿਭੂਸ਼ਣ ਨੂੰ ਹੀ ਤਿੰਨ ਭਾਗਾਂ ਵਿਚ ਵੰਡਿਆ ਗਿਆ ਸੀ ਪਰ ਉਸ ਤੋਂ ਬਾਅਦ ਪਦਮ ਵਿਭੂਸ਼ਣ ਨੂੰ ਪਦਮਸ਼੍ਰੀ, ਪਦਮ ਭੂਸ਼ਣ ਅਤੇ ਪਦਮ ਵਿਭੂਸ਼ਣ ਵਿਚ ਵੰਡ ਦਿੱਤਾ ਗਿਆ। ਪਦਮ ਵਿਭੂਸ਼ਣ ਪਹਿਲੇ, ਪਦਮ ਭੂਸ਼ਣ ਦੂਜੇ ਅਤੇ ਪਦਮਸ਼੍ਰੀ ਤੀਜੇ ਸਥਾਨ ’ਤੇ ਆਉਂਦਾ ਹੈ। ਇਸ ਪੁਰਸਕਾਰ ਵਿਚ ਇੱਕ ਤਗ਼ਮਾ ਅਤੇ ਪ੍ਰਮਾਣ ਪੱਤਰ ਦਿੱਤਾ ਜਾਂਦਾ ਹੈ।

ਕਿਸ ਨੂੰ ਦਿੱਤਾ ਜਾਂਦਾ ਹੈ:- ਸਾਹਿਤ ਅਤੇ ਕਲਾ, ਵਿਗਿਆਨ ਅਤੇ ਤਕਨਾਲੋਜੀ, ਖੇਡਾਂ,ਸਿਵਲ ਸੇਵਾਵਾਂ, ਡਾਕਟਰੀ ਖੇਤਰ, ਰਾਜਨੀਤੀ, ਸਮਾਜ ਸੁਧਾਰ ਆਦਿ ਖੇਤਰਾਂ ਵਿਚ ਉੱਤਮ ਸੇਵਾਵਾਂ ਨਿਭਾਉਣ ਲਈ ਪ੍ਰਦਾਨ ਕੀਤਾ ਜਾਂਦਾ ਹੈ। 2023 ਵਿਚ 6 ਪਦਮ ਵਿਭੂਸ਼ਣ, 9 ਪਦਮ ਭੂਸ਼ਣ ਅਤੇ 91 ਪਦਮਸ਼੍ਰੀ ਪੁਰਸਕਾਰ ਦੀ ਵੰਡ ਕੀਤੀ ਗਈ ਹੈ, ਜਿਨ੍ਹਾਂ ਦੀ ਕੁੱਲ ਗਿਣਤੀ 106 ਹੈ।

ਕਦੋਂ ਨਹੀਂ ਦਿੱਤੇ ਗਏ:- ਪਦਮ ਪੁਰਸਕਾਰ ਦੀ ਵੰਡ ਹਰ ਸਾਲ ਕੀਤੀ ਜਾਂਦੀ ਹੈ ਪਰ ਕੁਝ ਕਾਰਨਾਂ ਕਰਕੇ 1978, 1979, 1993 ਅਤੇ 1997 ਵਿਚ ਨਹੀਂ ਦਿੱਤੇ ਗਏ।

ਇਸ ਵਾਰ ਪਦਮ ਪੁਰਸਕਾਰ ਨੂੰ ਪ੍ਰਾਪਤ ਕਰਨ ਵਾਲਿਆਂ ਵਿਚ 19 ਔਰਤਾਂ ਵੀ ਸ਼ਾਮਲ ਹਨ ਅਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ ਗਿਣਤੀ ਆਉਣ ਵਾਲੇ ਸਮੇਂ ਵਿਚ ਹੋਰ ਵੀ ਵਧੇਗੀ।



## ਨਵੀਆਂ ਖੋਜਾਂ, ਨਵੇਂ ਤੱਥ

# ਖ਼ੁਸ਼ੀਆਂ ਭਰੀ ਜ਼ਿੰਦਗੀ ਦਾ ਆਧਾਰ: ਸੱਤ ਮਹੱਤਵਪੂਰਣ ਆਦਤਾਂ

-ਡਾ. ਡੀ. ਪੀ. ਸਿੰਘ
ਮਿਸੀਸਾਗਾ, ਓਨਟਾਰੀਓ, ਕੈਨੇਡਾ
drdpsn@hotmail.com
(Punjab Mail USA)










ਖ਼ੁਸ਼ੀ, ਮਾਨਸਿਕ ਅਰੋਗਤਾ ਦਾ ਚਿੰਨ੍ਹ ਹੈ। ਜੀਵਨ ਦੀ ਜੱਦੋ-ਜਹਿਦ ਦੌਰਾਨ ਸਾਨੂੰ ਉਦਾਸੀ ਤੇ ਚਿੰਤਾਵਾਂ ਅਕਸਰ ਘੇਰ ਲੈਂਦੀਆਂ ਹਨ। ਇਸੇ ਲਈ ਮਾਨਸਿਕ ਤੌਰ ਉੱਤੇ ਹਮੇਸ਼ਾ ਤੰਦਰੁਸਤ ਰਹਿਣਾ ਆਮ ਕਰਕੇ ਔਖਾ ਲੱਗਦਾ ਹੈ, ਪਰ ਅਸਲ ਵਿਚ ਮਾਨਸਿਕ ਤੰਦਰੁਸਤੀ ਪ੍ਰਾਪਤ ਕਰਨਾ ਬਹੁਤ ਹੀ ਸੌਖਾ ਹੈ। ਇਹ ਬਿਲਕੁਲ ਓਨਾ ਹੀ ਸੌਖਾ ਹੈ, ਜਿੰਨਾ ਖ਼ੁਸ਼ ਰਹਿਣਾ ਤੇ ਹੱਸਣਾ। ਅਰੋਗ ਮਾਨਸਿਕ ਹਾਲਤ ਸਾਨੂੰ ਹੋਰਨਾਂ ਨਾਲ ਚੰਗੇ ਰਿਸ਼ਤੇ ਬਣਾਉਣ, ਚਿੰਤਾ ਘਟਾਉਣ ਅਤੇ ਸਾਡੇ ਸਵੈ-ਭਰੋਸੇ ਨੂੰ ਵਧਾਉਣ ਵਿਚ ਮਦਦ ਕਰਦੀ ਹੈ।

ਆਪਣੀ ਮਾਨਸਿਕ ਸਿਹਤ ਸੁਧਾਰਨ ਲਈ ਸਾਨੂੰ ਹਜ਼ਾਰਾਂ ਲੱਖਾਂ ਰੁਪਏ ਖਰਚਣ ਦੀ ਲੋੜ ਨਹੀਂ ਹੈ। ਸਿਰਫ਼ ਆਪਣੀਆਂ ਰੋਜ਼ਾਨਾ ਆਦਤਾਂ ਵਿਚ ਕੁਝ ਕੁ ਸੁਯੋਗ ਤਬਦੀਲੀਆਂ ਕਰਕੇ ਅਸੀਂ ਅਜਿਹੀ ਹਾਲਤ ਪ੍ਰਾਪਤ ਕਰ ਸਕਦੇ ਹਾਂ। ਜ਼ਿੰਦਗੀ ਵਿਚ ਖ਼ੁਸ਼ੀਆਂ ਖੇੜ੍ਹਿਆਂ ਦੇ ਵਾਧੇ ਲਈ ਹੇਠ ਲਿਖੀਆਂ ਸੱਤ ਆਦਤਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਅੰਗ ਬਣਾ ਕੇ ਅਜਿਹਾ ਸਹਿਜੇ ਹੀ ਸੰਭਵ ਹੈ। ਇੰਝ ਅਸੀਂ ਬਿਨਾਂ ਦਵਾਈ ਦੀ ਵਰਤੋਂ ਦੇ ਚਿੰਤਾ ਤੇ ਉਦਾਸੀ ਤੋਂ ਕੁਦਰਤੀ ਤੌਰ ਉੱਤੇ ਛੁਟਕਾਰਾ ਪ੍ਰਾਪਤ ਕਰ ਸਕਦੇ ਹਾਂ ਅਤੇ ਆਪਣੀ ਮਾਨਸਿਕ ਸਿਹਤ ਨੂੰ ਵਧੇਰੇ ਚੰਗਾ ਬਣਾ ਸਕਦੇ ਹਾਂ।

## ਚੰਗੀ ਮਾਨਸਿਕ ਸਿਹਤ ਲਈ ਸੱਤ ਮਹੱਤਵਪੂਰਨ ਆਦਤਾਂ

### 1. ਆਰਾਮ ਕਰਨ ਦੀ ਆਦਤ ਬਣਾਓ

ਜ਼ਿੰਦਗੀ ਵਿਚ ਅਨੇਕ ਉਤਾਰ-ਚੜ੍ਹਾਅ ਅਕਸਰ ਵਾਪਰਦੇ ਰਹਿੰਦੇ ਹਨ, ਜਿਨ੍ਹਾਂ ਕਾਰਣ ਅਸੀਂ ਕਈ ਵਾਰ ਬਹੁਤ ਮਾਨਸਿਕ ਤਣਾਅ ਮਹਿਸੂਸ ਕਰਦੇ ਹਾਂ। ਅਜਿਹੀ ਹਾਲਤ ਵਿਚ ਅਸੀਂ ਕਈ ਵਾਰ ਗਲਤ ਫੈਸਲੇ ਵੀ ਲੈ ਲੈਂਦੇ ਹਾਂ, ਜੋ ਬਹੁਤ ਨੁਕਸਾਨ ਦਾ ਕਾਰਣ ਬਣਦੇ ਹਨ। ਦੁਰਘਟਨਾਵਾਂ ਦਾ ਵਾਪਰਨਾ ਅਜਿਹੇ ਤਣਾਅਪੂਰਨ ਪਲਾਂ ਵਿਚ ਲਏ ਗਲਤ ਫੈਸਲਿਆਂ ਦਾ ਨਤੀਜਾ ਹੀ ਹੁੰਦਾ ਹੈ। ਪਰ ਅਜਿਹੇ ਤਣਾਅ 'ਤੇ ਕਾਬੂ ਪਾਣਾ ਸੰਭਵ ਹੈ। ਆਰਾਮ ਕਰਨ ਦੇ ਢੰਗਾਂ ਨੂੰ ਆਪਣੀਆਂ ਰੋਜ਼ਾਨਾ ਜੀਵਨ ਵਿਚ ਅਪਣਾ ਕੇ ਅਸੀਂ ਤਣਾਅਪੂਰਨ ਹਾਲਤਾਂ ਨਾਲ ਦਾ ਹੱਲ ਸਹਿਜੇ ਹੀ ਪ੍ਰਾਪਤ ਕਰ ਸਕਦੇ ਹਾਂ।

ਆਰਾਮ ਕਰਨ ਦਾ ਇੱਕ ਪ੍ਰਸਿੱਧ ਤਰੀਕਾ ਹੈ ਧਿਆਨ ਲਗਾਉਣਾ (meditation) ਜਾਂ ਭਗਤੀ। ਅਜਿਹੀ ਕ੍ਰਿਆ ਸਾਨੂੰ ਸ਼ਾਤੀ ਪ੍ਰਾਪਤ ਕਰਨ, ਤਣਾਅ ਘਟਾਉਣ ਅਤੇ ਮਿਜ਼ਾਜ਼ ਨੂੰ ਬਿਹਤਰ ਕਰਨ ਵਿੱਚ ਮਦਦ ਕਰਦੀ ਹੈ। ਕਈ ਲੋਕ ਤਾਂ ਆਪਣੇ ਧਿਆਨ ਸਮੇਂ ਮਨ ਦੀ ਇਕਾਗਰਤਾ ਲਈ ਸੰਗੀਤ ਦੀ ਵਰਤੋਂ ਵੀ ਕਰਦੇ ਹਨ। ਜੇ ਧਿਆਨ ਲਾਉਣਾ ਤੁਹਾਨੂੰ ਪਸੰਦ ਨਹੀਂ, ਤਾਂ ਮਨਪਸੰਦ ਕਿਤਾਬ ਪੜ੍ਹਣਾ, ਲੰਮੇ ਸਾਹ ਲੈਣਾ, ਜਾਂ ਸੈਰ ਕਰਨਾ ਵੀ ਆਰਾਮ ਕਰਨ ਦੇ ਪ੍ਰਚਲਿਤ ਢੰਗ ਹਨ। ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਆਰਾਮ ਕਰਨ ਦਾ ਕਿਹੜਾ ਢੰਗ ਚੁਣਦੇ ਹੋ, ਬੱਸ ਇਸ ਨੂੰ ਇੱਕ ਆਦਤ ਬਣਾਓ।

### 2. ਹੋਰਨਾਂ ਨਾਲ ਸੁਹਿਰਦਤਾ ਭਰਿਆ ਮੇਲ-ਮਿਲਾਪ ਰੱਖੋ

ਹੋਰਨਾਂ ਨਾਲ ਮੇਲ ਮਿਲਾਪ ਅਕਸਰ ਸਾਡੇ ਮੂਡ ਨੂੰ ਚੰਗਾ ਬਣਾਉਣ ਜਾਂ ਹਾਲਾਤਾਂ ਬਾਰੇ ਸਾਡਾ ਨਜ਼ਰੀਆ ਬਦਲਣ ਵਿਚ ਸਾਡੀ ਮਦਦ ਕਰਦਾ ਹੈ। ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਸਮਾਂ ਬਿਤਾਉਣ ਨਾਲ, ਅਸੀਂ ਇਕੱਲਤਾ ਦੀਆਂ ਭਾਵਨਾ ਤੋਂ ਛੁਟਕਾਰਾ ਪਾ ਸਕਦੇ ਹਾਂ। ਇਸ ਦੇ ਨਾਲ ਹੀ ਸਾਨੂੰ ਭਰੋਸਾ ਹੋ ਜਾਂਦਾ ਹੈ ਕਿ ਲੋੜ ਸਮੇਂ ਸਾਡੇ ਸਨੇਹੀ ਸਾਡੇ ਕੋਲ ਹੀ ਹਨ। ਜੇਕਰ ਬਕਾਇਦਗੀ ਤੌਰ 'ਤੇ ਅਸੀਂ ਨਿੱਜੀ ਰੂਪ ਵਿਚ ਨਹੀਂ ਮਿਲ ਸਕਦੇ, ਤਾਂ ਲਿਖਤੀ ਸੁਨੇਹੇ ਅਤੇ ਜ਼ੂਮ-ਕਾਲ ਦੀ ਵਰਤੋਂ ਨਾਲ ਅਸੀਂ ਹੋਰਨਾਂ ਨਾਲ ਸੁਚੱਜਾ ਤਾਲਮੇਲ ਰੱਖ ਸਕਦੇ ਹਾਂ।

ਲੋੜੋਂ ਵੱਧ ਮੇਲ-ਮਿਲਾਪ ਵੀ ਲਾਭਕਾਰੀ ਨਹੀਂ ਹੁੰਦਾ। ਅਜਿਹੀਆਂ ਕਾਰਵਾਈਆਂ ਵਿਚ ਸੰਤੁਲਨ ਹੋਣਾ ਜ਼ਰੂਰੀ ਹੈ। ਮਨ ਦੀ ਹਾਲਤ ਅਨੁਸਾਰ ਕਦੇ ਕਦਾਈਂ ਅਜਿਹੇ ਮੇਲ-ਮਿਲਾਪ ਤੋਂ ਗੁਰੇਜ਼ ਕਰਨਾ ਵੀ ਸਹੀ ਹੁੰਦਾ ਹੈ।

### 3. ਸਰੀਰਕ ਤੰਦਰੁਸਤੀ ਦਾ ਖ਼ਿਆਲ ਰੱਖੋ

ਮਾਨਸਿਕ ਤੰਦਰੁਸਤੀ ਦਾ ਸਰੀਰਕ ਤੰਦਰੁਸਤੀ ਨਾਲ ਗੂੜ੍ਹਾ ਸੰਬੰਧ ਹੈ। ਦੋਨੋਂ ਹੀ ਇਕ ਦੂਸਰੇ ਬਿਨ੍ਹਾਂ ਅਧੂਰੇ ਹਨ। ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਤਿੰਨ ਚੀਜ਼ਾਂ ਜਿਵੇਂ ਕਿ ਨੀਂਦ, ਪੌਸ਼ਟਿਕ ਭੋਜਨ ਅਤੇ ਕਸਰਤ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

### ਆਉ ਇਨ੍ਹਾਂ ਤਿੰਨਾਂ ਚੀਜ਼ਾਂ ਵਾਰੇ ਥੋੜ੍ਹਾ ਹੋਰ ਜਾਣੀਏ।

- **ਨੀਂਦ:** ਸਾਡੀ ਮਾਨਸਿਕ ਤੰਦਰੁਸਤੀ ਸਾਡੀ ਨੀਂਦ ਦਾ ਅਸਰ ਕਬੂਲਦੀ ਹੈ। ਜੇਕਰ ਅਸੀਂ ਲੋੜ ਅਨੁਸਾਰ ਸਹੀ ਅਰਸੇ ਲਈ ਸੌਂ ਨਹੀਂ ਸਕਦੇ, ਤਾਂ ਸਾਡੇ ਦਿਮਾਗ ਨੂੰ ਆਰਾਮ ਕਰਨ ਅਤੇ ਤਰੋਤਾਜ਼ਾ ਹੋਣ ਦਾ ਮੌਕਾ ਨਹੀਂ ਮਿਲਦਾ। ਉਨੀਂਦਰਾ ਚਿੜਚਿੜੇ ਸੁਭਾਅ ਦੀ ਜੜ੍ਹ ਹੈ। ਨੀਂਦ ਦੀ ਘਾਟ ਸਾਨੂੰ ਭਾਵਨਾਵਾਂ ਨੂੰ ਕਾਬੂ ਹੇਠ ਰੱਖਣ ਅਤੇ ਤਣਾਅ ਨੂੰ ਘੱਟ ਕਰਨ ਵਿਚ ਅੜਚਣ ਬਣਦੀ ਹੈ। ਫਲਸਰੂਪ ਮਾਨਸਿਕ ਅਰੋਗਤਾ ਭੰਗ ਹੋ ਜਾਂਦੀ ਹੈ। ਸਮੇਂ ਸਿਰ ਸੌਣਾ ਤੇ ਸਹੀ ਮਾਤਰਾ ਵਿਚ ਨੀਂਦ ਲੈਣਾ, ਮਾਨਸਿਕ ਤੰਦਰੁਸਤੀ ਦੇ ਬਣੇ ਰਹਿਣ ਲਈ ਇੱਕ ਸਾਧਾਰਨ ਤੇ ਸਹਿਜ ਤਰੀਕਾ ਹੈ।
- **ਪੌਸ਼ਟਿਕ ਭੋਜਨ:** ਸਾਡੇ ਸਰੀਰ ਦੇ ਸਹੀ ਢੰਗ ਨਾਲ ਕੰਮ ਕਰਨ ਲਈ ਪੌਸ਼ਟਿਕ ਭੋਜਨ ਅਤੇ ਪਾਣੀ ਦੀ ਲੋੜ ਅਤਿ ਜ਼ਰੂਰੀ ਹੈ। ਤੰਦਰੁਸਤ ਸਰੀਰ ਹੀ ਤੰਦਰੁਸਤ ਮਨ ਦਾ ਟਿਕਾਣਾ ਹੁੰਦਾ ਹੈ। ਸੰਤੁਲਿਤ ਭੋਜਨ ਖਾਣ ਦੇ ਨਾਲ ਨਾਲ ਮਨਭਾਉਂਦੇ ਖਾਣੇ ਦਾ ਸੇਵਨ ਸਾਡੀ ਖੁਸ਼ੀ ਵਿਚ ਵਾਧਾ ਕਰਦਾ ਹੈ। ਧਿਆਨ ਰੱਖੋ ਕਿ ਤੁਸੀਂ ਕਾਫ਼ੀ ਪਾਣੀ ਪੀਂਦੇ ਹੋ। ਸਰੀਰ ਵਿਚ ਪਾਣੀ ਦੀ ਸਹੀ ਮਾਤਰਾ ਚਿੰਤਾ ਅਤੇ ਉਦਾਸੀ ਨੂੰ ਘੱਟ ਕਰਦੀ ਹੈ।
- **ਕਸਰਤ:** ਚੁਸਤੀ-ਫੁਰਤੀ ਸਾਡੀ ਮਨੋ ਦਸ਼ਾ ਨੂੰ ਚੰਗਾ ਬਣਾਉਣ ਅਤੇ ਸਾਨੂੰ ਚੰਗਾ ਮਹਿਸੂਸ ਕਰਾਉਣ ਵਿਚ ਮਦਦ ਕਰਦੀ ਹੈ। ਹਰ ਦਿਨ ਕਸਰਤ ਕਰਨ ਨਾਲ ਜਿਥੇ ਸਿਹਤ ਠੀਕ ਰਹਿੰਦੀ ਹੈ, ਉਥੇ ਹੋਰਨਾਂ ਨਾਲ ਮੇਲ ਮਿਲਾਪ ਕਰਨ ਲਈ ਜੀਅ ਕਰਦਾ ਹੈ। ਚਿੰਤਾ ਘਟਦੀ ਹੈ ਤੇ ਆਤਮ ਵਿਸ਼ਵਾਸ ਵਿਚ ਵਾਧਾ ਹੁੰਦਾ ਹੈ। ਸਾਧਾਰਣ ਕਰਕੇ ਭਾਰੀ ਲਿਫਟਿੰਗ ਜਾਂ ਤੀਬਰ ਕਸਰਤ ਕਰਨ ਦੀ ਲੋੜ ਨਹੀਂ ਹੁੰਦੀ। ਨਿਯਮਤ ਸੈਰ ਜਾਂ ਸਾਈਕਲ ਦੀ ਸਵਾਰੀ ਵੀ ਸਾਡੀ ਮਾਨਸਿਕ ਸਿਹਤ ਨੂੰ ਚੰਗਾ ਬਣਾਉਣ ਦੇ ਸਮਰਥ ਹੁੰਦੀ ਹੈ।

### 4. ਸੋਸ਼ਲ ਮੀਡੀਆ ਦੀ ਵਰਤੋਂ ਦਾ ਸਮਾਂ ਸੀਮਤ ਰੱਖੋ

ਮੋਬਾਇਲ ਫ਼ੋਨ ਸਾਡੇ ਰੋਜ਼ਾਨਾ ਜੀਵਨ ਦਾ ਇਕ ਅਹਿਮ ਅੰਗ ਬਣ ਚੁੱਕਾ ਹੈ। ਬਹੁਤ ਸਮਾਂ, ਉਹ ਸਾਡੇ ਕੋਲ ਹੀ ਹੁੰਦੇ ਹਨ ਅਤੇ ਕਾਲਾਂ, ਟੈਕਸਟ ਅਤੇ ਸੋਸ਼ਲ ਮੀਡੀਆ ਰਾਹੀਂ ਸਾਨੂੰ ਬਾਹਰੀ ਦੁਨੀਆਂ ਨਾਲ ਜੋੜੀਂ ਰੱਖਦੇ ਹਨ। ਸੋਸ਼ਲ ਮੀਡੀਆ ਨੂੰ ਸਕ੍ਰੋਲ ਕਰਨ ਵਿਚ ਬਿਤਾਇਆ ਸਮਾਂ, ਲੋਕਾਂ ਵਲੋਂ ਪੋਸਟ ਕੀਤੇ ਗਏ ਸੁਨੇਹੇ, ਰਚਨਾਵਾਂ, ਖ਼ਬਰਾਂ ਤੇ ਟਿਕਟਾਕ ਆਦਿ ਸਾਡੀ ਸੋਚ ਤੇ ਵਿਚਾਰਾਂ ਨੂੰ ਪ੍ਰਭਾਵਿਤ ਕਰਦੇ ਹਨ। ਸੋਸ਼ਲ ਮੀਡੀਆ ਨੂੰ ਜਾਂਚਣ ਵਿਚ ਲੋੜੋਂ ਵੱਧ ਬਿਤਾਇਆ ਸਮਾਂ ਸਾਡੀ ਮਾਨਸਿਕ ਤੰਦਰੁਸਤੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਸੋਸ਼ਲ ਮੀਡੀਆ ਦੀ ਬਹੁਤ ਵਧੇਰੇ ਵਰਤੋਂ ਕਰਨ ਵਾਲੇ ਲੋਕਾਂ ਵਿਚ ਚਿੰਤਾ, ਉਦਾਸੀ, ਦਿਮਾਗੀ ਪ੍ਰੇਸ਼ਾਨੀ, ਬੁਰੀਆਂ ਆਦਤਾਂ, ਅਸਫਲ਼ਤਾ ਦੀ ਭਾਵਨਾ ਅਤੇ ਨੀਂਦ ਨਾ ਆਉਣ ਵਰਗੇ ਲੱਛਣ ਅਕਸਰ ਦੇਖੇ ਗਏ ਹਨ।

ਲੋੜ ਹੈ ਕਿ ਸੋਸ਼ਲ ਮੀਡੀਆ ਦੀ ਵਰਤੋਂ ਅਜਿਹੇ ਤਰੀਕੇ ਨਾਲ ਕੀਤੀ ਜਾਵੇ, ਜਿਸ ਨਾਲ ਮਾਨਸਿਕ ਸਿਹਤ ਖਰਾਬ ਨਾ ਹੋਵੇ। ਸੋਸ਼ਲ ਮੀਡੀਆ ਦੀ ਵਰਤੋਂ ਹੇਠ ਲਿਖੇ ਢੰਗ ਨਾਲ ਕਰਨੀ ਲਾਭਕਾਰੀ ਹੁੰਦੀ ਹੈ।

- ਸੋਸ਼ਲ ਮੀਡੀਆ ਦੀ ਵਰਤੋਂ ਦੇ ਸਮੇਂ ਨੂੰ ਸੀਮਤ ਰੱਖੋ।
- ਆਪਣੇ ਦਿਨ ਦੀ ਸ਼ੁਰੂਆਤ ਜਾਂ ਅੰਤ ਸੋਸ਼ਲ ਮੀਡੀਆ ਦੀ ਵਰਤੋਂ ਨਾਲ ਨਾ ਕਰੋ।
- ਸੋਸ਼ਲ ਮੀਡੀਆ ਦੀ ਵਰਤੋਂ ਤੋਂ ਬਚਾਏ ਸਮੇਂ ਨੂੰ ਕੁਝ ਅਜਿਹਾ ਕਰਨ ਲਈ ਵਰਤੋ, ਜਿਸ ਨਾਲ ਤੁਹਾਨੂੰ ਖੁਸ਼ੀ ਜਾਂ ਆਰਾਮ ਮਿਲੇ।
- ਰੋਜ਼ਾਨਾ ਡਾਇਰੀ ਲਿਖਣ ਦਾ ਸ਼ੌਕ ਬਣਾਓ

ਮਾਨਸਿਕ ਤੰਦਰੁਸਤੀ ਵਿਚ ਗੜਬੜ੍ਹੀ ਦੀ ਰੋਕਥਾਮ ਲਈ ਆਪਣੀਆਂ ਭਾਵਨਾਵਾਂ ਤੇ ਵਿਚਾਰਾਂ ਨੂੰ ਲਿਖਤੀ ਰੂਪ ਦੇਣਾ ਇਕ ਲਾਭਦਾਇਕ ਢੰਗ ਹੈ। ਸੰਨ 2018 ਵਿਚ ਕੀਤੇ ਗਏ ਖੋਜ ਕਾਰਜਾਂ ਤੋਂ ਪਤਾ ਲੱਗਾ ਹੈ ਕਿ ਹਰ ਰੋਜ਼ 15 ਮਿੰਟ ਲਈ ਡਾਇਰੀ ਲਿਖਣ ਨਾਲ ਤਣਾਅ ਅਤੇ ਚਿੰਤਾ ਦੀਆਂ ਭਾਵਨਾਵਾਂ ਵਿਚ ਕਾਫ਼ੀ ਕਮੀ ਆਉਂਦੀ ਹੈ। ਕੁਝ ਹੋਰ ਖੋਜਾਂ ਤੋਂ ਪਤਾ ਲੱਗਾ ਹੈ ਕਿ ਅਜਿਹਾ ਕਾਰਜ ਸਦਮੇ ਵਿਚੋਂ ਨਿਕਲਣ ਤੇ ਉਦਾਸੀ ਘੱਟ ਕਰਨ ਵਿਚ ਮਦਦ ਕਰਦਾ ਹੈ।

ਡਾਇਰੀ ਲਿਖਣ ਦਾ ਕੋਈ ਸਹੀ ਜਾਂ ਗਲਤ ਤਰੀਕਾ ਜਾਂ ਸਮਾਂ ਨਹੀਂ ਹੁੰਦਾ। ਬਹੁਤ ਸਾਰੇ ਲੋਕ ਹਰ ਰੋਜ਼ ਡਾਇਰੀ ਲਿਖਦੇ ਹਨ। ਕਈ ਲੋਕ ਉਦੋਂ ਹੀ ਡਾਇਰੀ ਲਿਖਦੇ ਹਨ, ਜਦੋਂ ਉਹ ਤਣਾਅ ਵਾਲੀ ਹਾਲਤ ਵਿਚ ਹੁੰਦੇ ਹਨ ਜਾਂ ਉਹ ਆਪਣੀਆਂ ਚਿੰਤਾਵਾਂ ਨੂੰ ਜ਼ਾਹਿਰ ਕਰਨਾ ਚਾਹੁੰਦੇ ਹਨ। ਭਾਵੇ ਕੋਈ ਕਿਵੇਂ ਵੀ ਇਸ ਢੰਗ ਦੀ ਵਰਤੋਂ ਕਰੇ, ਪਰ ਇਸ ਤਰੀਕੇ ਦੀ ਵਰਤੋਂ ਨਾਲ ਉਹ ਸਮੇਂ ਦੇ ਗੁਜ਼ਰਣ ਨਾਲ ਆਪਣੀ ਮਾਨਸਿਕ ਹਾਲਤ ਵਿਚ ਤਬਦੀਲੀ ਦੀ ਨਜ਼ਰਸਾਨੀ ਕਰ ਸਕਦਾ ਹੈ।

6. ਸ਼ੁਕਰਾਨੇ ਵਾਲਾ ਰਵੱਈਆ ਅਪਣਾਓ

ਸ਼ੁਕਰਾਨੇ ਵਾਲਾ ਰਵੱਈਆ, ਸਾਨੂੰ ਜੀਵਨ ਬਾਰੇ ਸਕਾਰਾਤਮਕ ਨਜ਼ਰੀਏ ਦਾ ਧਾਰਣੀ ਬਣਾਉਂਦਾ ਹੈ। ਅਜਿਹਾ ਨਜ਼ਰੀਆ ਮਾਨਸਿਕ ਸਿਹਤ ਲਈ ਬਹੁਤ ਲਾਭਦਾਇਕ ਹੁੰਦਾ ਹੈ। ਸ਼ੁਕਰਾਨੇ ਵਾਲਾ ਰਵੱਈਆ ਮਾਨਸਿਕ ਤਣਾਅ ਘੱਟ ਕਰਨ, ਉਦਾਸੀ ਦੂਰ ਕਰਨ ਅਤੇ ਸਾਡੀ ਮਨੋਦਸ਼ਾ ਨੂੰ ਵਧੀਆ ਕਰਨ ਵਿਚ ਮਦਦ ਕਰਦਾ ਹੈ। ਸ਼ੁਕਰਾਨੇ ਦੀ ਭਾਵਨਾ ਰੱਖਣਾ ਇੱਕ ਸੌਖੀ ਜਿਹੀ ਗੱਲ ਜਾਪਦੀ ਹੈ, ਪਰ ਕਈ ਵਾਰ ਇਸ ਨੂੰ ਕਾਇਮ ਰੱਖਣਾ ਕਾਫ਼ੀ ਔਖਾ ਲਗਦਾ ਹੈ। ਕਦੇ ਕਦੇ ਸਵੈ-ਚਿੰਤਨ ਜ਼ਰੂਰ ਕਰੋ ਅਤੇ ਆਪਣੇ ਇਰਦ-ਗਿਰਦ ਦੇ ਲੋਕਾਂ ਨਾਲ ਆਪਣੀ ਸ਼ੁਕਰਗੁਜ਼ਾਰੀ ਜ਼ਰੂਰ ਸਾਂਝੀ ਕਰੋ। ਜੇ ਤੁਸੀਂ ਲਿਖਣਾ ਪਸੰਦ ਕਰਦੇ ਹੋ, ਤਾਂ ਬਕਾਇਦਗੀ ਨਾਲ ਉਨ੍ਹਾਂ ਚੀਜ਼ਾਂ ਦੀ ਸੂਚੀ ਬਣਾਓ, ਜਿਨ੍ਹਾਂ ਲਈ ਤੁਸੀਂ ਸ਼ੁਕਰਗੁਜ਼ਾਰ ਹੋ।

### 7. ਕਦੇ-ਕਦੇ ਹੱਸਣਾ ਜ਼ਰੂਰ ਚਾਹੀਦਾ

ਹਾਸਾ ਸਭ ਤੋਂ ਵਧੀਆ ਦਵਾਈ ਹੈ। ਜਦੋਂ ਤੁਸੀਂ ਤਣਾਅ ਜਾਂ ਉਦਾਸੀ ਮਹਿਸੂਸ ਕਰ ਰਹੇ ਹੋ, ਤਾਂ ਅਜਿਹੇ ਸਮੇਂ ਅਜਿਹੇ ਕੰਮ ਕਰੋ, ਜੋ ਤੁਹਾਨੂੰ ਹੱਸਣ ਦਾ ਮੌਕਾ ਦੇਣ। ਆਪਣੇ ਮੂਡ ਠੀਕ ਕਰਨ ਲਈ ਮਨਪਸੰਦ ਟੀ.ਵੀ. ਸ਼ੋਅ ਜਾਂ ਫ਼ਿਲਮ ਦੇਖੋ। ਜਾਂ ਮਨਚਾਹਿਆ ਕੋਈ ਹੋਰ ਕੰਮ ਵੀ ਕਰ ਸਕਦੇ ਹੋ, ਜਿਵੇਂ ਕਿ ਕਲੱਬ ਜਾਣਾ ਜਾਂ ਦੋਸਤਾਂ ਦੀ ਮਹਿਫ਼ਲ ਦਾ ਆਨੰਦ ਮਾਨਣਾ। ਨਹਾਉਂਦੇ ਸਮੇਂ ਗਾਣਾ ਗਾ ਕੇ ਅਤੇ ਘਰ ਦੀ ਸਫਾਈ ਕਰਦੇ ਸਮੇਂ ਡਾਂਸ ਕਰਕੇ ਮਨ ਨੂੰ ਚੜ੍ਹਦੀ ਕਲਾ ਵਿਚ ਲਿਆ ਸਕਦੇ ਹੋ। ਡਾਂਸ ਕਰਨ ਨਾਲ ਸਰੀਰ 'ਚ ਤਣਾਅ ਵਾਲੇ ਹਾਰਮੋਨ (ਕੋਰਟੀਸੋਲ) ਘੱਟ ਜਾਂਦੇ ਹਨ।

ਮਾਨਸਿਕ ਸਿਹਤ ਨੂੰ ਸੁਧਾਰਨਾ ਇੱਕ ਲਗਾਤਾਰ ਕੋਸ਼ਿਸ਼ ਹੈ; ਇਹ ਰਾਤੋ-ਰਾਤ ਨਹੀਂ ਵਾਪਰਦੀ। ਆਪਣੀ ਆਦਤਾਂ ਵਿਚ ਸੁਯੋਗ ਤਬਦੀਲੀ ਕਰਦੇ ਹੋਏ ਅਸੀਂ ਆਪਣੀ ਸਰੀਰਕ ਤੇ ਮਾਨਸਿਕ ਸਿਹਤ ਵਿਚ ਸਥਾਈ ਸੁਧਾਰ ਕਰ ਸਕਦੇ ਹਾਂ।

---

# ''ਤੌਹੀਨ''

## ਮਿੰਨੀ ਕਹਾਣੀ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)



ਸ਼ਹਿਰ ਦੀ ਮੰਨੀ-ਪ੍ਰਮੰਨੀ ਦੁਕਾਨ (ਸਿੰਘ ਪਗੜੀ ਹਾਊਸ) 'ਤੇ ਜਾ ਕੇ ਬਖਤੌਰ ਸਿੰਘ ਨੇ ਫਤਹਿ ਸਾਂਝੀ ਉਪਰੰਤ ਕਿਹਾ, ਖਾਲਸਾ ਜੀ ਕੋਈ ਨੀਲੇ ਰੰਗ ਦੀ ਦਸਤਾਰ ਦਿਖਾਉ, ਜਿਸ ਦਾ ਰੰਗ ਨਾ ਉੱਤਰਦਾ ਹੋਵੇ। ਸੂਝਵਾਨ ਦੁਕਾਨਦਾਰ ਨੇ ਕਿਹਾ, ਬਾਬਾ ਜੀ ਦਸਤਾਰ ਵਧੀਆ ਕਵਾਲਿਟੀ ਦੀ ਦਿਆਂਗੇ ਪਰ ਝੂਠਾ ਬਚਨ ਨਹੀਂ ਕਰਨਾ ਕਿਉਂਕਿ ਦੁਨੀਆਂ ਵਿਚ ਅਜਿਹਾ ਕੋਈ ਵੀ ਰੰਗ ਨਹੀਂ, ਜੋ ਸਮੇਂ ਨਾਲ ਨਾ ਉੱਤਰੇ। ਬਖਤੌਰ ਸਿੰਹੋਂ ਕੁਝ ਸਮਾਂ ਦੁਕਾਨਦਾਰ ਵੱਲੋਂ ਸਹਿਜਤਾ ਨਾਲ ਬੋਲੇ ਗਏ ਖੌਹਰੇ ਲਫ਼ਜ਼ਾਂ ਨੂੰ ਸੁਣਨ ਉਪਰੰਤ ਸੋਚਣ ਲਈ ਮਜਬੂਰ ਹੋ ਗਿਆ ਕਿ ਮੈਂ ਇਹ ਕੀ ਸੁਣ ਰਿਹਾਂ, ਜੋ ਅਕਸਰ ਦੁਕਾਨਦਾਰ ਨਹੀਂ ਵਰਤਦੇ ? ਮੌਕੇ ਦੀ ਨਬਜ਼ ਪਛਾਣਦੇ ਹੋਏ ਦੁਕਾਨਦਾਰ ਨੇ ਕਿਹਾ, ਸਰਦਾਰ ਸਾਹਿਬ ਜੋ ਤੁਸਾਂ ਸੁਣਿਐਂ ਮੈਂ ਇਹੋ ਕਿਹਾ ਹੈ, ਮੈਂ ਸਮਝਦਾ ਹਾਂ ਕਿ ਤੁਹਾਨੂੰ ਇਹ ਗੱਲ ਸੁਣਨ ਵਿਚ ਚੰਗੀ ਨਹੀਂ ਲੱਗੀ ਪਰ ਇਹ ਅਸਲੀਅਤ ਹੈ, ਜੇ ਮੈਂ ਤੁਹਾਨੂੰ ਤਸੱਲੀ ਨਾਲ ਕਹਿ ਦਿਆਂ, ਬਹੁਤ ਪੱਕਾ ਰੰਗ ਹੈ। ਜਿਵੇਂ ਅਸੀਂ ਆਮ ਖਰੀਦਦਾਰ ਨੂੰ ਕਹਿੰਦੇ ਹਾਂ, ਤੁਸੀਂ ਖੁਸ਼ ਹੋ ਜਾਣਾ ਸੀ ਪਰ ਸ਼ੁਰੂਆਤ ਵਿਚ ਖਾਲਸਾ ਜੀ ਬੋਲ ਕੇ ਬੋਲਣ ਵਾਲੇ ਬੋਲ ਝੂਠੇ ਹੋ ਜਾਣੇ ਸਨ। ਇਸ ਲਈ ਮੈਂ ਸਪੱਸ਼ਟ ਕਹਿਣਾ, ਵਾਜਬ ਸਮਝਿਆ ਕਿ ਸਤਿਕਾਰਤ ਲਫ਼ਜ਼ਾਂ ਦੀ 'ਤੌਹੀਨ' ਨਾ ਹੋਵੇ ਅਤੇ ਬਖਤੌਰ ਸਿੰਘ ਹੁਰਾਂ ਦੇ ਦਾਹੜੇ ਵੱਲ ਇਸ਼ਾਰਾ ਕਰਕੇ ਕਹਿਣ ਲੱਗਾ, ਇਹ ਵੇਖੋ ਕੁਦਰਤ ਦੀ ਬਖਸ਼ਿਸ਼ ਕੇਸ ਹਨ, ਸਮੇਂ ਨਾਲ ਕਾਲੇ ਤੋਂ ਬੱਗੇ ਹੋ ਗਏ ਹਨ, ਇਹ ਕੁਦਰਤ ਦਾ ਨਿਯਮ ਹੈ। ਅਤੇ ਸਾਨੂੰ ਪ੍ਰਵਾਨ ਕਰਨਾ ਚਾਹੀਦਾ ਹੈ, ਤਾਂ ਹੀ ਪ੍ਰਮਾਤਮਾ ਦੀ ਰਜ਼ਾ ਵਿਚ ਰਾਜ਼ੀ ਰਹਿਣ ਦਾ ਸੰਕਲਪ ਪੂਰਾ ਹੋਵੇਗਾ। ਇਹ ਗੱਲ ਸੁਣ ਬਖਤੌਰ ਸਿਹੋਂ ਦੇ ਹੱਥ ਜੁੜ ਗਏ ਨੇਤਰ ਸੇਜਲ ਹੁੰਦੇ-ਹੁੰਦੇ ਬਚੇ। ਭਰੇ ਹੋਏ ਗਲੇ ਨਾਲ ਸੱਤ ਬਚਨ ਕਹਿ ਕੇ ਕਿਹਾ, ਦੋ ਦਸਤਾਰਾਂ ਇੱਕ ਨੀਲੀ ਅਤੇ ਇੱਕ ਕਾਲੀ ਆਪਣੀ ਮਰਜ਼ੀ ਨਾਲ ਦੇ ਦਿਉ, ਸੱਤ-ਸੱਤ ਗਜ਼ ਦੀਆਂ।

## ਅਸੀਂ ਪੰਜਾਬੀ

ਪੁੱਤ ਹਾਂ ਦੇਸ ਪੰਜਾਬ ਦੇ, ਜੰਮਦਿਆਂ ਨੂੰ ਨਿੱਤ ਮੁਹਿੰਮਾਂ।
ਗੌਰੀ ਬਾਬਰ ਗ਼ਜ਼ਨਵੀ, ਆ ਲਿਤਾੜਿਆ ਜਿਉਂ ਢੀਮਾਂ।
ਸਿਰਾਂ ਦਾ ਮੁੱਲ ਪਾਇਆ, ਜ਼ਕਰੀਏ ਜਿਹੇ ਨੀਮ ਹਕੀਮਾਂ।
ਕੋਹਿਆ ਘੱਲੂਘਾਰਿਆਂ, ਕਰ ਛੱਡਿਆ ਵਾਂਗ ਯਤੀਮਾਂ।

ਚੜ੍ਹ ਕੇ ਆਈਆਂ ਪਲਟਣਾਂ, ਫਰੰਗੀ ਗੋਰੇ ਸ਼ੌਕੀਨਾਂ।
ਗਦਾਰਾਂ ਰਾਜ ਗੁਆ'ਤਾ, 'ਸਰਕਾਰ' ਦੀ ਕਰ ਤੌਹੀਨਾਂ।
'ਤੇਜੇ, ਡੋਗਰੇ' ਰਲ ਗਏ, ਤੱਕਦੇ ਵਾਂਗ ਤਮਾਸ਼ਬੀਨਾਂ।
ਫਿਰ ਵੀ ਰਹੇ ਵੰਗਾਰਦੇ, ਨਾ ਕਦੇ ਮੰਨੀਆਂ ਈਨਾਂ।

ਸੁੱਖੀ ਵੱਸਦਿਆਂ ਨੂੰ ਆਣ, ਸੰਤਾਲੀ ਨੇ ਪਾਏ ਘੇਰੇ।
ਆਪਣੇ ਹੋਏ ਲਹੂ ਲੁਹਾਣ, ਬਹੁਤਿਆਂ ਨਾ ਰੱਖੇ ਜੇਰੇ।
ਸਾੜ ਫੂਕ ਤੇ ਲੁੱਟ ਖੋਹ ਦਾ, ਮੰਜ਼ਰ ਸੀ ਚਾਰ ਚੁਫੇਰੇ।
ਕੋਹੜੀ ਦਾ ਜ਼ੋਰ ਗੱਧੋਲਿਆਂ, ਸੱਥਰ ਵਿਛਾ'ਤੇ ਵਿਹੜੇ।

ਸਿਵੇ ਰਹੇ ਸਦਾ ਬਲਦੇ, ਨਾ ਕਦੇ ਮੁੱਕਦੇ ਇੱਥੇ ਵੈਣ।
ਲੋਹਾ ਲੈਂਦਿਆਂ ਦੁਸ਼ਮਣਾਂ, ਆਪਣਿਆਂ ਨਾਲ ਖਹਿਣ।
ਬਣ ਕੇ ਢਾਲ ਖੜ੍ਹੇ ਸਦਾ, ਤਾਂਕਿ ਸੁਖੀ ਵਸਦੇ ਰਹਿਣ।
ਹੰਢਾਏ ਆਪਣੇ ਮੋਢਿਆਂ 'ਤੇ, ਦੁੱਖ ਸੁੱਖ ਕੀਤੇ ਸਹਿਣ।

ਰਹੀਏ ਚੜ੍ਹਦੀ ਕਲਾ ਵਿਚ, ਗੁਰਾਂ ਨੇ ਫਰਮਾਇਆ।
ਜੰਮਣ ਮਰਨ ਹੁਕਮ ਹੈ, ਜੱਗ ਨੂੰ ਇੰਝ ਸਮਝਾਇਆ।
ਸਾਡਾ ਧੀਰਜ ਬੰਨ੍ਹਿਆ, ਜੀਣ ਦਾ ਢੰਗ ਸਿਖਾਇਆ।
ਚੌਰਾਸੀ ਦੇ ਸੱਲ੍ਹ ਅੱਲੇ ਨੇ, ਭਾਣਾ ਮੰਨਣ ਲਾਇਆ।

ਬੇਅਦਬੀ ਦਾ ਮਾਮਲਾ, ਹੈ ਹੁਣ ਖੂਬ ਗਰਮਾਇਆ।
ਸਰਕਾਰੂ ਅਣਗਹਿਲੀ ਨੇ, ਹੈ ਅੱਜ ਰੰਗ ਦਿਖਾਇਆ।
ਨਾਲੇ ਚਤੁਰ ਨਾਲੇ ਚੋਰ, ਵੈਰੀਆਂ ਰਲ ਕਰਵਾਇਆ।
ਸੋਚੀ ਸਮਝੀ ਚਾਲ ਚੱਲ, ਪੰਜਾਬ ਨੂੰ ਲਾਂਬੂ ਲਾਇਆ।

ਧਰਮਾਂ ਦਾ ਸਤਿਕਾਰ, ਸਦਾ ਅਸੀਂ ਰਹੀਏ 'ਕੱਠੇ।
ਭੰਨ ਦੇਈਏ ਫਿਰ ਨੱਕ, ਸੁੱਟੀਏ ਚੁੱਕ ਖੂਹ 'ਚ ਢੱਠੇ।
ਲਾਵੇ ਜੋ ਅੱਗ ਪੰਜਾਬ ਨੂੰ, ਫਿਰ ਕਿੰਝ ਉਹ ਨੱਠੇ।
ਰੋਕੋ ਸੌੜੀ ਸਿਆਸਤ ਨੂੰ, ਨਿੱਤ ਭੈੜੀ ਪਾਉਂਦੀ ਪੱਠੇ।

ਸੇਵਾ ਸਿੰਘ 'ਨੂਰਪੁਰੀ'

(Punjab Mail USA)



## ਕਦੀ ਨੇਕੀ ਦੇ ਕੰਮ ਵੀ ਕਰ ਲਿਆ ਕਰ ਬੰਦਿਆ

ਐ ਬੰਦੇ! ਤੂੰ ਸਦਾ ਬੁਰੇ ਕੰਮਾਂ ਵਿਚ ਹੀ
ਜਕੜਿਆ ਤਾਂ ਰਹਿੰਦਾ ਏਂ
ਪਰ ਕਦੀਂ ਤੂੰ ਨੇਕੀ ਦੇ ਕੰਮ ਵੀ ਕਰ ਲਿਆ ਕਰ ਬੰਦਿਆ
ਮੁੜ ਕੇ ਨਹੀਂ ਆਉਣਾ ਹੈ ਤੈਂ
ਇਸ ਸੰਸਾਰ ਅੰਦਰ ਬੰਦਿਆ
ਤੂੰ ਪਰਉਪਕਾਰੀ ਬਣ ਕੇ
ਕੁੱਝ ਨੇਕੀ ਦੇ ਕੰਮ ਵੀ ਕਰ ਜਾ ਬੰਦਿਆ
ਜੇ ਤੂੰ ਅਮਰ ਹੋਣਾ ਚਾਹੁੰਦਾ ਏਂ ਬੰਦਿਆ
ਐ ਬੰਦੇ! ਤੂੰ ਕਿਉਂ ਈਰਖਾ ਤੇ ਅਹੰਕਾਰ ਦੀ
ਅੱਗ ਵਿਚ ਸਦਾ ਰਹੇ ਸੜਦਾ
ਤੂੰ ਕਦੀ ਕਿਸੇ ਦੁਖੀ ਦਾ ਦੁੱਖ ਵੀ ਵੰਡਾਇਆ ਕਰ ਬੰਦਿਆ
ਕੀ ਤੂੰ ਕਦੀ ਕਿਸੇ ਦੇ ਵਹਿੰਦੇ ਹੰਝੂ ਵੀ ਪੂੰਝੇ ਬੰਦਿਆ
ਜੇ ਤੇਰੇ ਦਿਲ ਵਿਚ ਦੂਜਿਆਂ ਪ੍ਰਤੀ
ਹਮਦਰਦੀ, ਦਇਆ, ਪਿਆਰ ਤੇ ਸਤਿਕਾਰ ਨਹੀਂ
ਤਾਂ ਕੀ ਤੂੰ ਇਨਸਾਨ ਕਹਾਉਣ ਦਾ
ਅਧਿਕਾਰੀ ਹੈਂ ਬੰਦਿਆ
ਕੀ ਤੂੰ ਕਦੀ ਨਿਰਧਨ, ਨਿਰਦੋਸ਼, ਮਜ਼ਲੂਮ
ਤੇ ਲੋੜਵੰਦ ਦੀ ਕੀਤੀ ਹੈ ਸਹਾਇਤਾ ਬੰਦਿਆ
ਕਦੀ ਪ੍ਰਮਾਤਮਾ ਤੇ ਮੌਤ ਨੂੰ ਵੀ ਯਾਦ ਰੱਖਿਆ ਕਰ ਬੰਦਿਆ
ਜ਼ਿੰਦਗੀ ਨੂੰ ਤੂੰ ਐਵੇਂ ਨਾ ਗੁਆ ਬੰਦਿਆ
ਜ਼ਿੰਦਗੀ ਨੂੰ ਤੂੰ ਕਿਸੇ ਲੇਖੇ ਲਾ ਬੰਦਿਆ
ਤੰਦਰੁਸਤ ਕੀ ਦੁੱਖ ਦੀ ਸਾਰ ਜਾਣੇ
ਦੁੱਖ ਪੁੱਛ ਲਾ ਕਿਸੇ ਮਰੀਜ਼ ਕੋਲੋਂ
ਜਿਸ ਤਨ ਲਾਗੇ ਸੋ ਤਨ ਜਾਣੇ
ਕੌਣ ਜਾਣੇ ਪੀੜ ਪਰਾਈ
ਘਰ ਲੱਗੇ ਤਾਂ ਅੱਗੇ
ਬਾਹਰ ਲੱਗੇ ਤਾ ਬਸੰਤ
ਅਮੀਰ ਕੀ ਜਾਣੇ ਦੁੱਖ ਗਰੀਬੀ ਦੇ
ਦੁੱਖ ਪੁੱਛ ਲਾ ਕਿਸੇ ਗਰੀਬ ਕੋਲੋਂ
ਐ ਬੰਦੇ! ਜੇ ਤੂੰ ਜ਼ਿੰਦਗੀ ਦੇ ਪਲ ਸੁੱਖ ਨਾਲ ਕੱਟਣੇ ਨੇ
ਤਾਂ ਪੱਲੇ ਬੰਨ੍ਹ ਨੇਕੀਆਂ ਦੀ ਗੰਢ
ਜਿਵੇਂ ਸੂਮ ਬੰਨਦਾ ਹੈ ਪੈਸਿਆਂ ਦੀ ਗੰਢ

-ਮਾਸਟਰ ਨਿਰਮਲ ਸਿੰਘ ਲਾਲੀ, ਯੂਬਾ ਸਿਟੀ
530-777-0955

(Punjab Mail USA)



## ਸੁਣ ਯਾਰ ਪੰਜਾਬਿਆ ਓਏ (ਗੀਤ)

ਸੁਣ ਯਾਰ ਪੰਜਾਬਿਆ ਓਏ ਦਿਲਦਾਰ ਪੰਜਾਬਿਆ ਓਏ
ਕਰ ਤਿੱਖੀ ਫਿਰ ਆਪਣੀ ਤੂੰ ਲਿਸ਼ਕਾਰ ਗੁਲਾਬਿਆ ਓਏ

ਤੈਨੂੰ ਢਾਹੁਣ ਨੂੰ ਫਿਰਦੇ ਨੇ ਤੇਰੇ ਦੁਸ਼ਮਣ ਸਾਰੇ ਰਲ ਕੇ
ਤੂੰ ਬੇਫਿਕਰਾ ਫਿਰਦੈਂ ਕੱਲ੍ਹ ਨੂੰ ਰਹਿ ਜਾਣਾ ਹੱਥ ਮਲ ਕੇ
ਉੱਠ ਸ਼ੇਰ ਨਲਵਿਆ ਤੂੰ ਦੇ ਭਬਕਾਰ ਪੰਜਾਬਿਆ ਓਏ
ਕਰ ਤਿੱਖੀ ਫਿਰ ਆਪਣੀ ਤੂੰ ਲਿਸ਼ਕਾਰ ਗੁਲਾਬਿਆ ਓਏ

ਨਸ਼ਿਆਂ ਦੀ ਦਲਦਲ ਨੇ ਤੇਰੀਆਂ ਜੜ੍ਹਾਂ 'ਚ ਤੇਲ ਹੈ
ਭਰ'ਤਾ
ਅੰਜਾਮ ਦੇ ਰਿਹਾ ਏ ਸਾਜ਼ਿਸ਼ ਨੂੰ ਕੋਈ ਸਾਜ਼ਿਸ਼ ਕਰਤਾ
ਘਰ-ਘਰ ਵੰਡ ਮੌਤ ਰਿਹਾ ਚੁੱਕ ਤਲਵਾਰ ਪੰਜਾਬਿਆ ਓਏ
ਕਰ ਤਿੱਖੀ ਫਿਰ ਆਪਣੀ ਤੂੰ ਲਿਸ਼ਕਾਰ ਗੁਲਾਬਿਆ ਓਏ

ਤੇਰੇ ਖੋਹ ਕੇ ਪਾਣੀਆਂ ਨੂੰ ਤੈਨੂੰ ਬੰਜਰ ਚਾਹੁੰਦੇ ਕਰਨਾ
ਤੂੰ ਡੱਟ ਕੇ ਪਹਿਰਾ ਦੇ ਗਿੱਦੜ ਭਬਕੀਆਂ ਤੋਂ ਨਹੀਂ ਡਰਨਾ
ਬਣ ਸ਼ੇਰ ਬਹਾਦਰ ਤੂੰ ਮਾਰ ਦਹਾੜ ਪੰਜਾਬਿਆ ਓਏ
ਕਰ ਤਿੱਖੀ ਫਿਰ ਆਪਣੀ ਤੂੰ ਲਿਸ਼ਕਾਰ ਗੁਲਾਬਿਆ ਓਏ

ਤੂੰ ਭੁੱਲ ਗਿਆ ਮਾਂ ਬੋਲੀ ਮਾਸੀ-ਮਾਸੀ ਕਹਿ ਪੁਚਕਾਰੇਂ
ਜਿਸ ਲੋਰੀਆਂ ਦਿੱਤੀਆਂ ਸੀ ਬੋਲੀ ਮਾਂ ਕਿਉਂ ਮਨੋਂ ਵਿਸਾਰੇਂ
ਲਿਖ ਬੋਲ ਪੰਜਾਬੀ ਤੂੰ ਕਰ ਪ੍ਰਚਾਰ ਪੰਜਾਬਿਆ ਓਏ
ਕਰ ਤਿੱਖੀ ਫਿਰ ਆਪਣੀ ਤੂੰ ਲਿਸ਼ਕਾਰ ਗੁਲਾਬਿਆ ਓਏ

ਤੇਰੇ ਗੀਤਾਂ ਵਿਚ ਅੱਜਕੱਲ੍ਹ ਕਾਹਨੂੰ ਪਿਸਟਲ-ਪਿਸਟਲ ਹੋਈ
ਹੱਥ ਧਰ ਲਏ ਕੰਨਾਂ 'ਤੇ ਹਰ ਅੱਖ ਸੁਹਿਰਦ ਹੈ ਰੋਈ
ਜੰਮ ਯਮਲਿਆਂ ਵਰਗੇ ਤੂੰ ਫਿਰ ਫ਼ਨਕਾਰ ਪੰਜਾਬਿਆ ਓਏ
ਕਰ ਤਿੱਖੀ ਫਿਰ ਆਪਣੀ ਤੂੰ ਲਿਸ਼ਕਾਰ ਗੁਲਾਬਿਆ ਓਏ

ਸੁਣ ਯਾਰ ਪੰਜਾਬਿਆ ਓਏ ਦਿਲਦਾਰ ਪੰਜਾਬਿਆ ਓਏ
ਕਰ ਤਿੱਖੀ ਫਿਰ ਆਪਣੀ ਤੂੰ ਲਿਸ਼ਕਾਰ ਗੁਲਾਬਿਆ ਓਏ

- ਨਿਰਮਲ ਸਿੰਘ ਰੱਤਾ, ਅੰਮ੍ਰਿਤਸਰ।
84270-07623

## ਗੀਤ ਮੇਰੇ

ਗੀਤ ਮੇਰੇ ਜਦ ਆਉਣਗੇ ਚੇਤੇ
ਮੇਰੀ ਕਲਮ ਨਾ ਗੱਲਾਂ ਕਰ ਲਈਂ ਤੂੰ।
ਮੇਰੀ ਲਿਖੀ ਕਿਤਾਬ ਦਾ ਕੋਈ
ਖੋਲ੍ਹ ਕੇ ਪੰਨਾ ਪੜ੍ਹ ਲਈਂ ਤੂੰ।

ਮਾਂ ਬੋਲੀ ਦੀ ਸੇਵਾ ਕਰਨੀ
ਮੇਰੀ ਆਦਤ ਬਣ ਗਈ ਏ
ਪੰਜਾਬੀਅਤ ਅਤੇ ਪੰਜਾਬ, ਪੰਜਾਬੀ
ਮੇਰੀ ਇਬਾਦਤ ਬਣ ਗਈ ਏ
ਸ਼ਬਦਾਂ ਵਿਚ ਗੁਆਚ ਗਿਆ ਜੇ
ਪੁਸਤਕ ਬਣਕੇ ਮੜ੍ਹ ਲਈਂ ਤੂੰ।
ਗੀਤ ਮੇਰੇ.......।

ਕਵਿਤਾ, ਗੀਤਾਂ ਵਿਚ ਹੈ ਵਸਦੀ
ਰੂਹ ਮੇਰੀ ਮਰਜਾਣੀ ਤਾਂ
ਰੂਹ ਤੇਰੀ 'ਚੋਂ ਗੀਤ ਮੈਂ ਲੱਭਦਾ
ਬਣਦੀ ਕੋਈ ਕਹਾਣੀ ਤਾਂ
ਪਿਆਸ ਲੱਗੇ ਜਦ ਦੀਦ ਮੇਰੀ ਦੀ
ਕਵਿਤਾ 'ਚੋਂ ਘੁੱਟ ਭਰ ਲਈਂ ਤੂੰ।
ਗੀਤ ਮੇਰੇ ........।

ਮੈਂ ਤੇਰੇ ਹਾਂ ਦਿਲ ਵਿਚ ਵਸਦਾ
ਤੂੰ ਮੇਰੇ ਦਿਲ ਵਸਨੀ ਏਂ
ਮੈਂ ਲਿਖਦਾ ਹਾਂ ਗੀਤ ਕੋਈ
ਤੂੰ ਗੁੱਝਾ ਜਦ ਹੱਸਨੀ ਏ
ਜੇ ਕਿਧਰੇ ਮੇਰਾ ਪਿਆ ਵਿਛੋੜਾ
ਧੀਰਜ ਅੜੀਏ ਧਰ ਲਈਂ ਤੂੰ।
ਗੀਤ ਮੇਰੇ..............।

ਮੇਰੇ ਰਾਹਾਂ ਵਿਚ ਮੇਰੇ ਸਾਹਾਂ
ਤੂੰ ਧੜਕਣ ਹੈਂ ਦਿਲ ਮੇਰੇ ਦੀ
ਤੂੰ ਮੇਰੇ ਬਿਨਾਂ ਉਦਾਸ ਰਹੇਂ
ਮੈਂ ਵੀ ਜਾਣਾ ਦਿਲ ਤੇਰੇ ਦੀ
ਯਾਦ ਆਊ ਮਲਕੀਤ ਕਦੇ ਜਦ
ਸਤਿਗੁਰ ਦਾ ਪੱਲਾ ਫੜ ਲਈਂ ਤੂੰ।
ਗੀਤ ਮੇਰੇ ਜਦ ਆਉਣਗੇ ਚੇਤੇ....।

ਮਲਕੀਤ ਸਿੰਘ ਗਿੱਲ ਭੱਠਲਾਂ
79865-28225
(Punjab Mail USA)



## ਠੀਕ ਨਹੀਂ ਹੈ

ਨਿੱਕੀ-ਨਿੱਕੀ ਗੱਲ 'ਤੇ ਰੋਣਾ
ਠੀਕ ਨਹੀਂ ਹੈ।
ਸਦਾ ਹੀ ਕੰਮ ਤੋਂ ਜੀਅ ਚੁਰਾਉਣਾ
ਠੀਕ ਨਹੀਂ ਹੈ।

ਫੁੱਲਾਂ ਵਾਂਗੂੰ ਵੰਡੀਏ ਖੇੜਾ
ਕਦੇ ਨਾ ਰੁਕੀਏ, ਚਲਦੇ ਜਾਈਏ।
ਠੰਡ ਵਰਤਾਈਏ ਹਵਾ ਦੇ ਵਾਂਗੂੰ
ਕੰਡਿਆਂ ਵਿਚ ਵੀ ਰਹਿ ਮੁਸਕਾਈਏ।
ਵਿਹਲੇ ਰਹਿ ਕੇ ਸਮਾਂ ਗੁਆਉਣਾ
ਠੀਕ ਨਹੀਂ ਹੈ।

ਉੱਠ ਕੇ ਸੈਰ ਸਵੇਰੇ ਕਰੀਏ
ਘਰ ਦੇ ਕੰਮ 'ਚ ਹੱਥ ਵਟਾਈਏ।
ਹੋਵੇ ਦੂਰ ਨਿਰਾਸ਼ਾ ਸਾਥੋਂ
ਕਦੇ ਵੀ ਮੱਥੇ ਵੱਟ ਨਾ ਪਾਈਏ।
ਦੇਰ-ਦੇਰ ਤੱਕ ਸੁੱਤਿਆਂ ਰਹਿਣਾ
ਠੀਕ ਨਹੀਂ ਹੈ।

ਕੰਮ ਕਰੋ ਜੀਵਨ ਵਿਚ ਐਸੇ
ਹਰਦਮ ਹਰ ਥਾਂ ਕਰੋ ਭਲਾਈ।
ਭੁੱਲ ਕੇ ਕਦੇ ਵੀ ਨਾ ਕਰ ਬਹੀਏ
ਇੱਕ-ਦੂਜੇ ਨਾਲ ਹੱਥੋਪਾਈ।
ਦੁਖੀ ਬੰਦੇ ਨੂੰ ਹੋਰ ਸਤਾਉਣਾ
ਠੀਕ ਨਹੀਂ ਹੈ।

ਵੇਖ ਕੇ ਚਾਦਰ ਪੈਰ ਪਸਾਰੋ
ਕਦੇ ਨਾ ਕਰੀਏ ਲੋਕ-ਵਿਖਾਵਾ।
ਨਾਸ਼ ਨਸ਼ਾ ਤਨ-ਮਨ ਨੂੰ ਕਰਦਾ
ਏਹਦੇ ਕੋਲ ਨਾ ਜਾਈਂ ਭਰਾਵਾ।
ਕੀਤੇ 'ਤੇ ਪਿੱਛੋਂ ਪਛਤਾਉਣਾ
ਠੀਕ ਨਹੀਂ ਹੈ।

ਥਾਂ-ਥਾਂ ਉੱਤੇ ਰੁੱਖ ਲਗਾ ਕੇ
ਪ੍ਰਦੂਸ਼ਣ ਦੀ ਮਾਰ ਘਟਾਉਣੀ।
'ਰੂਹੀ' ਵਾਂਗੂੰ ਮਿਹਨਤ ਕਰਕੇ
ਧੀਆਂ ਦੀ ਹੈ ਕਦਰ ਵਧਾਉਣੀ।
ਗਿਰਗਟ ਵਾਂਗੂੰ ਰੰਗ ਬਦਲਣਾ
ਠੀਕ ਨਹੀਂ ਹੈ।

-ਪ੍ਰੋ. ਨਵ ਸੰਗੀਤ ਸਿੰਘ
# ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ-151302
ਬਠਿੰਡਾ : 94176-92015.
(Punjab Mail USA)



## ਪੱਥਰ

ਹੁਣ ਕੋਈ ਮਾੜਾ ਵੀ ਕਹਿ ਲਏ
ਕੋਈ ਫ਼ਰਕ ਨਹੀਂ ਪੈਂਦਾ,
ਕਿਸੇ ਦੇ ਚੰਗਾ ਕਹਿਣ ਨਾਲ
ਜ਼ਿਆਦਾ ਖੁਸ਼ੀ ਮਹਿਸੂਸ ਨਹੀਂ ਹੁੰਦੀ,
ਸੁਪਨੇ ਵੇਖਣੇ ਬੰਦ ਹਨ...
ਜੋ ਕਿਸਮਤ ਵਿਚ ਹੋਵੇਗਾ
ਉਹ ਹਰ ਹਾਲ ਵਿਚ ਹੋ ਕੇ ਰਹਿਣਾ ਹੈ।

ਜਿੰਨੀ ਪ੍ਰਮਾਤਮਾ ਨੇ ਜ਼ਿੰਦਗੀ ਲਿਖੀ ਹੈ
ਉਹ ਹਰ ਹਾਲ ਵਿਚ ਜੀਣੀ ਪੈਣੀ ਹੈ,
ਨਾ ਸਾਡੇ ਕਹਿਣ ਨਾਲ ਕੋਈ ਮਰਦਾ ਹੈ
ਨਾ ਕਿਸੇ ਦੇ ਕਹਿਣ 'ਤੇ ਅਸੀਂ ਮਰਨਾ ਹੈ,
ਆਪਣੀ-ਆਪਣੀ ਵਾਰੀ ਆਉਣ 'ਤੇ
ਸਭ ਨੇ ਇੱਥੋਂ ਚਲਦੇ ਬਣਨਾ ਹੈ,
ਜ਼ਿੰਦਗੀ ਜਿਵੇਂ ਦੀ ਵੀ ਹੈ
ਔਖੀ ਸੌਖੀ ਸਭ ਨੇ ਜੀਅ ਲੈਣੀ ਹੈ।

ਹੁਣ ਕੋਈ ਖੁਆਇਸ਼ ਨਹੀਂ ਹੈ
ਕਿਸੇ ਦੀ ਉਡੀਕ ਵੀ ਨਹੀਂ ਹੈ,
ਕਿਸੇ ਦੀ ਖੁਸ਼ੀ ਵਿਚ ਜ਼ਿਆਦਾ
ਖੁਸ਼ ਨਹੀਂ ਹੋਈਦਾ ਹੈ,
ਉਦਾਸੀ ਵਿਚ ਵੀ
ਉਹ ਦਰਦ ਮਹਿਸੂਸ ਨਹੀਂ ਹੁੰਦਾ ਹੈ,
ਬੱਸ ਹੁਣ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ
ਕਿ ਜਿਵੇਂ ਮੈਂ ਪੱਥਰ ਬਣਦਾ ਜਾ ਰਿਹਾ ਹਾਂ।

- ਗੁਰਪ੍ਰੀਤ ਸਿੰਘ ਵਿੱਕੀ
ਮੋਬ : 82848-88700
(Punjab Mail USA)



## ਲਛਮਣ ਰੇਖਾ

ਕੀ ਇਮਾਨਦਾਰ ਹੋਣਾ,
ਸਭ ਲਈ ਖੁਸ਼ ਹੋਣਾ,
ਚੰਗਾ ਇਨਸਾਨ ਹੋਣਾ,
ਹੀ ਕਾਫੀ ਨਹੀਂ ਹੁੰਦਾ?
ਕੀ ਮਨਘੜ੍ਹਤ ਜ਼ਿੰਮੇਵਾਰੀਆਂ ਨੂੰ
ਨਿਭਾਉਣਾ ਹੀ ਸਭ ਕੁਛ ਹੁੰਦੈ?
ਕੀ ਇਨਸਾਨੀਅਤ ਦਾ,
ਕੋਈ ਵਜੂਦ ਨਹੀਂ?
ਕੀ ਚੰਗਿਆਈ ਦੀ,
ਕੋਈ ਕੀਮਤ ਨਹੀਂ?
ਜੇ ਦਿਖਾਵਾ ਹੀ ਸਭ ਕੁਛ ਹੈ,
ਤਾਂ ਫਿਰ, ਚੰਗੇ ਹੋਣ ਦਾ
ਢਿੰਡੋਰਾ ਕਿਉਂ ਪਿੱਟਿਆ ਜਾਂਦੈ?
ਕੀ ਤੁਹਾਨੂੰ ਕੋਈ ਹੱਕ ਨਹੀਂ
ਕਿ ਜੋ ਤੁਸੀਂ ਹੋ, ਓਹੀ ਬਣ ਕੇ ਰਹੋ?
ਕੀ ਇੱਕ ਇਨਸਾਨ ਹੋਣਾ,
ਇੱਕ ਸ਼ਰਾਪ ਵਾਂਗ ਹੈ?
ਕਿਉਂਕਿ ਪਰਿੰਦਿਆਂ 'ਤੇ ਤਾਂ
ਕੋਈ ਬੰਦਿਸ਼ ਨਹੀਂ ਹੁੰਦੀ!
ਪਹਿਲਾਂ ਦੁਨੀਆਂ ਨੂੰ ਖੁਸ਼ ਕਰੀਏ?
ਜਾਂ ਖ਼ੁਦ ਨੂੰ...?

-ਖੁਸ਼ਦੀਪ ਬਰਾੜ
(Punjab Mail USA)



## ਖਾਰਾਂ

ਫ਼ਨਕਾਰਾਂ, ਸ਼ਾਇਰਾਂ ਆਪਾ ਵੇਚਿਆ,
ਸ਼ਰੇਆਮ ਵਿਕਦੇ ਵਿਚ ਬਜ਼ਾਰਾਂ।
ਦੱਬ ਗਿਆ ਪ੍ਰੇਮ ਵਿਚ ਦਿਲਾਂ 'ਚ,
ਕਿਵੇਂ ਖਰੀਦੀਏ ਮਹਿੰਗੇ ਚਾਵਾਂ,
ਬੰਦਾ ਬੰਦੇ ਦੇ ਪੈਰਾਂ ਨੂੰ ਵਾਹਵੇ,
ਵਾਸਾ ਹਵਸ ਦਾ ਵਿਚ ਦਿਲਦਾਰਾਂ।
ਤਮਾਸ਼ਾ ਬਣ ਪ੍ਰੇਮ ਰਹਿ ਗਿਆ,
ਏਥੇ ਬੰਨਣ ਧਰਮ ਦੀਵਾਰਾਂ।
ਹਰ ਥਾਂ ਖੜ੍ਹੀ ਹੈ ਮਾਇਆ,
ਪੈਦਾਂ ਹਰ ਥਾਂ ਚੀਕ ਚਿਹਾੜਾ।
ਵਫ਼ਾਦਾਰ ਕਰੇ ਜੋ ਧੋਖਾ,
ਜ਼ਿੰਦਗੀ ਬਦਲੇ ਵਿਚ ਤਤਕਾਰਾਂ।
'ਜਗਜੀਤ ਸਿੰਘਾਂ' ਦਰਦ ਜਾਣ ਲੈ,
ਰੁੜ ਜਾਈਏ ਵਿਚ ਨਾ ਖਾਰਾਂ।

-ਜਗਜੀਤ ਸਿੰਘ ਝੱਤਰਾ
ਪ੍ਰਧਾਨ, ਲਿਖਾਰੀ ਸਭਾ ਪਿੰਡ ਝੱਤਰਾ,
ਤਹਿਸੀਲ ਜ਼ੀਰਾ, ਜਿਲ੍ਹਾ ਫਿਰੋਜ਼ਪੁਰ।
ਮੋਬਾ-78144-90249
(Punjab Mail USA)




REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Elk Grove
Bradshaw
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567